@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Thursday, 26 February 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 26 ਫਰਵਰੀ 2026, 14 ਫੱਗਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 113, qpatrika@gmail.com ਫੋਨ : 9971359517 www.qaumipatrika.org

# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕਿਸਾਨਾਂ ਨੂੰ ਵੱਡੀ ਸੌਗਾਤ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਮਖੂ, 25 ਫਰਵਰੀ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਫਿਰੋਜ਼ਪੁਰ ਫੀਡਰ ਨਹਿਰ ਦੇ ਨਵੀਨੀਕਰਨ ਦੇ ਪਹਿਲੇ ਪੜਾਅ ਦਾ ਉਦਘਾਟਨ ਕਰਦਿਆਂ ਇਸ ਨੂੰ ਕਿਸਾਨਾਂ ਲਈ ਇਤਿਹਾਸਕ ਤੋਹਫਾ ਦੱਸਿਆ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਇਹ ਇਤਿਹਾਸਕ ਕਦਮ ਸਿੱਧ ਹੋਵੇਗਾ। ਇਸ ਨਹਿਰ ਨੂੰ ਮਾਲਵਾ ਖੇਤਰ ਦੀ ਜੀਵਨ ਰੇਖਾ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਪ੍ਰਾਜੈਕਟ ਫਿਰੋਜ਼ਪੁਰ, ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ ਅਤੇ ਫਾਜ਼ਿਲਕਾ ਜ਼ਿਲ੍ਹਿਆਂ ਲਈ ਵਰਦਾਨ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਨਾਲ ਸਿੰਚਾਈ ਸਮਰੱਥਾ ਵਧੀ ਹੈ ਜਿਸ ਨਾਲ ਪੰਜਾਬ ਦੇ ਖੇਤਾਂ ਵਿੱਚ ਨਹਿਰੀ ਪਾਣੀ ਦੀ ਪਹੁੰਚ ਹੋਰ ਵਧੇਗੀ। 180 ਕਰੋੜ ਰੁਪਏ ਦੀ ਲਾਗਤ ਵਾਲੇ ਇਸ ਪ੍ਰਾਜੈਕਟ ਨਾਲ ਇਸ ਨਹਿਰ ਦੀ ਸਮਰੱਥਾ ਵਿੱਚ 2681 ਕਿਊਸਿਕ ਦਾ ਵਾਧਾ ਹੋਇਆ ਹੈ ਜਿਸ ਨਾਲ ਇਸ ਦੀ ਸਮਰੱਥਾ 11,192 ਕਿਊਸਿਕ ਤੋਂ ਵਧ ਕੇ 13,873 ਕਿਊਸਿਕ ਹੋ ਗਈ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਪਿਛਲੀਆਂ ਸਰਕਾਰਾਂ 74 ਸਾਲਾਂ ਤੱਕ ਨਹਿਰ ਦੀ ਸਮਰੱਥਾ ਵਧਾਉਣ ਜਾਂ ਕੰਕਰੀਟ ਲਾਈਨਿੰਗ ਕਰਨ ਵਿੱਚ ਅਸਫਲ ਰਹੀਆਂ, ਪਰ ਮੌਜੂਦਾ ਸਰਕਾਰ ਨੇ ਜ਼ਮੀਨੀ ਪੱਧਰ 'ਤੇ ਵੱਡੇ ਸੁਧਾਰ ਕੀਤੇ ਹਨ। ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਦੀ ਸਰਕਾਰ ਨੇ ਸੱਤਾ ਸੰਭਾਲੀ ਸੀ ਤਾਂ ਪੰਜਾਬ ਦੇ ਖੇਤਾਂ ਤੱਕ ਸਿਰਫ਼ 21 ਨਹਿਰੀ ਪਾਣੀ ਪਹੁੰਚਦਾ ਸੀ, ਜਦੋਂ ਕਿ ਅੱਜ ਇਹ 68 ਫੀਸਦੀ ਤੱਕ ਪਹੁੰਚ ਗਿਆ ਹੈ, ਜਿਸ ਨਾਲ ਸੂਬੇ ਭਰ ਵਿੱਚ ਸਿੰਚਾਈ ਵਿਵਸਥਾ ਵਿੱਚ ਕ੍ਰਾਂਤੀਕਾਰੀ ਸੁਧਾਰ ਹੋਇਆ ਹੈ। ਮੁੱਖ ਮੰਤਰੀ ਨੇ ਅੱਜ ਮੁੜ ਕਿਹਾ ਕਿ ਪੰਜਾਬ ਕੋਲ ਕਿਸੇ ਹੋਰ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਿੱਤ ਸਭ ਤੋਂ ਉੱਪਰ ਹਨ ਅਤੇ ਕਿਸੇ ਹੋਰ ਸੂਬੇ ਨੂੰ ਪਾਣੀ ਦੀ ਇੱਕ ਬੂੰਦ ਵੀ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਅਕਾਲੀ ਦਲ ਦੀਆਂ ਸਰਕਾਰਾਂ ਨੇ ਪਾਣੀ ਦੂਜੇ ਸੂਬਿਆਂ ਨੂੰ ਦੇਣ ਲਈ ਸਮਝੌਤਿਆਂ 'ਤੇ ਦਸਤਖਤ ਕਰਕੇ ਪੰਜਾਬ ਨਾਲ ਗੱਦਾਰੀ ਕੀਤੀ ਹੈ। ਉਨ੍ਹਾਂ ਨੇ ਅਕਾਲੀ ਦਲ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਜਿਸ ਪਾਰਟੀ ਨੂੰ ਕਮੇਟੀ ਬਣਾਉਣ ਲਈ 11 ਮੈਂਬਰ ਨਹੀਂ ਮਿਲ ਰਹੇ, ਉਹ ਪੰਜਾਬ ਵਿੱਚ 117 ਸੀਟਾਂ ਜਿੱਤਣ ਦਾ ਸੁਪਨਾ ਦੇਖ ਰਹੀ ਹੈ। ਇਸ ਮੌਕੇ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਅੱਜ ਪੰਜਾਬ ਦੇ ਲੋਕਾਂ ਲਈ ਖਾਸ ਕਰਕੇ ਮਾਲਵਾ ਖੇਤਰ ਲਈ ਇਤਿਹਾਸਕ ਅਤੇ ਖੁਸ਼ੀ ਭਰਿਆ ਦਿਨ ਹੈ। ਮਾਲਵਾ ਖੇਤਰ ਦੇ ਕਈ ਜ਼ਿਲ੍ਹਿਆਂ ਦੀ ਜੀਵਨ ਰੇਖਾ ਮੰਨੀ ਜਾਂਦੀ ਫਿਰੋਜ਼ਪੁਰ ਫੀਡਰ ਨਹਿਰ ਦੇ ਨਵੀਨੀਕਰਨ (ਰੀਲਾਈਨਿੰਗ) ਦੇ ਪਹਿਲੇ ਪੜਾਅ ਦਾ ਅੱਜ ਉਦਘਾਟਨ ਕੀਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ, ਨਵੀਨੀਕਰਨ ਨਾਲ ਇਹ ਨਹਿਰ ਮਨੁੱਖਾਂ, ਪਸ਼ੂਆਂ ਅਤੇ ਖੇਤੀਬਾੜੀ ਖੇਤਰ, ਸਭ ਦੀਆਂ ਪਾਣੀ ਦੀਆਂ ਲੋੜਾਂ ਨੂੰ ਪੂਰਾ ਕਰਕੇ ਵਰਦਾਨ ਸਾਬਤ ਹੋਵੇਗੀ। ਮੁੱਖ ਮੰਤਰੀ ਨੇ ਕਿਹਾ, "ਪਹਿਲੇ ਪੜਾਅ 'ਤੇ 180 ਕਰੋੜ ਰੁਪਏ ਦਾ ਖਰਚਾ ਆਇਆ ਹੈ। ਮੈਂ ਇੰਜੀਨੀਅਰਾਂ, ਸਰਕਾਰੀ ਅਧਿਕਾਰੀਆਂ ਅਤੇ ਕਾਮਿਆਂ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ 35 ਦਿਨਾਂ ਦੇ ਅੰਦਰ 15 ਕਿਲੋਮੀਟਰ ਨਹਿਰ ਦੀ ਲਾਈਨਿੰਗ ਨੂੰ ਜੰਗੀ ਪੱਧਰ 'ਤੇ ਪੂਰਾ ਕੀਤਾ।"ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਲਈ ਕੁੱਲ 126 ਸਰਕਾਰੀ ਮੁਲਾਜ਼ਮ ਅਤੇ 4,000 ਕਾਮੇ ਤਾਇਨਾਤ ਕੀਤੇ ਗਏ ਸਨ। ਉਨ੍ਹਾਂ ਕਿਹਾ, "ਪਹਿਲੇ ਪੜਾਅ ਦੇ ਉਦਘਾਟਨ ਦੇ ਨਾਲ ਨਹਿਰ ਦੀ ਸਮਰੱਥਾ 2,681 ਕਿਊਸਿਕ ਵਧ ਗਈ ਹੈ। ਪਹਿਲਾਂ, ਨਹਿਰ ਦੀ ਸਮਰੱਥਾ 11,192 ਕਿਊਸਿਕ ਸੀ, ਜੋ ਹੁਣ ਵਧ ਕੇ 13,873 ਕਿਊਸਿਕ ਹੋ ਗਈ ਹੈ।" ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ, "ਨਹਿਰ ਦੀ ਡੂੰਘਾਈ 18 ਫੁੱਟ ਤੋਂ ਵਧ ਕੇ 21 ਫੁੱਟ ਹੋ ਗਈ ਹੈ ਅਤੇ ਨਹਿਰ ਦੀ ਚੌੜਾਈ 163 ਫੁੱਟ ਤੋਂ ਵਧ ਕੇ 180 ਫੁੱਟ ਹੋ ਗਈ ਹੈ।"ਹਰੀਕੇ ਹੈੱਡਵਰਕਸ ਤੋਂ ਸ਼ੁਰੂ ਹੋਈ ਇਹ ਨਹਿਰ ਫਿਰੋਜ਼ਪੁਰ, ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ ਅਤੇ ਫਾਜ਼ਿਲਕਾ ਦੇ ਚਾਰ ਜ਼ਿਲ੍ਹਿਆਂ ਦੇ ਅਧੀਨ ਆਉਂਦੇ ਖੇਤਰਾਂ ਨੂੰ ਸਿੰਚਾਈ ਸਹੂਲਤਾਂ ਪ੍ਰਦਾਨ ਕਰਦੀ ਹੈ। "ਇਸ ਨਹਿਰ ਦੇ ਨਵੀਨੀਕਰਨ ਨਾਲ ਇਨ੍ਹਾਂ ਚਾਰ ਜ਼ਿਲ੍ਹਿਆਂ ਦੇ 14 ਬਲਾਕਾਂ ਗਿੱਦੜਬਾਹਾ, ਮਖੂ, ਮਮਦੋਟ, ਬੱਲੂਆਣਾ, ਜਲਾਲਾਬਾਦ, ਗੁਰੂ ਹਰ ਸਹਾਏ, ਅਰਨੀਵਾਲਾ, ਖੂਈਆਂ ਸਰਵਰ, ਲੰਬੀ, ਮਲੋਟ, ਫਾਜ਼ਿਲਕਾ, ਮੁਕਤਸਰ ਅਤੇ ਫਿਰੋਜ਼ਪੁਰ ਨੂੰ ਸਿੱਧਾ ਲਾਭ ਹੋਵੇਗਾ।" ਮੁੱਖ ਮੰਤਰੀ ਨੇ ਕਿਹਾ, "ਇਸ ਨਹਿਰ ਦੀ ਰੀਲਾਈਨਿੰਗ ਨਾਲ 6,45,200 ਹੈਕਟੇਅਰ ਰਕਬੇ ਨੂੰ ਸਿੰਚਾਈ ਦਾ ਪਾਣੀ ਮਿਲੇਗਾ। ਹੁਣ ਅੰਤਰਰਾਸ਼ਟਰੀ ਸਰਹੱਦ ਨਾਲ ਲੱਗਦੇ ਸਰਹੱਦੀ ਖੇਤਰਾਂ ਖਾਸ ਕਰਕੇ ਫਾਜ਼ਿਲਕਾ ਅਤੇ ਜਲਾਲਾਬਾਦ ਨੂੰ ਫਿਰੋਜ਼ਪੁਰ ਫੀਡਰ ਰਾਹੀਂ ਪਾਣੀ ਦੀ ਸਪਲਾਈ ਦਿੱਤੀ ਜਾਵੇਗੀ।"ਉਨ੍ਹਾਂ ਦੱਸਿਆ ਕਿ ਪਹਿਲਾਂ ਹੁਸੈਨੀਵਾਲਾ ਹੈੱਡਵਰਕਸ ਤੋਂ ਫੀਡਰ ਰਾਹੀਂ ਪਾਕਿਸਤਾਨ ਨੂੰ ਪਾਣੀ ਜਾਂਦਾ ਹੈ ਅਤੇ ਦੂਸ਼ਿਤ ਪਾਣੀ ਪਾਕਿਸਤਾਨ ਦੇ ਕਸੂਰ ਸ਼ਹਿਰ ਨੇੜੇ ਵਗਦੇ ਸਤਲੁਜ ਦਰਿਆ ਵਿੱਚ ਛੱਡਿਆ ਜਾ ਰਿਹਾ ਹੈ, ਜੋ ਦੇਸ਼ ਵਿੱਚ ਦੁਬਾਰਾ ਦਾਖਲ ਹੁੰਦਾ ਹੈ। ਉਨ੍ਹਾਂ ਕਿਹਾ ਕਿ "ਸਰਹੱਦੀ ਪਿੰਡਾਂ ਨੂੰ ਦੂਸ਼ਿਤ ਪਾਣੀ ਮਿਲਦਾ ਹੈ ਪਰ ਹੁਣ ਧਰਤੀ ਹੇਠਲੇ ਪਾਣੀ ਨੂੰ ਵਧਾਉਣ ਅਤੇ ਪਿੰਡਾਂ ਨੂੰ ਸਾਫ਼ ਪਾਣੀ ਸਪਲਾਈ ਕਰਨ ਲਈ ਵਾਟਰ ਰੀਚਾਰਜ ਸਿਸਟਮ ਸ਼ੁਰੂ ਕੀਤਾ ਗਿਆ ਹੈ।" ਨਹਿਰਾਂ ਦੇ ਨਵੀਨੀਕਰਨ ਲਈ ਪਹਿਲੇ ਕੰਮਾਂ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪਿਛਲੇ ਸਾਲ, ਸਰਹਿੰਦ ਫੀਡਰ ਦੀ ਲਾਈਨਿੰਗ ਦਾ ਕੰਮ, ਜੋ ਕਿ ਫਿਰੋਜ਼ਪੁਰ ਫੀਡਰ ਸਿਸਟਮ ਦਾ ਹੀ ਹਿੱਸਾ ਹੈ, ਪੂਰਾ ਹੋ ਗਿਆ ਸੀ। ਫਿਰੋਜ਼ਪੁਰ ਫੀਡਰ ਦੀ ਰੀਲਾਈਨਿੰਗ ਨਾਲ, ਸਰਹਿੰਦ ਫੀਡਰ ਦੀ ਸਮਰੱਥਾ ਵਧੇਗੀ, ਜਿਸ ਨਾਲ ਪਾਣੀ ਦੀ ਕਮੀ ਦਾ ਮਸਲਾ ਸਥਾਈ ਤੌਰ 'ਤੇ ਹੱਲ ਹੋ ਜਾਵੇਗਾ।"ਉਨ੍ਹਾਂ ਅੱਗੇ ਕਿਹਾ ਕਿ ਫਿਰੋਜ਼ਪੁਰ ਫੀਡਰ ਨਹਿਰ 1952 ਵਿੱਚ ਬਣਾਈ ਗਈ ਸੀ ਅਤੇ ਪਿਛਲੇ 74 ਸਾਲਾਂ ਵਿੱਚ ਪਿਛਲੀਆਂ ਸਰਕਾਰਾਂ ਨੇ ਇਸ ਦੀ ਸਮਰੱਥਾ ਵਧਾਉਣ ਜਾਂ ਕੰਕਰੀਟ ਲਾਈਨਿੰਗ ਕਰਨ ਲਈ ਕੋਈ ਕਦਮ ਨਹੀਂ ਚੁੱਕਿਆ। ਮੁੱਖ ਮੰਤਰੀ ਨੇ ਕਿਹਾ, "ਨਹਿਰ ਦਾ ਮੌਜੂਦਾ ਢਾਂਚਾ ਵੇਲਾ ਵਿਹਾਅ ਗਿਆ ਸੀ, ਜਿਸ ਕਾਰਨ ਸਾਉਣੀ ਦੇ ਸੀਜ਼ਨ ਦੌਰਾਨ ਲਗਭਗ 1,000 ਕਿਊਸਿਕ ਪਾਣੀ ਦੀ ਥੁੜ ਹੋ ਜਾਂਦੀ ਸੀ ਅਤੇ ਨਹਿਰਾਂ ਨੂੰ ਰੋਟੇਸ਼ਨਲ ਆਧਾਰ 'ਤੇ ਚਲਾਉਣਾ ਪੈਂਦਾ ਸੀ। ਨਹਿਰ ਦੇ ਨਵੀਨੀਕਰਨ ਦਾ ਇਹ ਪ੍ਰੋਜੈਕਟ ਮਾਲਵਾ ਖੇਤਰ ਦੇ ਕਿਸਾਨਾਂ ਦੀ ਆਰਥਿਕ ਖੁਸ਼ਹਾਲੀ ਵਿੱਚ ਮਹੱਤਵਪੂਰਨ ਯੋਗਦਾਨ ਪਾਵੇਗਾ।



Contd.................page-3

## ਰੇਖਾ ਗੁਪਤਾ ਨੇ ਅਰੁਣਾਚਲ ਪ੍ਰਦੇਸ਼ ਦੀਆਂ ਪੀੜਤ ਕੁੜੀਆਂ ਨਾਲ ਕੀਤੀ ਮੁਲਾਕਾਤ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 25 ਫਰਵਰੀ। ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਦੱਖਣੀ ਦਿੱਲੀ ਦੇ ਮਾਲਵੀਯ ਨਗਰ 'ਚ ਗਲਤ ਰਵੱਈਏ ਦਾ ਸ਼ਿਕਾਰ ਪੀੜਤ ਕੁੜੀਆਂ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਨੂੰ ਪੂਰੀ ਮਦਦ ਦੇਣ ਦਾ ਭਰੋਸਾ ਦਿੱਤਾ। ਰੇਖਾ ਗੁਪਤਾ ਨੇ ਬੁੱਧਵਾਰ ਨੂੰ ਇਸ ਦੀ ਜਾਣਕਾਰੀ 'ਐਕਸ' 'ਤੇ ਸਾਂਝੀ ਕਰਦੇ ਹੋਏ ਕਿਹਾ,"ਅੱਜ ਮੈਂ ਪੂਰਬ-ਉੱਤਰ ਦੇ ਆਪਣੇ ਉਨ੍ਹਾਂ ਨੌਜਵਾਨ ਦੋਸਤਾਂ ਨੂੰ ਮਿਲੀ, ਜੋ ਦਿੱਲੀ 'ਚ ਹਾਲ ਹੀ 'ਚ ਹੋਈ ਦੁਖਦ ਘਟਨਾ ਤੋਂ ਪ੍ਰਭਾਵਿਤ ਹੋਈਆਂ ਹਨ। ਉਹ ਹਿੰਮਤ ਵਾਲੀਆਂ ਅਤੇ ਉਮੀਦਾਂ ਨਾਲ ਭਰੀਆਂ ਹੋਈਆਂ ਹਨ। ਮੈਂ ਉਨ੍ਹਾਂ ਨੂੰ ਇਸ ਕਠਿਨ ਸਮੇਂ ਆਪਣਾ ਪੂਰਾ ਸਮਰਥਨ ਦੇਣ ਦਾ ਭਰੋਸਾ ਦਿੱਤਾ ਹੈ।" ਉਨ੍ਹਾਂ ਕਿਹਾ,"ਮੈਂ ਸਾਫ਼ ਕਰਨਾ ਚਾਹੁੰਦੀ ਹਾਂ ਕਿ ਦਿੱਲੀ ਸਨਮਾਨ ਅਤੇ ਆਪਸੀ ਸਨਮਾਨ ਦਾ ਸ਼ਹਿਰ ਹੈ। ਇਸ ਘਟਨਾ 'ਚ ਸ਼ਾਮਲ ਲੋਕਾਂ ਖ਼?ਲਾਫ਼ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ। ਦਿੱਲੀ 'ਚ ਨਫ਼ਰਤ, ਭੇਦਭਾਵ, ਧਮਕੀ ਜਾਂ ਨਸਲਭੇਦ ਲਈ ਬਿਲਕੁੱਲ ਕੋਈ ਜਗ?ਹ ਨਹੀਂ ਹੈ। ਅਜਿਹਾ ਰਵੱਈਆ ਮਨਜ਼ੂਰ ਨਹੀਂ ਹੈ ਅਤੇ ਕਿਸੇ ਵੀ ਹਾਲਤ 'ਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ।" ਮੁੱਖ ਮੰਤਰੀ ਨੇ ਕਿਹਾ,"ਮੈਂ ਸਾਰਿਆਂ ਨੂੰ ਅਪੀਲ ਕਰਦੀ ਹਾਂ ਕਿ ਇਸ ਸੰਵੇਦਨਸ਼ੀਲ ਮਾਮਲੇ 'ਤੇ ਰਾਜਨੀਤੀ ਨਾ ਕਰਨ। ਸਾਡੇ ਨੌਜਵਾਨ ਵਿਦਿਆਰਥੀਆਂ ਦੇ ਮਾਣ, ਸੁਰੱਖਿਆ ਅਤੇ ਭਵਿੱਖ ਸਭ ਤੋਂ ਉੱਪਰ ਰਹਿਣਾ ਚਾਹੀਦਾ। ਮੈਂ ਸਾਰੇ ਸੰਬੰਧਤ ਲੋਕਾਂ ਨੂੰ ਇਹ ਵੀ ਅਪੀਲ ਕਰਦੀ ਹਾਂ ਕਿ ਉਹ ਨੌਜਵਾਨ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਪ੍ਰਾਇਵੇਸੀ ਦਾ ਸਨਮਾਨ ਕਰਨ। ਸਾਨੂੰ ਉਨ੍ਹਾਂ ਨੂੰ ਇਸ ਸਮੇਂ ਆਪਣਾ ਸਮਰਥਨ ਅਤੇ ਭਰੋਸਾ ਦੇਣਾ ਚਾਹੀਦਾ, ਜਿਸ ਦੀ ਉਨ੍ਹਾਂ ਨੂੰ ਜ਼ਰੂਰਤ ਹੈ।" ਦੱਸਣਯੋਗ ਹੈ ਕਿ ਦੱਖਣੀ ਦਿੱਲੀ ਦੇ ਮਾਲਵੀਯ ਨਗਰ 'ਚ ਅਰੁਣਾਚਲ ਪ੍ਰਦੇਸ਼ ਦੀਆਂ ਤਿੰਨ ਕੁੜੀਆਂ ਨਾਲ ਉਨ੍ਹਾਂ ਦੇ ਗੁਆਂਢ 'ਚ ਰਹਿਣ ਵਾਲੇ ਇਕ ਜੋੜੇ ਨੇ ਮਾਮੂਲੀ ਵਿਵਾਦ 'ਚ ਗਲਤ ਰਵੱਈਆ ਕੀਤਾ ਸੀ ਅਤੇ ਉਨ੍ਹਾਂ ਖ਼?ਲਾਫ਼ ਨਸਲੀ ਟਿੱਪਣੀ ਕੀਤੀ ਸੀ।



## ਜੰਮੂ-ਕਸ਼ਮੀਰ ਦੀਆਂ ਅਦਾਲਤਾਂ 'ਚ ਕੇਸਾਂ ਦਾ ਅੰਬਾਰ: 3.89 ਲੱਖ ਤੋਂ ਵੱਧ ਮਾਮਲੇ ਪੈਂਡਿੰਗ

ਨੈਸ਼ਨਲ ਡੈਸਕ 25 ਫਰਵਰੀ। ਜੰਮੂ-ਕਸ਼ਮੀਰ ਦੀਆਂ ਹੇਠਲੀਆਂ ਅਦਾਲਤਾਂ ਵਿੱਚ ਕੇਸਾਂ ਦੇ ਨਿਪਟਾਰੇ ਨੂੰ ਲੈ ਕੇ ਵੱਡੀ ਚੁਣੌਤੀ ਸਾਹਮਣੇ ਆਈ ਹੈ। ਅਧਿਕਾਰਤ ਅੰਕੜਿਆਂ ਅਨੁਸਾਰ ਜਨਵਰੀ ਦੇ ਅੰਤ ਤੱਕ ਕੇਂਦਰ ਸ਼ਾਸਿਤ ਪ੍ਰਦੇਸ਼ ਦੀਆਂ 232 ਜ਼ਿਲ੍ਹਾ ਅਤੇ ਹੋਰ ਹੇਠਲੀਆਂ ਅਦਾਲਤਾਂ ਵਿੱਚ ਕੁੱਲ 3,89,210 ਮਾਮਲੇ ਲੰਬਿਤ ਹਨ। ਇਨ੍ਹਾਂ ਵਿੱਚੋਂ ਲਗਭਗ ਦੋ-ਤਿਹਾਈ (62 ਫੀਸਦੀ) ਮਾਮਲੇ ਅਪਰਾਧਿਕ ਸ਼੍ਰੇਣੀ ਦੇ ਹਨ। ਅੰਕੜਿਆਂ ਮੁਤਾਬਕ, ਕੁੱਲ ਪੈਂਡਿੰਗ ਮਾਮਲਿਆਂ ਵਿੱਚੋਂ 2,40,718 ਅਪਰਾਧਿਕ ਮਾਮਲੇ ਹਨ, ਜਦੋਂ ਕਿ 1,48,492 ਦੀਵਾਨੀ ਮਾਮਲੇ ਹਨ। ਅਪਰਾਧਿਕ ਮੁਕੱਦਮਿਆਂ ਦੀ ਗਿਣਤੀ ਦੀਵਾਨੀ ਮੁਕੱਦਮਿਆਂ ਨਾਲੋਂ ਲਗਭਗ 92,000 ਜ਼ਿਆਦਾ ਹੈ, ਜੋ ਕਿ ਅਦਾਲਤੀ ਪ੍ਰਣਾਲੀ 'ਤੇ ਵਧਦੇ ਦਬਾਅ ਨੂੰ ਦਰਸਾਉਂਦੀ ਹੈ। ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ 58,000 ਤੋਂ ਵੱਧ ਮਾਮਲੇ 5 ਤੋਂ 30 ਸਾਲ ਪੁਰਾਣੇ ਹਨ। ਹਾਲਾਂਕਿ, ਨਵੇਂ ਮਾਮਲਿਆਂ ਦੀ ਆਮਦ ਵੀ ਬਹੁਤ ਤੇਜ਼ ਹੈ, ਕਿਉਂਕਿ ਕੁੱਲ ਕੇਸਾਂ ਵਿੱਚੋਂ 60 ਫੀਸਦੀ ਤੋਂ ਵੱਧ (ਲਗਭਗ 2,38,373 ਮਾਮਲੇ) ਇੱਕ ਸਾਲ ਤੋਂ ਵੀ ਘੱਟ ਪੁਰਾਣੇ ਹਨ। ਇਹ ਅੰਕੜੇ ਦਰਸਾਉਂਦੇ ਹਨ ਕਿ ਅਦਾਲਤਾਂ ਸਾਹਮਣੇ ਨਵੇਂ ਕੇਸਾਂ ਨੂੰ ਸੰਭਾਲਣ ਅਤੇ ਪੁਰਾਣੇ ਕੇਸਾਂ ਦੇ ਨਿਪਟਾਰੇ ਦੀ ਦੋਹਰੀ ਚੁਣੌਤੀ ਹੈ। ਰਾਜ ਦੇ 20 ਜ਼ਿਲ੍ਹਿਆਂ ਵਿੱਚੋਂ ਜੰਮੂ ਵਿੱਚ ਸਭ ਤੋਂ ਵੱਧ 77,992 ਮਾਮਲੇ ਲੰਬਿਤ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਜੰਮੂ ਵਿੱਚ 1,000 ਤੋਂ ਵੱਧ ਮਾਮਲੇ ਅਜਿਹੇ ਹਨ ਜੋ 15 ਤੋਂ 30 ਸਾਲ ਪੁਰਾਣੇ ਹਨ।

## ਫਾਰੂਕ ਅਬਦੁੱਲਾ ਦੀ ਚਿਤਾਵਨੀ ! ਈਰਾਨ ਤੋਂ ਤੁਰੰਤ ਵਾਪਸ ਆਉਣ ਕਸ਼ਮੀਰੀ ਵਿਦਿਆਰਥੀ

ਨੈਸ਼ਨਲ ਡੈਸਕ 25 ਫਰਵਰੀ। ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਈਰਾਨ ਵਿੱਚ ਰਹਿ ਰਹੇ ਕਸ਼ਮੀਰੀ ਵਿਦਿਆਰਥੀਆਂ ਬਾਰੇ ਚਿੰਤਾ ਪ੍ਰਗਟ ਕੀਤੀ ਹੈ। ਈਰਾਨ ਵਿੱਚ ਭਾਰਤੀ ਵਿਦਿਆਰਥੀਆਂ ਲਈ ਇੱਕ ਸਲਾਹ ਜਾਰੀ ਕੀਤੀ ਗਈ ਹੈ। ਫਾਰੂਕ ਅਬਦੁੱਲਾ ਨੇ ਈਰਾਨ ਵਿੱਚ ਜੰਮੂ-ਕਸ਼ਮੀਰ ਦੇ ਵਿਦਿਆਰਥੀਆਂ ਨੂੰ ਸਲਾਹ ਤੋਂ ਬਾਅਦ ਤੁਰੰਤ ਵਾਪਸ ਆਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਵਿਦਿਆਰਥੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਥਿਤੀ ਨੂੰ ਗੰਭੀਰਤਾ ਨਾਲ ਲੈਣ ਅਤੇ ਸੁਰੱਖਿਅਤ ਵਿਕਲਪਾਂ 'ਤੇ ਵਿਚਾਰ ਕਰਨ ਦੀ ਅਪੀਲ ਕੀਤੀ ਹੈ। ਸੰਯੁਕਤ ਰਾਜ ਅਮਰੀਕਾ ਤੇ ਈਰਾਨ ਵਿਚਕਾਰ ਵਧਦੇ ਤਣਾਅ ਦੇ ਮੱਦੇਨਜ਼ਰ, ਭਾਰਤੀ ਦੂਤਾਵਾਸ ਨੇ ਉੱਥੇ ਰਹਿ ਰਹੇ ਭਾਰਤੀ ਨਾਗਰਿਕਾਂ, ਖਾਸ ਕਰਕੇ ਵਿਦਿਆਰਥੀਆਂ ਲਈ ਇੱਕ ਮਹੱਤਵਪੂਰਨ ਸਲਾਹ ਜਾਰੀ ਕੀਤੀ ਹੈ। ਦੂਤਾਵਾਸ ਨੇ ਸਪੱਸ਼ਟ ਕੀਤਾ ਹੈ ਕਿ ਜਿਨ੍ਹਾਂ ਭਾਰਤੀਆਂ ਨੂੰ ਈਰਾਨ ਵਿੱਚ ਰਹਿਣ ਦੀ ਜ਼ਰੂਰਤ ਨਹੀਂ ਹੈ, ਉਨ੍ਹਾਂ ਨੂੰ ਉਪਲਬਧ ਵਪਾਰਕ ਉਡਾਣਾਂ ਰਾਹੀਂ ਜਲਦੀ ਤੋਂ ਜਲਦੀ ਭਾਰਤ ਵਾਪਸ ਆਉਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਇਹ ਸਲਾਹ ਖੇਤਰ ਵਿੱਚ ਵਧ ਰਹੇ ਤਣਾਅ ਅਤੇ ਸੰਭਾਵੀ ਸੁਰੱਖਿਆ ਜੋਖਮਾਂ ਦੇ ਮੱਦੇਨਜ਼ਰ ਜਾਰੀ ਕੀਤੀ ਗਈ ਹੈ। ਇਹ ਡਰ ਹੈ ਕਿ ਜੇਕਰ ਸਥਿਤੀ ਵਿਗੜਦੀ ਹੈ, ਤਾਂ ਹਵਾਈ ਖੇਤਰ ਬੰਦ ਹੋ ਸਕਦਾ ਹੈ ਜਾਂ ਸੰਚਾਰ ਸੇਵਾਵਾਂ ਵਿੱਚ ਵਿਘਨ ਪੈ ਸਕਦਾ ਹੈ, ਜਿਸ ਨਾਲ ਨਿਕਾਸੀ ਮੁਸ਼ਕਲ ਹੋ ਸਕਦੀ ਹੈ। ਵੱਡੀ ਗਿਣਤੀ ਵਿੱਚ ਭਾਰਤੀ ਵਿਦਿਆਰਥੀ, ਖਾਸ ਕਰਕੇ ਐਮਬੀਬੀਐਸ ਅਤੇ ਹੋਰ ਪੇਸ਼ੇਵਰ ਕੋਰਸ ਕਰਨ ਵਾਲੇ, ਆਪਣੀ ਪੜ੍ਹਾਈ ਲਈ ਈਰਾਨ ਵਿੱਚ ਰਹਿ ਰਹੇ ਹਨ। ਸਿੱਟੇ ਵਜੋਂ, ਸੁਰੱਖਿਆ, ਸਿੱਖਿਆ ਦੇ ਨੁਕਸਾਨ ਅਤੇ ਉਨ੍ਹਾਂ ਦੇ ਭਵਿੱਖ ਬਾਰੇ ਚਿੰਤਾਵਾਂ ਸਮਝਣ ਯੋਗ ਹਨ। ਦੂਤਾਵਾਸ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਅਧਿਕਾਰਤ ਨਿਰਦੇਸ਼ਾਂ ਦੀ ਨਿਗਰਾਨੀ ਕਰਨ, ਸਥਾਨਕ ਪ੍ਰਸ਼ਾਸਨ ਦੇ ਨਿਯਮਾਂ ਦੀ ਪਾਲਣਾ ਕਰਨ ਅਤੇ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਤੁਰੰਤ ਦੂਤਾਵਾਸ ਨਾਲ ਸੰਪਰਕ ਕਰਨ।

## ਸਪਾ ਆਗੂ ਆਜ਼ਮ ਖਾਨ ਨੂੰ ਵੱਡੀ ਰਾਹਤ: ਇਲਾਹਾਬਾਦ ਹਾਈਕੋਰਟ ਨੇ 24 ਮਾਰਚ ਤੱਕ ਵਧਾਈ ਅੰਤਰਿਮ ਰਾਹਤ

ਨੈਸ਼ਨਲ ਡੈਸਕ 25 ਫਰਵਰੀ। ਸਮਾਜਵਾਦੀ ਪਾਰਟੀ ਦੇ ਸੀਨੀਅਰ ਆਗੂ ਆਜ਼ਮ ਖਾਨ ਨੂੰ ਇਲਾਹਾਬਾਦ ਹਾਈਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਅਦਾਲਤ ਨੇ ਮਸ਼ਹੂਰ 'ਯਤੀਮ ਖਾਨਾ' ਮਾਮਲੇ ਵਿੱਚ ਆਜ਼ਮ ਖਾਨ ਅਤੇ ਉਨ੍ਹਾਂ ਦੇ ਸਹਿਯੋਗੀ ਵੀਰੇਂਦਰ ਗੋਇਲ ਦੀ ਅੰਤਰਿਮ ਰਾਹਤ ਦੀ ਮਿਆਦ 24 ਮਾਰਚ ਤੱਕ ਵਧਾ ਦਿੱਤੀ ਹੈ। ਇਸ ਫੈਸਲੇ ਨਾਲ ਆਜ਼ਮ ਖਾਨ ਨੂੰ ਆਪਣੀ ਕਾਨੂੰਨੀ ਲੜਾਈ ਲਈ ਇੱਕ ਮਹੀਨੇ ਦਾ ਵਾਧੂ ਸਮਾਂ ਮਿਲ ਗਿਆ ਹੈ। ਹਾਈਕੋਰਟ ਵਿੱਚ ਹੋਈ ਸੁਣਵਾਈ ਦੌਰਾਨ ਅਦਾਲਤ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਟਰਾਇਲ ਕੋਰਟ ਫਿਲਹਾਲ ਇਸ ਕੇਸ ਵਿੱਚ ਕੋਈ ਵੀ ਅੰਤਿਮ ਆਦੇਸ਼ ਪਾਸ ਨਹੀਂ ਕਰ ਸਕਦੀ। ਦਰਅਸਲ, ਆਜ਼ਮ ਖਾਨ ਅਤੇ ਵੀਰੇਂਦਰ ਗੋਇਲ ਨੇ ਹਾਈਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਟਰਾਇਲ ਕੋਰਟ ਵੱਲੋਂ ਸੁਣਾਏ ਜਾਣ ਵਾਲੇ ਅੰਤਿਮ ਫੈਸਲੇ 'ਤੇ ਰੋਕ ਲਗਾਉਣ ਦੀ ਮੰਗ ਕੀਤੀ ਸੀ। ਉਨ੍ਹਾਂ ਨੇ ਟਰਾਇਲ ਕੋਰਟ ਦੇ ਉਸ ਫੈਸਲੇ ਨੂੰ ਚੁਣੌਤੀ ਦਿੱਤੀ ਹੈ ਜਿਸ ਵਿੱਚ ਉਨ੍ਹਾਂ ਦੀਆਂ ਮੰਗਾਂ ਨੂੰ ਅਸਵੀਕਾਰ ਕਰ ਦਿੱਤਾ ਗਿਆ ਸੀ। ਇਹ ਮਾਮਲਾ ਸਾਲ 2016 ਵਿੱਚ ਰਾਮਪੁਰ ਸਥਿਤ 'ਯਤੀਮ ਖਾਨਾ' ਨਾਮਕ ਵਕਫ ਜਾਇਦਾਦ 'ਤੇ ਬਣੇ ਅਣਅਧਿਕਾਰਤ ਢਾਂਚੇ ਨੂੰ ਢਾਹੁਣ ਅਤੇ ਜ਼ਬਰਦਸਤੀ ਬੇਦਖ਼ਲੀ ਕਰਨ ਨਾਲ ਜੁੜਿਆ ਹੋਇਆ ਹੈ। ਇਸ ਘਟਨਾ ਦੇ ਸਬੰਧ ਵਿੱਚ ਸਾਲ 2019 ਵਿੱਚ ਰਾਮਪੁਰ ਦੇ ਕੋਤਵਾਲੀ ਥਾਣੇ ਵਿੱਚ ਮੁਕੱਦਮਾ ਦਰਜ ਕੀਤਾ ਗਿਆ ਸੀ। ਅਦਾਲਤ ਵਿੱਚ ਆਜ਼ਮ ਖਾਨ ਵੱਲੋਂ ਦਲੀਲ ਦਿੱਤੀ ਗਈ ਕਿ ਜਦੋਂ ਤੱਕ ਮਾਮਲੇ ਦੀ ਜੜ੍ਹ ਤੱਕ ਨਹੀਂ ਜਾਇਆ ਜਾਂਦਾ ਅਤੇ ਸਬੂਤਾਂ ਦਾ ਸਹੀ ਮਿਲਾਨ ਨਹੀਂ ਹੁੰਦਾ, ਉਦੋਂ ਤੱਕ ਸਜ਼ਾ ਜਾਂ ਫੈਸਲੇ ਦਾ ਕੋਈ ਉਚਿਤ ਅਧਾਰ ਨਹੀਂ ਹੈ। ਹਾਈਕੋਰਟ ਦੇ ਇਸ ਸਟੇਅ ਆਰਡਰ ਤੋਂ ਬਾਅਦ ਹੁਣ ਸਾਰੀਆਂ ਨਜ਼ਰਾਂ 24 ਮਾਰਚ ਨੂੰ ਹੋਣ ਵਾਲੀ ਅਗਲੀ ਸੁਣਵਾਈ 'ਤੇ ਟਿਕੀਆਂ ਹੋਈਆਂ ਹਨ।



## 'ਪੰਜਾਬ ਦੇ 40 ਫ਼ੀਸਦੀ ਨੀਲੇ ਕਾਰਡ ਕੱਟਣ ਮਗਰੋਂ ਨਵਾਂ ਜੁਮਲਾ': ਸੁਖਬੀਰ ਬਾਦਲ

ਚੰਡੀਗੜ੍ਹ 25 ਫਰਵਰੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਤਿੱਖਾ ਸਿਆਸੀ ਹਮਲਾ ਕਰਦਿਆਂ ਉਨ੍ਹਾਂ ਨੂੰ ਡਰਾਮੇਬਾਜ਼ ਮੁੱਖ ਮੰਤਰੀ ਕਰਾਰ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਗਰੀਬਾਂ ਦੇ 40 ਫ਼ੀਸਦੀ ਨੀਲੇ ਕਾਰਡ ਕੱਟ ਦਿੱਤੇ ਹਨ ਅਤੇ ਹੁਣ ਚੋਣਾਂ ਦੇ ਸਾਲ ਵਿਚ ਖੰਡ, ਲੂਣ ਅਤੇ ਤੇਲ ਦੇਣ ਦਾ ਨਵਾਂ ਜੁਮਲਾ ਛੱਡ ਰਹੀ ਹੈ। ਸੁਖਬੀਰ ਬਾਦਲ ਨੇ ਕਿਹਾ ਕਿ ਪੰਜਾਬ ਦੇ ਲੋਕ ਹੁਣ ਸਰਕਾਰ ਦੀਆਂ ਇਨ੍ਹਾਂ ਚਾਲਾਂ ਨੂੰ ਸਮਝ ਚੁੱਕੇ ਹਨ। ਉਨ੍ਹਾਂ ਪੁਰਾਣੇ ਵਾਅਦਿਆਂ ਦੀ ਯਾਦ ਦਿਵਾਉਂਦਿਆਂ ਕਿਹਾ ਕਿ 48 ਮਹੀਨੇ ਬੀਤ ਜਾਣ ਤੋਂ ਬਾਅਦ ਵੀ ਪੰਜਾਬ ਦੀਆਂ ਔਰਤਾਂ ਦੇ ਖਾਤੇ ਵਿਚ 1,000 ਰੁਪਏ ਆਉਣਾ ਹਾਲੇ ਵੀ ਇਕ ਸੁਪਨਾ ਹੀ ਬਣਿਆ ਹੋਇਆ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਚੁਣੌਤੀ ਦਿੱਤੀ ਕਿ ਜੇਕਰ ਉਹ ਵਾਕਿਆ ਹੀ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਨਕਲ ਕਰਨਾ ਚਾਹੁੰਦੇ ਹਨ, ਤਾਂ ਉਨ੍ਹਾਂ ਵੱਲੋਂ ਸ਼ੁਰੂ ਕੀਤੀਆਂ ਸਹੂਲਤਾਂ ਨੂੰ ਬੰਦ ਕਿਉਂ ਕੀਤਾ ਗਿਆ ਹੈ। ਬਾਦਲ ਨੇ ਕਿਹਾ ਕਿ ਬਾਦਲ ਸਾਬ?ਹ ਦੇ ਸਮੇਂ ਮਿਲਣ ਵਾਲੀਆਂ ਆਟਾ-ਦਾਲ ਸਮੇਤ ਸਾਰੀਆਂ ਸਹੂਲਤਾਂ ਅੱਜ ਬੰਦ ਪਈਆਂ ਹਨ

## 2 ਦਿਨਾਂ ਦੌਰੇ 'ਤੇ ਇਜ਼ਰਾਈਲ ਪੁੱਜੇ ਪ੍ਰਧਾਨ ਮੰਤਰੀ ਮੋਦੀ ! ਨੇਤਨਯਾਹੂ ਨੇ ਕੀਤਾ ਸ਼ਾਨਦਾਰ ਸੁਆਗਤ

ਕੌਮੀ ਪਤ੍ਰਿਕਾ

ਇੰਟਰਨੈਸ਼ਨਲ ਡੈਸਕ 25 ਫਰਵਰੀ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬੁੱਧਵਾਰ ਨੂੰ ਆਪਣੇ ਦੋ ਦਿਨਾਂ ਇਤਿਹਾਸਕ ਦੌਰੇ 'ਤੇ ਇਜ਼ਰਾਈਲ ਪਹੁੰਚ ਗਏ ਹਨ। ਹਵਾਈ ਅੱਡੇ 'ਤੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਉਨ੍ਹਾਂ ਦੀ ਪਤਨੀ ਸਾਰਾ ਨੇ ਨਿੱਜੀ ਤੌਰ 'ਤੇ ਮੌਜੂਦ ਰਹਿ ਕੇ ਪ੍ਰਧਾਨ ਮੰਤਰੀ ਮੋਦੀ ਦਾ ਸਵਾਗਤ ਕੀਤਾ। ਦੋਵਾਂ ਆਗੂਆਂ ਨੇ ਇੱਕ-ਦੂਜੇ ਨੂੰ ਜੱਫੀ ਪਾ ਕੇ ਆਪਣੀ ਦੋਸਤੀ ਦਾ ਪ੍ਰਗਟਾਵਾ ਕੀਤਾ। ਪ੍ਰਧਾਨ ਮੰਤਰੀ ਮੋਦੀ ਨੂੰ ਹਵਾਈ ਅੱਡੇ 'ਤੇ ਰੈੱਡ ਕਾਰਪੇਟ 'ਤੇ ਉਤਾਰਿਆ ਗਿਆ ਤੇ ਗਾਰਡ ਆਫ਼ ਆਨਰ ਨਾਲ ਸਨਮਾਨਿਤ ਕੀਤਾ ਗਿਆ। ਸਾਲ 2017 ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਦਾ ਇਹ ਦੂਜਾ ਇਜ਼ਰਾਈਲ ਦੌਰਾ ਹੈ। ਇਸ ਦੌਰੇ ਦੌਰਾਨ ਪ੍ਰਧਾਨ ਮੰਤਰੀ ਮੋਦੀ ਇਜ਼ਰਾਈਲ ਦੀ ਸੰਸਦ 'ਨੇਸੈੱਟ' ਨੂੰ ਸੰਬੋਧਨ ਕਰਨਗੇ। ਉਹ ਅਜਿਹਾ ਕਰਨ ਵਾਲੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਬਣ ਕੇ ਇਤਿਹਾਸ ਰਚਣਗੇ। ਇਜ਼ਰਾਈਲ ਲਈ ਰਵਾਨਾ ਹੋਣ ਤੋਂ ਪਹਿਲਾਂ ਦਿੱਤੇ ਬਿਆਨ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਸੀ ਕਿ ਭਾਰਤ ਅਤੇ ਇਜ਼ਰਾਈਲ ਦਰਮਿਆਨ ਇੱਕ ਮਜ਼ਬੂਤ ਅਤੇ ਬਹੁ-ਪੱਖੀ ਰਣਨੀਤਕ ਭਾਈਵਾਲੀ ਹੈ। ਉਨ੍ਹਾਂ ਇਸ ਦੌਰੇ ਨੂੰ ਆਪਣੇ ਪਿਆਰੇ ਦੋਸਤ ਨੇਤਨਯਾਹੂ ਦੇ ਸੱਦੇ 'ਤੇ ਕੀਤੀ ਫੇਰੀ ਦੱਸਿਆ। ਪ੍ਰਧਾਨ ਮੰਤਰੀ ਮੋਦੀ ਇਜ਼ਰਾਈਲ ਦੇ ਰਾਸ਼ਟਰਪਤੀ ਇਸਾਕ ਹਰਜ਼ੋਗ ਨਾਲ ਵੀ ਮੁਲਾਕਾਤ ਕਰਨਗੇ ਅਤੇ ਇਜ਼ਰਾਈਲ ਵਿੱਚ ਰਹਿ ਰਹੇ ਭਾਰਤੀ ਭਾਈਚਾਰੇ ਦੇ ਲੋਕਾਂ ਨਾਲ ਵੀ ਗੱਲਬਾਤ ਕਰਨਗੇ। ਇਸ ਦੌਰੇ ਦੌਰਾਨ ਦੋਵਾਂ ਦੇਸ਼ਾਂ ਵਿਚਾਲੇ ਰੱਖਿਆ, ਤਕਨਾਲੋਜੀ ਅਤੇ ਵਪਾਰ ਸਬੰਧੀ ਕਈ ਅਹਿਮ ਸਮਝੌਤਿਆਂ 'ਤੇ ਦਸਤਖਤ ਹੋਣ ਦੀ ਉਮੀਦ ਹੈ।



## ਹੁਣ ਦੋ ਤੋਂ ਵੱਧ ਬੱਚਿਆਂ ਵਾਲੇ ਵੀ ਲੜ ਸਕਣਗੇ ਪੰਚਾਇਤੀ ਅਤੇ ਨਗਰ ਪਾਲਿਕਾ ਚੋਣਾਂ

ਜੈਪੁਰ 25 ਫਰਵਰੀ। ਰਾਜਸਥਾਨ ਸਰਕਾਰ ਨੇ ਸਥਾਨਕ ਨਿਕਾਯ ਚੋਣਾਂ ਤੋਂ ਪਹਿਲਾਂ ਇੱਕ ਇਤਿਹਾਸਕ ਫੈਸਲਾ ਲੈਂਦਿਆਂ ਦੋ ਤੋਂ ਵੱਧ ਸੰਤਾਨਾਂ ਵਾਲੇ ਵਿਅਕਤੀਆਂ ਨੂੰ ਵੀ ਪੰਚਾਇਤੀ ਰਾਜ ਅਤੇ ਨਗਰ ਪਾਲਿਕਾ ਚੋਣਾਂ ਲੜਨ ਦੀ ਇਜਾਜ਼ਤ ਦੇ ਦਿੱਤੀ ਹੈ। ਮੁੱਖ ਮੰਤਰੀ ਭਜਨ ਲਾਲ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਮੀਟਿੰਗ ਵਿੱਚ ਇਸ ਸਬੰਧੀ ਅਹਿਮ ਫੈਸਲੇ ਲਏ ਗਏ ਹਨ। ਸੰਸਦੀ ਮਾਮਲਿਆਂ ਦੇ ਮੰਤਰੀ ਜੋਗਾਰਾਮ ਪਟੇਲ ਨੇ ਦੱਸਿਆ ਕਿ ਸਰਕਾਰ ਇਸ ਲਈ ਰਾਜਸਥਾਨ ਪੰਚਾਇਤੀ ਰਾਜ (ਸੋਧ) ਬਿੱਲ 2026 ਅਤੇ ਰਾਜਸਥਾਨ ਨਗਰ ਪਾਲਿਕਾ (ਸੋਧ) ਬਿੱਲ 2026 ਲੈ ਕੇ ਆਵੇਗੀ। ਉਨ੍ਹਾਂ ਦੱਸਿਆ ਕਿ ਦੋ ਤੋਂ ਵੱਧ ਬੱਚਿਆਂ 'ਤੇ ਚੋਣ ਲੜਨ ਦੀ ਪਾਬੰਦੀ ਉਸ ਸਮੇਂ ਲਗਾਈ ਗਈ ਸੀ ਜਦੋਂ ਜਨਸੰਖਿਆ 'ਤੇ ਕੰਟਰੋਲ ਦੀ ਲੋੜ ਸੀ। ਅੰਕੜਿਆਂ ਅਨੁਸਾਰ 1991-94 ਦਰਮਿਆਨ ਪ੍ਰਜਨਨ ਦਰ 3.6 ਸੀ, ਜੋ ਹੁਣ ਘਟ ਕੇ 2 ਰਹਿ ਗਈ ਹੈ, ਜਿਸ ਕਾਰਨ ਇਨ੍ਹਾਂ ਪੁਰਾਣੇ ਨਿਯਮਾਂ ਦਾ ਪ੍ਰਭਾਵ ਹੁਣ ਘੱਟਦਾ ਜਾ ਰਿਹਾ ਹੈ। ਸੂਤਰਾਂ ਮੁਤਾਬਕ, ਸੁਪਰੀਮ ਕੋਰਟ ਦੇ ਫੈਸਲੇ ਦੀ ਪਾਲਣਾ ਕਰਦਿਆਂ ਰਾਜਸਥਾਨ ਨਗਰ ਪਾਲਿਕਾ ਐਕਟ 2009 ਵਿੱਚ ਸੋਧ ਕਰਕੇ 'ਕੋੜ੍ਹ ਰੋਗ' ਨੂੰ ਖ਼ਤਰਨਾਕ ਬਿਮਾਰੀਆਂ ਦੀ ਸ਼੍ਰੇਣੀ ਵਿੱਚੋਂ ਹਟਾ ਦਿੱਤਾ ਗਿਆ ਹੈ। ਇਸ ਫੈਸਲੇ ਨਾਲ ਕੋੜ੍ਹ ਰੋਗ ਤੋਂ ਪੀੜਤ ਵਿਅਕਤੀਆਂ ਨੂੰ ਵੀ ਚੋਣਾਂ ਲੜਨ ਦਾ ਬਰਾਬਰ ਮੌਕਾ ਮਿਲੇਗਾ ਅਤੇ ਸਮਾਜ ਵਿੱਚ ਉਨ੍ਹਾਂ ਦਾ ਸਨਮਾਨ ਯਕੀਨੀ ਹੋ ਸਕੇਗਾ। ਆਰਥਿਕ ਅਪਰਾਧਾਂ 'ਤੇ ਨਕੇਲ ਅਤੇ ਉਦਯੋਗਿਕ ਨੀਤੀ ਕੈਬਨਿਟ ਨੇ ਆਰਥਿਕ ਅਪਰਾਧਾਂ ਦੀ ਰੋਕਥਾਮ ਲਈ 'ਰਾਜਸਵ ਆਸੂਚਨਾ ਅਤੇ ਆਰਥਿਕ ਅਪਰਾਧ ਨਿਰਦੇਸ਼ਾਲਾ' ਦੇ ਗਠਨ ਨੂੰ ਵੀ ਮਨਜ਼ੂਰੀ ਦਿੱਤੀ ਹੈ। ਇਹ ਨਿਰਦੇਸ਼ਾਲਾ ਜ਼ਮੀਨ-ਜਾਇਦਾਦ ਦੀ ਧੋਖਾਧੜੀ, ਬੈਂਕ-ਬੀਮਾ ਅਤੇ ਸ਼ੇਅਰ ਬਾਜ਼ਾਰ ਦੇ ਅਪਰਾਧ, ਮਲਟੀ-ਲੈਵਲ ਮਾਰਕੀਟਿੰਗ ਠਗੀ ਅਤੇ ਫਰਜ਼ੀ ਦਸਤਾਵੇਜ਼ਾਂ ਰਾਹੀਂ ਨੌਕਰੀ ਜਾਂ ਦਾਖਲੇ ਵਰਗੇ ਮਾਮਲਿਆਂ 'ਤੇ ਤੇਜ਼ੀ ਨਾਲ ਕਾਰਵਾਈ ਕਰੇਗਾ।

## ਸੰਘ ਸਮਾਜ ਤੋਂ ਵੱਖ ਨਹੀਂ ਬਲਕਿ ਸਮਾਜ ਦਾ ਹੀ ਸੰਗਠਿਤ ਰੂਪ ਹੈ, ਪਠਾਨਕੋਟ 'ਚ ਬੋਲੇ ਮੋਹਨ ਭਾਗਵਤ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਪਠਾਨਕੋਟ 25 ਫਰਵਰੀ। ਰਾਸ਼ਟਰੀ ਸਵਯੰਸੇਵਕ ਸੰਘ ਦੇ ਸਰਸੰਘਚਾਲਕ ਮਾਨਯੋਗ ਡਾ. ਮੋਹਨ ਰਾਵ ਜੀ ਭਾਗਵਤ ਦਾ 25 ਫਰਵਰੀ ਯਾਨੀ ਅੱਜ ਪਠਾਨਕੋਟ ਦੌਰਾ ਹੋਇਆ। ਇਸ ਮੌਕੇ ਉਨ੍ਹਾਂ ਨੇ ਕਿਰਣ ਆਡੀਟੋਰੀਅਮ, ਪਠਾਨਕੋਟ ਵਿੱਚ ਸੇਵਾਮੁਕਤ ਕਮੀਸ਼ਨਡ ਸੈਨਿਕ ਅਧਿਕਾਰੀਆਂ ਨਾਲ ਇੱਕ ਗੰਭੀਰ ਅਤੇ ਪ੍ਰੇਰਣਾਦਾਇਕ ਸੰਵਾਦ ਗੋਸ਼ਟੀ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਸਾਂਝੇ ਤੌਰ 'ਤੇ "ਵੰਦੇ ਮਾਤਰਮ"ਦੇ ਗਾਇਨ ਨਾਲ ਹੋਈ, ਜਿਸ ਨਾਲ ਸਾਰਾ ਭਵਨ ਦੇਸ਼ਭਗਤੀ ਦੇ ਭਾਵ ਨਾਲ ਭਰ ਗਿਆ। ਕਾਰਜ ਸਥਲ 'ਤੇ "ਵੰਦੇ ਮਾਤਰਮ"ਦੇ ਇਤਿਹਾਸ, ਉਸ ਦੀ ਮਰਿਆਦਾ ਅਤੇ ਉਸਦੇ ਗਾਇਨ ਨਾਲ ਸੰਬੰਧਿਤ ਪ੍ਰੋਟੋਕੋਲ ਬਾਰੇ ਇੱਕ ਵਿਸ਼ੇਸ਼ ਪ੍ਰਦਰਸ਼ਨੀ ਵੀ ਲਗਾਈ ਗਈ ਸੀ। ਇਸ ਦੇ ਨਾਲ ਹੀ ਤਿੰਨਾਂ ਸੈਨਾਵਾਂ ਦੇ ਪਰਮਵੀਰ ਚੱਕਰ ਪ੍ਰਾਪਤ ਵੀਰਾਂ ਬਾਰੇ ਜਾਣਕਾਰੀ ਦਿੰਦੀ ਪ੍ਰਦਰਸ਼ਨੀ ਨੇ ਹਾਜ਼ਰ ਸਭ ਅਧਿਕਾਰੀਆਂ ਨੂੰ ਗਹਿਰੀ ਪ੍ਰੇਰਣਾ ਦਿੱਤੀ। ਆਪਣੇ ਸੰਬੋਧਨ ਵਿੱਚ ਡਾ. ਭਾਗਵਤ ਨੇ ਰਾਸ਼ਟਰੀ ਸਵਯੰਸੇਵਕ ਸੰਘ ਦੀ ਸਥਾਪਨਾ, ਉਦੇਸ਼ ਅਤੇ ਕਾਰਜ ਪੱਧਤੀ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਸੰਘ ਨੂੰ ਠੀਕ ਢੰਗ ਨਾਲ ਸਮਝਣ ਲਈ ਉਸਦੇ ਕੰਮ ਨੂੰ ਅੰਦਰੋਂ ਜਾਣਨਾ ਲਾਜ਼ਮੀ ਹੈ। ਉਨ੍ਹਾਂ ਦੱਸਿਆ ਕਿ ਰਾਸ਼ਟਰੀ ਸਵਯੰਸੇਵਕ ਸੰਘ ਕਿਸੇ ਤਰ੍ਹਾਂ ਦੀ ਹੋੜ ਜਾਂ ਪ੍ਰਚਾਰ ਦੀ ਭਾਵਨਾ ਨਾਲ ਕੰਮ ਨਹੀਂ ਕਰਦਾ, ਸਗੋਂ ਕੇਵਲ ਰਾਸ਼ਟਰ ਹਿਤ ਨੂੰ ਧਿਆਨ ਵਿੱਚ ਰੱਖ ਕੇ ਸਮਾਜ ਵਿੱਚ ਸਰਗਰਮ ਰਹਿੰਦਾ ਹੈ। ਸੰਘ ਨੂੰ ਨਾ ਸੱਤਾ ਦੀ ਇੱਛਾ ਹੈ ਅਤੇ ਨਾ ਹੀ ਲੋਕਪ੍ਰਿਯਤਾ ਦੀ ਲਾਲਸਾ। ਉਨ੍ਹਾਂ ਇਹ ਵੀ ਕਿਹਾ ਕਿ ਸੰਘ ਸਮਾਜ ਤੋਂ ਵੱਖ ਕੋਈ ਸੰਸਥਾ ਨਹੀਂ, ਬਲਕਿ ਸਮਾਜ ਦਾ ਹੀ ਸੰਗਠਿਤ ਰੂਪ ਹੈ। ਵਰਤਮਾਨ ਵਿੱਚ ਸੰਘ ਦੇਸ਼ ਭਰ ਵਿੱਚ 1,30,000 ਤੋਂ ਵੱਧ ਸੇਵਾ ਕਾਰਜਾਂ ਰਾਹੀਂ ਵੱਖ-ਵੱਖ ਖੇਤਰਾਂ ਵਿੱਚ ਕੰਮ ਕਰ ਰਿਹਾ ਹੈ। ਡਾ. ਭਾਗਵਤ ਨੇ ਸਮਾਜਿਕ ਸਮਰਸਤਾ, ਨਾਗਰਿਕ ਕਰਤੱਬ, ਪਰੀਆਵਰਣ ਸੁਰੱਖਿਆ, ਪਰਿਵਾਰਿਕ ਜੀਵਨ ਮੁੱਲਾਂ, ਸਵਦੇਸ਼ੀ ਅਤੇ ਰਾਸ਼ਟਰੀ ਸੁਰੱਖਿਆ ਵਰਗੇ ਵਿਸ਼ਿਆਂ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਭਾਰਤੀ ਸੈਨਾ ਵਿਭਿੰਨਤਾ ਵਿੱਚ ਏਕਤਾ ਦਾ ਸ਼੍ਰੇਸ਼ਠ ਉਦਾਹਰਨ ਹੈ ਅਤੇ ਇਹੀ ਭਾਵਨਾ ਸਮਾਜਿਕ ਜੀਵਨ ਵਿੱਚ ਵੀ ਮਜ਼ਬੂਤ ਹੋਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਮਾਜ ਵਿੱਚ ਕਈ ਹੋਰ ਵਿਅਕਤੀ ਅਤੇ ਸੰਸਥਾਵਾਂ ਵੀ ਰਾਸ਼ਟਰ ਹਿਤ ਦੇ ਕੰਮਾਂ ਵਿੱਚ ਜੁਟੀਆਂ ਹੋਈਆਂ ਹਨ; ਸਾਨੂੰ ਉਨ੍ਹਾਂ ਦਾ ਸਹਿਯੋਗ ਕਰਨਾ ਚਾਹੀਦਾ ਹੈ ਅਤੇ ਮਿਲ ਕੇ ਕੰਮ ਕਰਨਾ ਚਾਹੀਦਾ ਹੈ। "ਪੰਚ ਪਰਿਵਰਤਨ"ਦਾ ਜ਼ਿਕਰ ਕਰਦਿਆਂ ਉਨ੍ਹਾਂ ਸਮਾਜਿਕ ਸਮਰਸਤਾ, ਪਰਿਵਾਰਿਕ ਜੀਵਨ ਮੁੱਲਾਂ ਦੀ ਮਜ਼ਬੂਤੀ, ਪਰੀਆਵਰਣ ਪ੍ਰਤੀ ਜ਼ਿੰਮੇਵਾਰੀ, ਸਵਦੇਸ਼ੀ ਭਾਵਨਾ ਅਤੇ ਨਾਗਰਿਕ ਕਰਤੱਬ ਨਿਭਾਉਣ ਨੂੰ ਅੱਜ ਦੇ ਸਮੇਂ ਦੀ ਲੋੜ ਦੱਸਿਆ। ਉਨ੍ਹਾਂ ਕਿਹਾ ਕਿ ਅਧਿਕਾਰਾਂ ਦੇ ਨਾਲ ਕਰਤੱਬ ਨਿਭਾਉਣਾ ਹੀ ਰਾਸ਼ਟਰ ਨੂੰ ਮਜ਼ਬੂਤ ਬਣਾਉਂਦਾ ਹੈ। ਸੈਨਾ ਦੇ ਅਨੁਸ਼ਾਸਨ, ਨਿਸ਼ਠਾ ਅਤੇ ਸਮਰਪਣ ਵਰਗੇ ਗੁਣ ਸਮਾਜਿਕ ਜੀਵਨ ਵਿੱਚ ਵੀ ਅਪਣਾਏ ਜਾਣੇ ਚਾਹੀਦੇ ਹਨ। ਵਾਤਾਵਰਣ ਦੇ ਸੰਦਰਭ ਵਿੱਚ ਉਨ੍ਹਾਂ ਕੁਦਰਤ ਨਾਲ ਸੰਤੁਲਿਤ ਜੀਵਨ ਜੀਉਣ 'ਤੇ ਜ਼ੋਰ ਦਿੱਤਾ। ਖ਼ਾਸ ਗੱਲ ਇਹ ਰਹੀ ਕਿ ਪ੍ਰੋਗਰਾਮ ਵਿੱਚ ਸਿੰਗਲ-ਯੂਜ਼ ਪਲਾਸਟਿਕ ਦਾ ਉਪਯੋਗ ਨਹੀਂ ਕੀਤਾ ਗਿਆ ਅਤੇ ਫਲੇਕਸ ਬੈਨਰਾਂ ਤੋਂ ਵੀ ਪਰਹੇਜ਼ ਕੀਤਾ ਗਿਆ। ਪਰਿਵਾਰਿਕ ਜੀਵਨ ਮੁੱਲਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਸਾਂਝੇ ਪਰਿਵਾਰ ਪ੍ਰਣਾਲੀ ਨੂੰ ਭਾਰਤੀ ਸਮਾਜ ਦੀ ਤਾਕਤ ਦੱਸਿਆ, ਜਿੱਥੇ ਸਤਿਕਾਰ, ਸੰਸਕਾਰ ਅਤੇ ਜ਼ਿੰਮੇਵਾਰੀ ਦੀ ਭਾਵਨਾ ਵਿਕਸਿਤ ਹੁੰਦੀ ਹੈ। ਸਵਦੇਸ਼ੀ ਦੇ ਸੰਦਰਭ ਵਿੱਚ ਉਨ੍ਹਾਂ ਆਤਮਨਿਰਭਰਤਾ ਨੂੰ ਰਾਸ਼ਟਰੀ ਸੁਰੱਖਿਆ ਦਾ ਮਹੱਤਵਪੂਰਨ ਆਧਾਰ ਦੱਸਿਆ।



# ਗੋਨਿਆਣਾ ਮੰਡੀ 'ਚ ਨਾਜਾਇਜ਼ ਕਬਜ਼ਿਆਂ ਦਾ ਜੰਗਲ ਰਾਜ ! ਚੱਲਦੀ ਗਲੀ 'ਚ ਕੌਂਸਲਰ ਦਾ ਕਬਜ਼ਾ

**ਕੌਮੀ ਪਤ੍ਰਿਕਾ**

ਗੋਨਿਆਣਾ ਮੰਡੀ 25 ਫਰਵਰੀ। ਗੋਨਿਆਣਾ ਮੰਡੀ 'ਚ ਪਿਛਲੇ ਪੰਜ ਸਾਲਾਂ ਦੇ ਕਾਰਜਕਾਲ ਦੌਰਾਨ ਨਾਜਾਇਜ਼ ਕਬਜ਼ਿਆਂ ਦੀ ਇਸ ਕਦਰ ਭਰਮਾਰ ਹੋ ਚੁੱਕੀ ਹੈ ਕਿ ਹੁਣ ਸ਼ਹਿਰ ਦੇ ਮੁੱਖ ਬਾਜ਼ਾਰ ਅਤੇ ਚੱਲਦੀਆਂ ਗਲੀਆਂ ਵੀ ਸੁਰੱਖਿਅਤ ਨਹੀਂ ਰਹੀਆਂ। ਦੁਕਾਨਾਂ ਅੱਗੇ ਬੜ੍ਹੇ ਬਣਾਉਣ, ਸੜਕਾਂ 'ਤੇ ਰੇਹੜੀਆਂ-ਰੇੜੇ ਖੜ੍ਹੇ ਕਰਨ ਅਤੇ ਸਰਕਾਰੀ ਜਗ੍ਹਾ 'ਤੇ ਪੱਕੇ ਢਾਂਚੇ ਤਿਆਰ ਕਰਨ ਦਾ ਸਿਲਸਿਲਾ ਲਗਾਤਾਰ ਵੱਧਦਾ ਗਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਸਭ ਕੁੱਝ ਨਗਰ ਕੌਂਸਲ ਦੇ ਕਾਰਜਕਾਲ ਦੌਰਾਨ ਹੋਇਆ ਅਤੇ ਇਨ੍ਹਾਂ ਕਬਜ਼ਿਆਂ ਨੂੰ ਰੋਕਣ ਦੀ ਬਜਾਏ ਮੰਨੋ ਖੁੱਲ੍ਹੀ ਛੋਟ ਦਿੱਤੀ ਗਈ। ਜੇਕਰ ਕੋਈ ਦੁਕਾਨਦਾਰ ਵਿਰੋਧ ਕਰਦਾ ਹੈ ਤਾਂ ਉਸ ਨਾਲ ਝਗੜਾ ਕੀਤਾ ਜਾਂਦਾ ਹੈ, ਅਤੇ ਜੇਕਰ ਨਗਰ ਕੌਂਸਲ ਕਦੇ ਕਬਜ਼ਾ ਚੁਕਵਾਉਣ ਦੀ ਕੋਸ਼ਿਸ਼ ਕਰੇ ਤਾਂ ਉਲਟਾ ਦਬਾਅ ਬਣਾਇਆ ਜਾਂਦਾ ਹੈ। ਤਾਜ਼ਾ ਮਾਮਲੇ ਨੇ ਤਾਂ ਮੰਡੀ 'ਚ ਚਰਚਾ ਦਾ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ। ਭਰੇ ਬਾਜ਼ਾਰ ਅਤੇ ਚੱਲਦੀ ਗਲੀ 'ਚ ਇੱਕ ਮੌਜੂਦਾ ਕੌਂਸਲਰ ਵੱਲੋਂ ਖ਼ੁਦ ਨਾਜਾਇਜ਼ ਕਬਜ਼ਾ ਕਰਨ ਦੀ ਘਟਨਾ ਸਾਹਮਣੇ ਆਈ ਹੈ। ਇੱਕ ਪਾਸੇ ਮੇਨ ਬਾਜ਼ਾਰ, ਦੂਜੇ ਪਾਸੇ ਚੱਲਦੀ ਗਲੀ ਅਤੇ ਉੱਪਰੋਂ ਖ਼ੁਦ ਕੌਂਸਲਰ ਪਰ ਰੋਕਣ ਵਾਲਾ ਕੋਈ ਨਹੀਂ। ਲੋਕਾਂ 'ਚ ਹਿਰ ਗੱਲ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਕਿ ਕੀ ਇਹ ਕਬਜ਼ਾ ਸਿਆਸੀ ਪੱਖ ਤੋਂ ਪ੍ਰੋਤਸਾਹਿਤ ਹੈ? ਕਿਉਂਕਿ ਕੁੱਝ ਸਮੇਂ ਬਾਅਦ ਨਗਰ ਕੌਂਸਲ ਦੀਆਂ ਚੋਣਾਂ ਵੀ ਆਉਣ ਵਾਲੀਆਂ ਹਨ। ਸ਼ਹਿਰ ਵਾਸੀਆਂ ਦਾ ਸਵਾਲ ਹੈ ਕਿ ਜੇਕਰ



ਕਾਨੂੰਨ ਬਣਾਉਣ ਅਤੇ ਲਾਗੂ ਕਰਨ ਵਾਲੇ ਹੀ ਕਾਨੂੰਨ ਦੀ ਉਲੰਘਣਾ ਕਰਨ ਲੱਗ ਪੈਣ ਤਾਂ ਫਿਰ ਆਮ ਜਨਤਾ ਕਿਸ ਕੋਲ ਨਿਆਂ ਲਈ ਜਾਵੇ? ਇਸ ਸਬੰਧੀ ਸਾਬਕਾ ਕੌਂਸਲਰ ਰਾਜਕੁਮਾਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਨੇ ਇਸ ਨਾਜਾਇਜ਼ ਕਬਜ਼ੇ ਦਾ ਡੱਟ ਕੇ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ ਇੱਕ ਵਿਅਕਤੀ ਦਾ ਮਾਮਲਾ ਨਹੀਂ, ਸਗੋਂ ਪਿਛਲੇ ਪੰਜ ਸਾਲਾਂ ਦੀ ਕਾਰਗੁਜ਼ਾਰੀ ਦੀ ਨਰਮੀ ਦਾ ਨਤੀਜਾ ਹੈ। ਉਨ੍ਹਾਂ ਨੇ ਨਗਰ ਕੌਂਸਲ ਗੋਨਿਆਣਾ ਮੰਡੀ ਦੇ ਕਾਰਜ ਸਾਧਕ ਅਫ਼ਸਰ (ਈ. ਓ.) ਤਰੁਣ ਕੁਮਾਰ ਨੂੰ ਟੈਲੀਫੋਨ ਰਾਹੀਂ ਪੂਰੀ ਜਾਣਕਾਰੀ ਦਿੱਤੀ ਅਤੇ ਕਬਜ਼ਾ ਧਾਰਕ ਖ਼ਿਲਾਫ਼ ਤੁਰੰਤ ਸਖ਼ਤ ਕਾਰਵਾਈ ਦੀ ਮੰਗ ਕੀਤੀ। ਜਦੋਂ ਇਸ ਮਾਮਲੇ ਬਾਰੇ ਨਗਰ ਕੌਂਸਲ ਦੇ ਕੌਂਸਲਰ ਸੰਦੀਪ ਕੁਮਾਰ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਨੇ ਸਪੱਸ਼ਟ ਕਿਹਾ ਕਿ ਨਾਜਾਇਜ਼ ਕਬਜ਼ਾ ਕਿਸੇ ਵੱਲੋਂ ਵੀ ਕੀਤਾ ਜਾਵੇ, ਚਾਹੇ ਉਹ ਕੌਂਸਲਰ ਹੀ ਕਿਉਂ ਨਾ ਹੋਵੇ, ਇਹ ਬਹੁਤ ਮਾੜੀ ਗੱਲ ਹੈ ਅਤੇ ਅਜਿਹਾ ਕਬਜ਼ਾ ਤੁਰੰਤ ਹਟਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਕਾਨੂੰਨ ਸਾਰਿਆਂ ਲਈ ਇਕਸਾਰ ਹੈ। ਹਾਲਾਂਕਿ ਜਦੋਂ ਨਗਰ ਕੌਂਸਲ ਦੇ ਪ੍ਰਧਾਨ ਕਸ਼ਮੀਰੀ ਲਾਲ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਉਹ ਪਿਛਲੇ 15 ਦਿਨਾਂ ਤੋਂ ਮੰਡੀ 'ਚ ਨਹੀਂ ਗਏ ਅਤੇ ਉਨ੍ਹਾਂ ਨੂੰ ਇਸ ਮਾਮਲੇ ਦੀ ਕੋਈ ਜਾਣਕਾਰੀ ਨਹੀਂ। ਪਰ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਨਾਜਾਇਜ਼ ਕਬਜ਼ੇ ਹਟਾਉਣਾ ਕੀ ਉਨ੍ਹਾਂ ਦੀ ਜ਼ਿੰਮੇਵਾਰੀ ਨਹੀਂ, ਤਾਂ ਉਨ੍ਹਾਂ ਨੇ ਕਿਹਾ ਕਿ ਇਹ ਜ਼ਿੰਮੇਵਾਰੀ ਸਿਰਫ ਈ. ਓ. ਦੀ ਹੈ ਅਤੇ ਪ੍ਰਧਾਨ ਦਾ ਇਸ 'ਚ ਕੋਈ ਲੈਣਾ-ਦੇਣਾ ਨਹੀਂ। ਪ੍ਰਧਾਨ ਦਾ ਇਹ ਬਿਆਨ ਸ਼ਹਿਰ ਵਾਸੀਆਂ 'ਚ ਹੈਰਾਨੀ ਦਾ ਕਾਰਨ ਬਣਿਆ ਹੋਇਆ ਹੈ ਕਿਉਂਕਿ ਲੋਕ ਪ੍ਰਧਾਨ ਤੋਂ ਅਗਵਾਈ ਅਤੇ ਜਵਾਬਦੇਹੀ ਦੀ ਉਮੀਦ ਰੱਖਦੇ ਹਨ। ਦੂਜੇ ਪਾਸੇ ਨਗਰ ਕੌਂਸਲ ਦੇ ਕਾਰਜ ਸਾਧਕ ਅਫ਼ਸਰ ਤਰੁਣ ਕੁਮਾਰ ਨੇ ਸਖ਼ਤ ਰੁਖ ਅਖ਼ਤਿਆਰ ਕਰਦਿਆਂ ਕਿਹਾ ਕਿ ਕਿਸੇ ਨੂੰ ਵੀ ਚਾਹੇ ਉਹ ਨਗਰ ਕੌਂਸਲ ਦਾ ਨੁਮਾਇੰਦਾ ਹੀ ਕਿਉਂ ਨਾ ਹੋਵੇ, ਨਾਜਾਇਜ਼ ਕਬਜ਼ਾ ਕਰਨ ਦੀ ਇਜਾਜ਼ਤ ਨਹੀਂ ਹੈ। ਉਨ੍ਹਾਂ ਦੱਸਿਆ ਕਿ ਰਾਜਕੁਮਾਰ ਸਾਬਕਾ ਕੌਂਸਲਰ ਅਤੇ ਹੋਰ ਨਾਗਰਿਕਾਂ ਵੱਲੋਂ ਉਨ੍ਹਾਂ ਨੂੰ ਫੋਨ ਪ੍ਰਾਪਤ ਹੋਏ ਹਨ ਅਤੇ ਇਸ ਮਾਮਲੇ ਨੂੰ ਪਹਿਲ ਦੇ ਆਧਾਰ 'ਤੇ ਦੇਖਿਆ ਜਾ ਰਿਹਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਨਾਜਾਇਜ਼ ਕਬਜ਼ਾ ਤੁਰੰਤ ਚੁਕਵਾਇਆ ਜਾਵੇਗਾ ਅਤੇ ਜ਼ਿੰਮੇਵਾਰ ਵਿਅਕਤੀ ਖ਼ਿਲਾਫ਼ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ। ਸ਼ਹਿਰ ਦੇ ਬਹੁਤ ਸਾਰੇ ਲੋਕਾਂ ਨੇ ਈ. ਓ. ਦੇ ਇਸ ਸਖ਼ਤ ਬਿਆਨ ਦਾ ਸਵਾਗਤ ਕੀਤਾ ਹੈ। ਇਸ ਸਬੰਧੀ ਥਾਣਾ ਨਹੀਆਂ ਵਾਲਾ ਦੇ ਮੁੱਖ ਅਫ਼ਸਰ ਦਿਲਬਾਗ ਸਿੰਘ ਬਰਾੜ ਨੇ ਵੀ ਕਿਹਾ ਕਿ ਨਾਜਾਇਜ਼ ਕਬਜ਼ਾ ਕਰਨਾ ਕਾਨੂੰਨ ਦੀ ਉਲੰਘਣਾ ਹੈ। ਜਦੋਂ ਵੀ ਨਗਰ ਕੌਂਸਲ ਵੱਲੋਂ ਪੁਲਸ ਮਦਦ ਦੀ ਮੰਗ ਕੀਤੀ ਜਾਵੇਗੀ, ਪੁਲਸ ਪੂਰਾ ਸਹਿਯੋਗ ਦੇਵੇਗੀ ਅਤੇ ਕਿਸੇ ਵੀ ਸਿਆਸੀ ਦਬਾਅ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਗੋਨਿਆਣਾ ਮੰਡੀ ਦੇ ਲੋਕ ਹੁਣ ਦੇਖ ਰਹੇ ਹਨ ਕਿ ਕੀ ਇਸ ਵਾਰ ਵਾਕਈ ਕਾਰਵਾਈ ਹੁੰਦੀ ਹੈ ਜਾਂ ਫਿਰ ਇਹ ਮਾਮਲਾ ਵੀ ਫਾਈਲਾਂ ਵਿੱਚ ਦੱਬ ਜਾਵੇਗਾ। ਨਗਰ ਕੌਂਸਲ ਦੇ ਪ੍ਰਧਾਨ ਵੱਲੋਂ ਜ਼ਿੰਮੇਵਾਰੀ ਤੋਂ ਪੱਲਾ ਝਾੜਨਾ ਗੰਭੀਰ ਸਵਾਲ ਖੜ੍ਹੇ ਕਰਦਾ ਹੈ, ਜਦੋਂ ਕਿ ਈ. ਓ. ਵੱਲੋਂ ਸਖ਼ਤ ਕਾਰਵਾਈ ਦਾ ਐਲਾਨ ਲੋਕਾਂ ਲਈ ਉਮੀਦ ਦੀ ਕਿਰਨ ਹੈ। ਹੁਣ ਲੋੜ ਹੈ ਕਿ ਨਾਜਾਇਜ਼ ਕਬਜ਼ਿਆਂ ਦੇ ਇਸ ਜੰਗਲ ਰਾਜ ਨੂੰ ਖ਼ਤਮ ਕਰਕੇ ਮੰਡੀ ਨੂੰ ਖੁੱਲ੍ਹਾ ਅਤੇ ਸੁਚੱਜਾ ਬਣਾਇਆ ਜਾਵੇ, ਨਹੀਂ ਤਾਂ ਆਉਣ ਵਾਲੀਆਂ ਚੋਣਾਂ ਵਿੱਚ ਲੋਕ ਆਪਣਾ ਫ਼ੈਸਲਾ ਸੁਣਾ ਦੇਣਗੇ।

## ਅਯੁੱਧਿਆ ਕਚਹਿਰੀ 'ਚ ਬੰਬ ਹੋਣ ਦੀ ਸੂਚਨਾ ਨਾਲ ਮਚਿਆ ਹੜਕੰਪ, ਸੁਰੱਖਿਆ ਏਜੰਸੀਆਂ ਵੱਲੋਂ ਸਰਚ ਅਪ੍ਰੇਸ਼ਨ ਜਾਰੀ

ਅਯੁੱਧਿਆ 25 ਫਰਵਰੀ। ਰਾਮ ਦੀ ਨਗਰੀ ਅਯੁੱਧਿਆ ਦੇ ਕਚਹਿਰੀ ਕੰਪਲੈਕਸ ਵਿੱਚ ਸ਼ੁੱਕਰਵਾਰ ਨੂੰ ਉਸ ਸਮੇਂ ਹੜਕੰਪ ਮਚ ਗਿਆ, ਜਦੋਂ ਉੱਥੇ ਬੰਬ ਹੋਣ ਦੀ ਸੂਚਨਾ ਮਿਲੀ। ਇਹ ਸੂਚਨਾ ਇੱਕ ਈ-ਮੇਲ ਰਾਹੀਂ ਪ੍ਰਾਪਤ ਹੋਈ ਸੀ, ਜਿਸ ਤੋਂ ਤੁਰੰਤ ਬਾਅਦ ਪੁਲਸ ਪ੍ਰਸ਼ਾਸਨ ਪੂਰੀ ਤਰ੍ਹਾਂ ਅਲਰਟ ਹੋ ਗਿਆ। ਸੁਰੱਖਿਆ ਏਜੰਸੀਆਂ ਨੇ ਬਿਨਾਂ ਕਿਸੇ ਦੇਰੀ ਦੇ ਪੂਰੇ ਕਚਹਿਰੀ ਕੰਪਲੈਕਸ ਨੂੰ ਘੇਰ ਲਿਆ ਅਤੇ ਸਾਵਧਾਨੀ ਵਜੋਂ ਲੋਕਾਂ ਨੂੰ ਬਾਹਰ ਕੱਢਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ। ਸੂਚਨਾ ਮਿਲਦੇ ਹੀ ਬੰਬ ਨਿਰੋਧਕ ਦਸਤੇ ਅਤੇ ਡੌਗ ਸਕੁਐਡ ਨੂੰ ਮੌਕੇ 'ਤੇ ਬੁਲਾਇਆ ਗਿਆ। ਇਨ੍ਹਾਂ ਟੀਮਾਂ ਵੱਲੋਂ ਕਚਹਿਰੀ ਕੰਪਲੈਕਸ ਦੇ ਅੰਦਰ ਅਤੇ ਆਲੇ-ਦੁਆਲੇ ਦੇ ਇਲਾਕਿਆਂ 'ਚ ਡੂੰਘਾਈ ਨਾਲ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਹੈ। ਕਿਸੇ ਵੀ ਤਰ੍ਹਾਂ ਦੇ ਖ਼ਤਰੇ ਤੋਂ ਬਚਣ ਲਈ ਪੁਲਸ ਨੇ ਅਨਾਊਂਸਮੈਂਟ ਕਰਵਾ ਕੇ ਕਚਹਿਰੀ ਨੂੰ ਪੂਰੀ ਤਰ੍ਹਾਂ ਖਾਲੀ ਕਰਵਾ ਲਿਆ ਹੈ। ਮੌਕੇ 'ਤੇ ਭਾਰੀ ਪੁਲਸ ਬਲ, ਪੀ.ਏ.ਸੀ. () ਅਤੇ ਹੋਰ ਸੁਰੱਖਿਆ ਏਜੰਸੀਆਂ ਤਾਇਨਾਤ ਕੀਤੀਆਂ ਗਈਆਂ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਹਾਲੇ ਤੱਕ ਕੋਈ ਵੀ ਸ਼ੱਕੀ ਵਸਤੂ ਬਰਾਮਦ ਨਹੀਂ ਹੋਈ, ਪਰ ਪੂਰੀ ਚੌਕਸੀ ਵਰਤੀ ਜਾ ਰਹੀ ਹੈ। ਪੁਲਸ ਵੱਲੋਂ ਈ-ਮੇਲ ਭੇਜਣ ਵਾਲੇ ਦੀ ਪਛਾਣ ਅਤੇ ਦਿੱਤੀ ਗਈ ਸੂਚਨਾ ਦੀ ਸੱਚਾਈ ਦੀ ਜਾਂਚ ਕੀਤੀ ਜਾ ਰਹੀ ਹੈ।

## ਸੁਖਪਾਲ ਖਹਿਰਾ ਦੇ ਘਰ 'ਤੇ ਜ਼ਬਰਨ ਚਲਾਇਆ ਗਿਆ ਪੀਲਾ ਪੰਜਾ, ਤਣਾਅਪੂਰਨ ਬਣਿਆ ਮਾਹੌਲ

ਕਪੂਰਥਲਾ 25 ਫਰਵਰੀ। ਸਰਕਾਰ ਦੇ ਹੁਕਮਾਂ 'ਤੇ ਕਾਂਗਰਸ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਘਰ ਦੀ ਕੰਧ ਦਾ ਪਿੱਲਰ ਢਾਅ ਦਿੱਤਾ ਗਿਆ। ਪੰਜਾਬ ਦੇ ਪੁਲਸ ਵੱਡੇ ਅਧਿਕਾਰੀ ਭਾਰੀ ਪੁਲਸ ਅਮਲੇ ਨਾਲ ਅੱਜ ਭੁਲੱਥ ਸਥਿਤ ਰਾਮਗੜ੍ਹ ਰਿਹਾਇਸ਼ 'ਤੇ ਪਹੁੰਚੇ। ਇਸ ਦੌਰਾਨ ਸੁਖਪਾਲ ਖਹਿਰਾ ਡਿੱਚ ਮਸ਼ੀਨ ਦੇ ਸਾਹਮਣੇ ਹੀ ਧਰਨੇ ਉਪਰ ਬੈਠ ਗਏ। ਭਾਰੀ ਪੁਲਸ ਫੋਰਸ ਨਾਲ ਪਹੁੰਚੇ ਵੱਡੇ ਅਫ਼ਸਰਾਂ ਨੇ ਨਾ ਸਿਰਫ ਧਰਨੇ ਉਪਰ ਬੈਠੇ ਸੁਖਪਾਲ ਖਹਿਰਾ ਨੂੰ ਜ਼ਬਰਨ ਉਠਾ ਕੇ ਵਿਰੋਧ ਪ੍ਰਦਰਸ਼ਨ ਤੋਂ ਰੋਕ ਦਿੱਤਾ। ਸਗੋਂ ਵਿਰੋਧ ਦੇ ਬਾਵਜੂਦ ਡਿੱਚ ਮਸ਼ੀਨ ਚਲਾਈ ਗਈ। ਇਸ ਦੌਰਾਨ ਦੰਗਾ ਰੋਕੂ ਫੋਰਸ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਤਾਇਨਾਤ ਕੀਤੀ ਗਈ। ਖਹਿਰਾ ਦੇ ਸਮਰਥਕਾਂ ਵੱਲੋਂ ਪੰਜਾਬ ਸਰਕਾਰ ਮੁਰਦਾਬਾਦ ਦੇ ਨਾਅਰੇ ਲਗਾ ਕੇ ਇਸ ਕਾਰਵਾਈ ਦਾ ਜ਼ਬਰਦਸਤ ਵਿਰੋਧ ਕੀਤਾ ਗਿਆ।

## ਕਾਰ 'ਚੋਂ ਔਰਤ ਦਾ ਪਰਸ ਕੱਢ ਕੇ ਭੱਜਣ ਵਾਲਾ ਗ੍ਰਿਫ਼ਤਾਰ

ਮੋਗਾ 25 ਫਰਵਰੀ। ਮੋਗਾ-ਲੁਧਿਆਣਾ ਜੀ. ਟੀ. ਰੋਡ 'ਤੇ ਬਣੇ ਆਊਟਲੈਟ ਵਿੱਚ ਆਪਣੇ ਪਤੀ ਨਾਲ ਖਾਣ ਪੀਣ ਲਈ ਗਈ ਔਰਤ ਦਾ ਪਰਸ ਕਾਰ ਵਿੱਚੋਂ ਕੱਢ ਕੇ ਭੱਜਣ ਵਾਲੇ ਕਾਰ ਚਾਲਕ ਬਲਵਿੰਦਰ ਸਿੰਘ



ਨਿਵਾਸੀ ਰੱਬ ਨਗਰ ਮੋਗਾ ਨੂੰ ਕਾਰ ਸਮੇਤ ਕਾਬੂ ਕਰਕੇ ਉਸ ਕੋਲੋਂ ਪਰਸ ਬਰਾਮਦ ਕੀਤਾ ਹੈ। ਕਥਿਤ ਮੁਲਜ਼ਮ ਖ਼ਿਲਾਫ਼ ਥਾਣਾ ਸਿਟੀ ਮੋਗਾ ਵਿੱਚ ਮਾਮਲਾ ਦਰਜ ਕਰ ਲਿਆ ਗਿਆ ਹੈ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਫੋਕਲ ਪੁਆਇੰਟ ਪੁਲਸ ਚੌਕੀ ਦੇ ਸਹਾਇਕ ਥਾਣੇਦਾਰ ਸਤਨਾਮ ਸਿੰਘ ਨੇ ਦੱਸਿਆ ਕਿ ਸ਼ਿਕਾਇਤ ਕਰਤਾ ਅਨੀਤਾ ਅਰੋੜਾ ਨਿਵਾਸੀ ਸਿਵਲ ਲਾਈਨ ਮੋਗਾ ਨੇ ਕਿਹਾ ਬੀਤੀ 13 ਫਰਵਰੀ ਦੀ ਰਾਤ ਨੂੰ ਉਹ ਆਪਣੇ ਪਤੀ ਰਜਨੀਸ਼ ਅਰੋੜਾ ਦੇ ਨਾਲ ਆਊਟਲੈੱਟ ਤੋਂ ਖਾਣ-ਪੀਣ ਲਈ ਗਈ ਸੀ। ਉਸ ਦਾ ਪਤੀ ਖਾਣ-ਪੀਣ ਦਾ ਸਾਮਾਨ ਲੈਣ ਲਈ ਚਲਾ ਗਿਆ ਜਦਕਿ ਉਹ ਕਾਰ ਦੀ ਅਗਲੀ ਸੀਟ 'ਤੇ ਬੈਠੀ ਰਹੀ ਅਤੇ ਉਸ ਦਾ ਪਰਸ ਪਿੱਛੇ ਸੀਟ 'ਤੇ ਪਿਆ ਸੀ। ਕਥਿਤ ਮੁਲਜ਼ਮ ਬਲਵਿੰਦਰ ਸਿੰਘ ਨੇ ਕਾਰ ਦੀ ਪਿਛਲੀ ਬਾਰੀ ਖੋਲ੍ਹ ਕੇ ਉਸ ਦਾ ਪਰਸ ਕੱਢਿਆ ਅਤੇ ਫਰਾਰ ਹੋ ਗਿਆ। ਜਿਸ ਵਿੱਚ ਉਸ ਦਾ ਪਾਸਪੋਰਟ, ਆਧਾਰ ਕਾਰਡ, ਵੋਟਰ ਕਾਰਡ ,ਪੈਨ ਕਾਰਡ ਅਤੇ 3 ਹਜ਼ਾਰ ਰੁਪਏ ਨਗਦ ਸਨ। ਜਿਸ ਦਾ ਪਤਾ ਲੱਗਣ 'ਤੇ ਮੈਂ ਰੌਲਾ ਪਾਇਆ ਅਤੇ ਪੁਲਸ ਨੂੰ ਸੂਚਿਤ ਕੀਤਾ। ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸਹਾਇਕ ਥਾਣੇਦਾਰ ਸਤਨਾਮ ਸਿੰਘ ਨੇ ਜਦੋਂ ਇਲਾਕੇ ਵਿੱਚ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਨੂੰ ਖੰਗਾਲਿਆ ਤਾਂ ਉਸ ਵਿੱਚ ਬਲਵਿੰਦਰ ਸਿੰਘ ਦੀ ਤਸਵੀਰ ਕੈਦ ਹੋ ਗਈ । ਜਿਸ 'ਤੇ ਉਨ੍ਹਾਂ ਕਥਿਤ ਮੁਲਜ਼ਮ ਜੋ ਕਾਰ ਚਾਲਕ ਦੱਸਿਆ ਜਾ ਰਿਹਾ ਹੈ, ਨੂੰ ਕਾਬੂ ਕਰਕੇ ਉਸ ਕੋਲੋਂ ਪਰਸ ਬਰਾਮਦ ਕੀਤਾ। ਸਹਾਇਕ ਥਾਣੇਦਾਰ ਸਤਨਾਮ ਸਿੰਘ ਨੇ ਦੱਸਿਆ ਕਥਿਤ ਮੁਲਜ਼ਮ ਨੂੰ ਪੁੱਛਗਿੱਛ ਦੇ ਬਾਅਦ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਦੋ ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ।

## ਗੁਜਰਾਤ 'ਚ ਰੂਹ ਕੰਬਾਊ ਹਾਦਸਾ: ਵਿਆਹ ਤੋਂ ਪਰਤ ਰਹੇ ਇੱਕੋ ਪਰਿਵਾਰ ਦੇ 5 ਮੈਂਬਰਾਂ ਦੀ ਮੌਤ, 6 ਜ਼ਖ਼ਮੀ

ਮਹਿਸਾਣਾ 25 ਫਰਵਰੀ। ਗੁਜਰਾਤ ਦੇ ਉਂਝਾ-ਮਹਿਸਾਣਾ ਹਾਈਵੇਅ 'ਤੇ ਵਾਪਰੇ ਇੱਕ ਦਰਦਨਾਕ ਹਾਦਸੇ ਵਿੱਚ ਇੱਕੋ ਪਰਿਵਾਰ ਦੇ ਪੰਜ ਮੈਂਬਰਾਂ ਦੀ ਮੌਤ ਹੋ ਗਈ ਅਤੇ ਛੇ ਹੋਰ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਇਹ ਹਾਦਸਾ ਤੜਕਸਾਰ ਉਨਾਵਾ ਪਿੰਡ ਦੇ ਨੇੜੇ ਉਦੋਂ ਵਾਪਰਿਆ, ਜਦੋਂ ਇੱਕ ਮਿਨੀਵੈਨ ਬੇਕਾਬੂ ਹੋ ਕੇ ਡਿਵਾਈਡਰ ਨਾਲ ਜਾ ਟਕਰਾ ਗਈ। ਇਸ ਹਾਦਸੇ ਨਾਲ ਮੌਕੇ 'ਤੇ ਹ਼ਫੜਾ-ਦਫ਼ੜੀ ਮਚ ਗਈ। ਮੌਕੇ 'ਤੇ ਮੌਜੂਦ ਲੋਕਾਂ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ। ਪੁਲਸ ਤੋਂ ਮਿਲੀ ਜਾਣਕਾਰੀ ਅਨੁਸਾਰ ਹਾਦਸੇ ਦਾ ਸ਼ਿਕਾਰ ਹੋਇਆ ਪਰਿਵਾਰ ਰਾਜਸਥਾਨ ਦੇ ਪਾਲੀ ਜ਼ਿਲ੍ਹੇ ਵਿੱਚ ਆਪਣੇ ਜੱਦੀ ਸਥਾਨ 'ਤੇ ਇੱਕ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਤੋਂ ਬਾਅਦ ਅਹਿਮਦਾਬਾਦ ਪਰਤ ਰਿਹਾ ਸੀ। ਉਨਾਵਾ ਪੁਲਸ ਨਿਰੀਖਕ ਪੀ.ਡੀ. ਦਾਰਜੀ ਨੇ ਦੱਸਿਆ ਕਿ ਹਾਈਵੇਅ 'ਤੇ ਡਰਾਈਵਰ ਨੇ ਵਾਹਨ ਤੋਂ ਕੰਟਰੋਲ ਗੁਆ ਦਿੱਤਾ ਸੀ, ਜਿਸ ਕਾਰਨ ਇਹ ਭਿਆਨਕ ਟੱਕਰ ਹੋਈ। ਹਾਦਸੇ ਵਿੱਚ ਚਾਰ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਿਨ੍ਹਾਂ ਦੀ ਪਛਾਣ ਰਾਮਲਾਲ ਕੁਮਾਵਤ, ਕੋਮਲ ਕੁਮਾਵਤ, ਕੈਲਾਸ਼ਭਾਈ ਕੁਮਾਵਤ, ਆਯੂਸ਼ ਕੁਮਾਵਤ (4 ਸਾਲ) ਵਜੋਂ ਹੋਈ ਹੈ। ਇਸ ਤੋਂ ਇਲਾਵਾ ਹਸਪਤਾਲ ਵਿੱਚ ਇਲਾਜ ਦੌਰਾਨ ਮਥੁਰਾਦੇਵੀ ਕੁਮਾਵਤ ਨਾਮਕ ਇੱਕ ਬਜ਼ੁਰਗ ਮਹਿਲਾ ਨੇ ਦਮ ਤੋੜ ਦਿੱਤਾ, ਜਿਸ ਨਾਲ ਮਰਨ ਵਾਲਿਆਂ ਦੀ ਕੁੱਲ ਗਿਣਤੀ ਪੰਜ ਹੋ ਗਈ ਹੈ। ਇਸ ਹਾਦਸੇ ਦੌਰਾਨ ਗੰਭੀਰ ਜ਼ਖ਼ਮੀ ਹੋਏ ਲੋਕਾਂ ਦਾ ਇਲਾਜ ਜਾਰੀ ਹੈ। ਮਹਿਸਾਣਾ ਦੇ ਸਿਵਲ ਹਸਪਤਾਲ ਵਿੱਚ ਛੇ ਜ਼ਖਮੀਆਂ ਦਾ ਇਲਾਜ ਚੱਲ ਰਿਹਾ ਹੈ। ਪੁਲਸ ਨੇ ਇਸ ਸਬੰਧੀ ਮਾਮਲਾ ਦਰਜ ਕਰਕੇ ਅਗਲੇਰੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ ਹੈ।

## 'ਮੌਤ ਦਾ ਰਾਹ' ਬਣ ਗਈ ਟਿਊਸ਼ਨ ਦੀ ਸੜਕ ! 10ਵੀਂ 'ਚ ਪੜ੍ਹਦੇ ਮੁੰਡੇ ਦਾ ਚਾਕੂ ਮਾਰ-ਮਾਰ ਕਤਲ

ਨੈਸ਼ਨਲ ਡੈਸਕ 25 ਫਰਵਰੀ। ਹਰਿਆਣਾ ਦੇ ਕੈਥਲ ਜ਼ਿਲ੍ਹੇ ਦੇ ਪਿੰਡ ਖਰਕਾਂ (ਗੁਹਲਾ-ਚੀਕਾ ਖੰਡ) ਵਿੱਚ ਇੱਕ ਬੇਹੱਦ ਖ਼ੌਫ਼ਨਾਕ ਘਟਨਾ ਸਾਹਮਣੇ ਆਈ ਹੈ। ਇੱਥੇ 10ਵੀਂ ਜਮਾਤ ਦੇ ਇੱਕ ਵਿਦਿਆਰਥੀ ਨਵਰਾਜਦੀਪ ਦਾ ਚਾਕੂ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਇਸ ਹਮਲੇ ਵਿੱਚ ਉਸਦਾ ਸਾਥੀ ਵਿਨੀਤ ਵੀ ਗੰਭੀਰ ਰੂਪ ਵਿੱਚ ਜ਼ਖਮੀ ਹੋਇਆ ਹੈ, ਜਿਸ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਜਾਣਕਾਰੀ ਅਨੁਸਾਰ ਨਵਰਾਜਦੀਪ ਰੋਜ਼ਾਨਾ ਦੀ ਤਰ੍ਹਾਂ ਆਪਣੇ ਘਰ ਤੋਂ ਟਿਊਸ਼ਨ ਪੜ੍ਹਨ ਲਈ ਨਿਕਲਿਆ ਸੀ। ਜਦੋਂ ਉਹ ਰਾਮਥਲੀ ਨਹਿਰ ਦੇ ਕੋਲ ਪਹੁੰਚਿਆ ਤਾਂ ਕੁਝ ਹਮਉਮਰ ਨੌਜਵਾਨਾਂ ਨਾਲ ਉਸਦਾ ਝਗੜਾ ਹੋ ਗਿਆ। ਇਸੇ ਦੌਰਾਨ ਹਮਲਾਵਰਾਂ ਨੇ ਨਵਰਾਜਦੀਪ ਅਤੇ ਵਿਨੀਤ 'ਤੇ ਚਾਕੂਆਂ ਨਾਲ ਤਾਬੜਤੋੜ ਹਮਲਾ ਕਰ ਦਿੱਤਾ। ਹਮਲਾਵਰਾਂ ਨੇ ਨਵਰਾਜਦੀਪ ਦੇ ਸਰੀਰ 'ਤੇ 8 ਤੋਂ 10 ਵਾਰ ਕੀਤੇ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਾਂਚ ਅਧਿਕਾਰੀ ਨਾਇਬ ਸਿੰਘ ਨੇ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮ੍ਰਿਤਕ ਦੀ ਮੁਲਜ਼ਮਾਂ ਨਾਲ ਪਹਿਲਾਂ ਵੀ ਕਿਸੇ ਗੱਲ ਨੂੰ ਲੈ ਕੇ ਬਹਿਸ ਹੋਈ ਸੀ। ਪੁਲਸ ਨੇ ਇਸ ਮਾਮਲੇ ਵਿੱਚ 5 ਨਾਮਜ਼ਦ ਅਤੇ 12 ਹੋਰ ਅਣਪਛਾਤੇ ਵਿਅਕਤੀਆਂ ਵਿਰੁੱਧ ਕੇਸ ਦਰਜ ਕਰ ਲਿਆ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਟੀਮ ਮੌਕੇ 'ਤੇ ਪਹੁੰਚੀ ਅਤੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ। ਪੁਲਸ ਨੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ। ਇਸ ਘਟਨਾ ਤੋਂ ਬਾਅਦ ਪਿੰਡ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ ਅਤੇ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

## ਕਲਯੁਗੀ ਪਿਓ ਨੇ ਪਾਰ ਕੀਤੀਆਂ ਹੈਵਾਨੀਅਤ ਦੀਆਂ ਹੱਦਾਂ, ਆਪਣੀ ਹੀ ਧੀ ਦੀ ਰੋਲੀ ਪੱਤ

**ਕੌਮੀ ਪਤ੍ਰਿਕਾ**

ਲੁਧਿਆਣਾ 25 ਫਰਵਰੀ। ਸਮਾਜ ਨੂੰ ਸ਼ਰਮਸਾਰ ਕਰ ਦੇਣ ਵਾਲਾ ਇਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ ਜਿਸ ਨੇ ਪਿਓ-ਧੀ ਦੇ ਪਵਿੱਤਰ ਰਿਸ਼ਤੇ ਨੂੰ ਕਲੰਕਿਤ ਕਰ ਦਿੱਤਾ ਹੈ। ਇਕ ਕਲਯੁਗੀ ਪਿਓ ਨੇ ਆਪਣੀ ਹੀ ਮਾਸੂਮ ਧੀ ਨੂੰ ਹਵਸ ਦਾ ਸ਼ਿਕਾਰ ਬਣਾ ਕੇ ਰਿਸ਼ਤਿਆਂ ਦੀ ਮਰਿਆਦਾ ਨੂੰ ਤਾਰ-ਤਾਰ ਕਰ ਦਿੱਤਾ। ਇਸ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਘਟਨਾ ਤੋਂ ਬਾਅਦ ਇਲਾਕੇ ਵਿਚ ਭਾਰੀ ਰੋਸ ਅਤੇ ਦਹਿਸ਼ਤ ਦਾ ਮਾਹੌਲ ਹੈ। ਪੀੜਤਾ ਦੀ ਸ਼ਿਕਾਇਤ 'ਤੇ ਥਾਣਾ ਟਿੱਬਾ ਦੀ ਪੁਲਸ ਨੇ ਮੁਲਜ਼ਮ ਪਿਤਾ ਰਾਕੇਸ਼ ਕੁਮਾਰ ਦੇ ਖ਼ਿਲਾਫ਼ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੀੜਤਾ ਨੇ ਪੁਲਸ ਨੂੰ ਦਿੱਤੇ ਆਪਣੇ ਬਿਆਨਾਂ ਵਿਚ ਹੱਡਬੀਤੀ ਸੁਣਾਉਂਦੇ ਹੋਏ ਦੱਸਿਆ ਕਿ ਘਟਨਾ 8 ਫਰਵਰੀ ਦੀ ਰਾਤ ਦੀ ਹੈ। ਉਸ ਸਮੇਂ ਉਹ ਘਰ ਵਿਚ ਆਪਣੇ ਪਿਤਾ ਨਾਲ ਇਕੱਲੀ ਸੀ। ਪੀੜਤਾ ਮੁਤਾਬਕ, ਰਾਤ ਕਰੀਬ 9



ਵਜੇ ਦੇ ਵਿਚਕਾਰ ਉਸ ਦਾ ਪਿਤਾ ਰਾਕੇਸ਼ ਕੁਮਾਰ ਸਿੰਘ ਸ਼ਰਾਬ ਦੇ ਨਸ਼ੇ ਵਿਚ ਧੁੱਤ ਹੋ ਕੇ ਉਸ ਦੇ ਕਮਰੇ ਵਿਚ ਦਾਖ਼ਲ ਹੋਇਆ। ਸ਼ਰਾਬ ਦੇ ਨਸ਼ੇ ਵਿਚ ਅੰਨ੍ਹੇ ਹੋ ਚੁੱਕੇ ਪਿਤਾ ਨੇ ਆਪਣੀ ਹੀ ਧੀ ਨੂੰ ਦੇਖ ਕੇ ਹੈਵਾਨੀਅਤ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ। ਪੀੜਤਾ ਨੇ ਦੱਸਿਆ ਕਿ ਮੁਲਜ਼ਮ ਪਿਤਾ ਉਸ ਨੂੰ ਜ਼ਬਰਦਸਤੀ ਘੜੀਸਦੇ ਹੋਏ ਕਮਰੇ ਤੋਂ ਬਾਹਰ ਹਾਲ ਵਿਚ ਲੈ ਗਿਆ। ਉੱਥੇ ਉਸ ਨਾਲ ਜ਼ਬਰਦਸਤੀ ਜ਼ਬਰ-ਜ਼ਿਨਾਹ ਕੀਤਾ। ਪੀੜਤਾ ਦਾ ਚੀਕ-ਚਿਹਾੜਾ ਸੁਣਨ ਵਾਲਾ ਉੱਥੇ ਕੋਈ ਨਹੀਂ ਸੀ, ਜਿਸ ਦਾ ਫਾਇਦਾ ਚੁੱਕ ਕੇ ਮੁਲਜ਼ਮ ਇਸ ਘਿਨਾਉਣੀ ਵਾਰਦਾਤ ਨੂੰ ਅੰਜਾਮ ਦੇ ਕੇ ਮੌਕੇ ਤੋਂ ਫਰਾਰ ਹੋ ਗਿਆ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਹਿਲਾ ਸੁਰੱਖਿਆ ਅਤੇ ਅਜਿਹੇ ਘਿਨਾਉਣੇ ਅਪਰਾਧਾਂ ਨੂੰ ਲੈ ਕੇ ਵਿਭਾਗ ਸਖਤ ਹੈ। ਮੁਲਜ਼ਮ ਨੂੰ ਕੜੀ ਸਜ਼ਾ ਦਿਵਾਉਣ ਲਈ ਪੁਲਸ ਹਰ ਪਹਿਲੂ ਤੋਂ ਜਾਂਚ ਕਰ ਰਹੀ ਹੈ।

## ਖ਼ਸਤਾ ਹਾਲਤ ਸੜਕ ਕਾਰਨ ਵਾਪਰਿਆ ਸੜਕ ਹਾਦਸਾ

ਹਾਜੀਪੁਰ 25 ਫਰਵਰੀ। ਹਾਜੀਪੁਰ-ਦਸੂਹਾ ਮੁੱਖ ਮਾਰਗ 'ਤੇ ਪੈਂਦੇ ਪਿੰਡ ਨੰਗਲ ਬਿਹਾਲਾਂ ਦੇ ਨਜ਼ਦੀਕ ਇਕ ਭਿਆਨਕ ਸੜਕ ਹਾਦਸਾ ਵਾਪਰਨ ਦੀ ਖ਼ਬਰ ਮਿਲੀ ਹੈ। ਇਹ ਹਾਦਸਾ ਸੜਕ ਦੀ ਬਦਤਰ ਹਾਲਤ ਕਾਰਨ ਵਾਪਰਿਆ, ਜਿਸ 'ਚ ਇਕ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ ਪਰ ਖ਼ੁਸ਼ਕਿਸਮਤੀ ਨਾਲ ਕਾਰ ਚਾਲਕ ਦੀ ਜਾਨ ਬਚ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਇਕ ਕਾਰ ਪਿੰਡ ਨੰਗਲ ਬਿਹਾਲਾਂ ਤੋਂ ਅੱਗੇ ਕੁਝ ਦੂਰੀ 'ਤੇ ਪਹੁੰਚੀ ਤਾਂ ਸੜਕ ਖਸਤਾ ਹੋਣ ਕਾਰਨ ਚਾਲਕ ਨੇ ਅਚਾਨਕ ਸੰਤੁਲਨ ਗੁਆ ਦਿੱਤਾ। ਬੇਕਾਬੂ ਹੋਈ ਕਾਰ ਸੜਕ ਕਿਨਾਰੇ ਲੱਗੇ ਮਿੱਟੀ ਦੇ ਢੇਰਾਂ 'ਤੇ ਚੜ੍ਹ ਗਈ ਤੇ ਬਾਅਦ ਚਕਨਾਚੂਰ ਹੋ ਗਈ। ਹਾਦਸਾ ਇੰਨਾ ਭਿਆਨਕ ਸੀ ਕਿ ਕਾਰ ਦੇ ਪਰਖੱਚੇ ਉੱਡ ਗਏ, ਜਿਸ ਨੂੰ ਵੇਖ ਕੇ ਹਰ ਕੋਈ ਦੰਗ ਰਹਿ ਗਿਆ। ਹਾਲਾਂਕਿ ਚਾਲਕ ਨੂੰ ਗੰਭੀਰ ਸੱਟਾਂ ਨਹੀਂ ਲੱਗੀਆਂ। ਮੌਕੇ 'ਤੇ ਇਕੱਠੇ ਹੋਏ ਸਥਾਨਕ ਲੋਕਾਂ ਨੇ ਤੁਰੰਤ ਮੁਸਤੈਦੀ ਵਿਖਾਉਂਦੇ ਹੋਏ ਚਾਲਕ ਨੂੰ ਸੁਰੱਖਿਅਤ ਬਾਹਰ ਕੱਢਿਆ। ਸਥਾਨਕ ਲੋਕਾਂ ਨੇ ਪ੍ਰਸ਼ਾਸਨ ਖ਼ਿਲਾਫ਼ ਰੋਸ ਜਤਾਉਂਦਿਆਂ ਕਿਹਾ ਕਿ ਸੜਕਾਂ ਦੀ ਮਾੜੀ ਹਾਲਤ ਰੋਜ਼ਾਨਾ ਹਾਦਸਿਆਂ ਨੂੰ ਸੱਦਾ ਦੇ ਰਹੀ ਹੈ। ਜੇਕਰ ਸਮੇਂ ਸਿਰ ਸੜਕ ਦੀ ਮੁਰੰਮਤ ਨਾ ਕੀਤੀ ਗਈ ਤਾਂ ਕੋਈ ਵੱਡਾ ਜਾਨੀ ਨੁਕਸਾਨ ਹੋ ਸਕਦਾ ਹੈ।

## ਵਿਆਹ 'ਚ ਹੋਏ ਵਿਵਾਦ ਨੇ ਧਾਰਿਆ ਖ਼ੂਨੀ ਰੂਪ !

ਨੈਸ਼ਨਲ ਡੈਸਕ 25 ਫਰਵਰੀ। ਹਰਿਆਣਾ ਤੋਂ ਇਕ ਸਨਸਨੀਖੇਜ਼ ਖ਼ਬਰ ਮਿਲੀ ਹੈ, ਜਿੱਥੋਂ ਦੇ ਅੰਬਾਲਾ ਕੈਂਟ ਸਥਿਤ ਇੱਕ ਪੈਲੇਸ ਵਿੱਚ ਐਤਵਾਰ ਰਾਤ ਨੂੰ ਹੋਏ ਝਗੜੇ ਦੌਰਾਨ ਇੱਕ 22 ਸਾਲਾ ਨੌਜਵਾਨ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਇਸ ਹਮਲੇ ਵਿੱਚ ਮ੍ਰਿਤਕ ਦੇ 2 ਦੋਸਤ ਵੀ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਹਨ। ਮ੍ਰਿਤਕ ਦੀ ਪਛਾਣ ਅੰਬਾਲਾ ਸ਼ਹਿਰ ਦੇ ਰਹਿਣ ਵਾਲੇ ਸੋਨੂ (22) ਵਜੋਂ ਹੋਈ ਹੈ। ਉਸ ਦੇ ਦੋਸਤ ਭੁਪਿੰਦਰ (20) ਅਤੇ ਜਸਰਾਜ (19) ਹਸਪਤਾਲ ਵਿੱਚ ਜ਼ੇਰੇ ਇਲਾਜ ਹਨ। ਸੋਨੂ ਆਪਣੇ ਦੋਸਤਾਂ ਨਾਲ ਇੱਕ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਗਿਆ ਸੀ। ਉੱਥੇ ਕਿਸੇ ਗੱਲ ਨੂੰ ਲੈ ਕੇ ਦੋ ਗੁੱਟਾਂ ਵਿੱਚ ਬਹਿਸ ਹੋ ਗਈ, ਜੋ ਇੰਨੀ ਵਧ ਗਈ ਕਿ ਦੂਜੀ ਧਿਰ ਨੇ ਚਾਕੂਆਂ ਨਾਲ ਹਮਲਾ ਕਰ ਦਿੱਤਾ। ਪੁਲਸ ਨੂੰ ਘਟਨਾ ਵਾਲੀ ਥਾਂ ਤੋਂ ਸੀ.ਸੀ.ਟੀ.ਵੀ. ਫੁਟੇਜ ਮਿਲੀ ਹੈ, ਜਿਸ ਵਿੱਚ ਕੁਝ ਨੌਜਵਾਨ ਤਿੰਨਾਂ ਦੋਸਤਾਂ 'ਤੇ ਚਾਕੂਆਂ ਨਾਲ ਵਾਰ ਕਰਦੇ ਦਿਖਾਈ ਦੇ ਰਹੇ ਹਨ। ਪੁਲਸ ਨੇ ਪਰਿਵਾਰ ਦੇ ਬਿਆਨਾਂ ਦੇ ਆਧਾਰ 'ਤੇ ਮਾਮਲਾ ਦਰਜ ਕਰ ਲਿਆ ਹੈ। ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਵਿਸ਼ੇਸ਼ ਟੀਮਾਂ ਬਣਾਈਆਂ ਗਈਆਂ ਹਨ, ਜੋ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕਰ ਰਹੀਆਂ ਹਨ। ਹਮਲਾਵਰ ਵਾਰਦਾਤ ਤੋਂ ਬਾਅਦ ਮੌਕੇ ਤੋਂ ਫ਼ਰਾਰ ਹੋ ਗਏ ਸਨ।

## 100 ਅਤੇ 500 ਰੁਪਏ ਦੇ ਆਉਣਗੇ ਨਵੇਂ ਨੋਟ !

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 25 ਫਰਵਰੀ। ਭਾਰਤੀ ਰਿਜਰਵ ਬੈਂਕ ਨੇ ਸਭ ਤੋਂ ਵੱਧ ਵਰਤੀ ਜਾਣ ਵਾਲੀ ਕਰੰਸੀ, 100 ਅਤੇ 500 ਰੁਪਏ ਦੇ ਨੋਟਾਂ ਵਿੱਚ ਕਈ ਅਹਿਮ ਬਦਲਾਅ ਕਰਨ ਦਾ ਫੈਸਲਾ ਕੀਤਾ ਹੈ। ਰਿਜਰਵ ਬੈਂਕ ਦਾ ਮੁੱਖ ਉਦੇਸ਼ ਇਨ੍ਹਾਂ ਨੋਟਾਂ ਵਿੱਚ ਸੁਰੱਖਿਆ ਫੀਚਰ ਵਧਾ ਕੇ ਇਨ੍ਹਾਂ ਨੂੰ ਨਕਲੀ ਨੋਟਾਂ ਤੋਂ ਬਚਾਉਣਾ ਹੈ। ਇਸ ਦੇ ਨਾਲ ਹੀ ਨੋਟਾਂ ਦੀ ਛਪਾਈ ਲਈ ਵਰਤੇ ਜਾਣ ਵਾਲੇ ਕਾਗਜ਼ ਦੀ ਗੁਣਵੱਤਾ ਵਿੱਚ ਵੀ ਸੁਧਾਰ ਕੀਤਾ ਗਿਆ ਹੈ ਤਾਂ ਜੋ ਇਹ ਜਲਦੀ ਖਰਾਬ ਨਾ ਹੋਣ। ਆਰ.ਬੀ.ਆਈ. ਅਨੁਸਾਰ ਭਾਵੇਂ ਡਿਜੀਟਲ ਭੁਗਤਾਨ ਦੀ ਪ੍ਰਸਿੱਧੀ ਵਧੀ ਹੈ, ਪਰ ਅਜੇ ਵੀ ਪੇਂਡੂ ਇਲਾਕਿਆਂ, ਟਰਾਂਸਪੋਰਟ ਅਤੇ ਛੋਟੇ ਕਾਰੋਬਾਰਾਂ ਵਿੱਚ ਨਕਦੀ ਦੀ ਵਰਤੋਂ ਕਾਫੀ ਜ਼ਿਆਦਾ ਹੁੰਦੀ ਹੈ। ਰੋਜ਼ਾਨਾ ਲੈਣ-ਦੇਣ ਵਿੱਚ ਸਭ ਤੋਂ ਵੱਧ ਵਰਤੋਂ 100 ਅਤੇ 500 ਦੇ ਨੋਟਾਂ ਦੀ ਹੀ ਹੁੰਦੀ ਹੈ। ਇਸ ਲਈ ਇਨ੍ਹਾਂ ਨੋਟਾਂ ਨੂੰ ਲੰਬੇ ਸਮੇਂ ਤੱਕ ਚੱਲਣਯੋਗ ਬਣਾਉਣ ਅਤੇ ਨਕਲੀ ਨੋਟਾਂ 'ਤੇ ਲਗਾਮ ਕੱਸਣ ਲਈ ਵਾਟਰਮਾਰਕ, ਮਾਈਕਰੋ-



ਪ੍ਰਿੰਟਿੰਗ ਅਤੇ ਸਿਆਹੀ ਵਿੱਚ ਸੁਧਾਰ ਕੀਤਾ ਗਿਆ ਹੈ। 100 ਰੁਪਏ ਦਾ ਨੋਟ: ਇਸ ਦੇ ਡਿਜਾਈਨ ਵਿੱਚ ਕੋਈ ਵੱਡਾ ਬਦਲਾਅ ਨਹੀਂ ਕੀਤਾ ਗਿਆ, ਪਰ ਸਿਆਹੀ ਦੀ ਮਜਬੂਤੀ ਅਤੇ ਕੰਟਰਾਸਟ ਨੂੰ ਵਧਾਇਆ ਗਿਆ ਹੈ ਤਾਂ ਜੋ ਵਾਰ-ਵਾਰ ਮੋੜਨ 'ਤੇ ਵੀ ਨੋਟ ਜਲਦੀ ਨਾ ਫਟੇ। ਪੇਂਡੂ ਅਤੇ ਅਰਧ-ਸਹਿਰੀ ਖੇਤਰਾਂ ਵਿੱਚ ਅਸਲੀ ਨੋਟ ਦੀ ਪਛਾਣ ਸੌਖੀ ਬਣਾਉਣ ਲਈ ਵਾਟਰਮਾਰਕ ਅਤੇ ਸੁਰੱਖਿਆ ਧਾਗੇ ਦੀ ਸਪਸਟਤਾ ਵਿੱਚ ਸੁਧਾਰ ਕੀਤਾ ਗਿਆ ਹੈ। 500 ਰੁਪਏ ਦਾ ਨੋਟ: ਇਹ ਨੋਟ ਵੱਡੇ ਲੈਣ-ਦੇਣ ਲਈ ਵਰਤਿਆ ਜਾਂਦਾ ਹੈ, ਇਸ ਲਈ ਇਹ ਜਾਲਸਾਜ਼ਾਂ ਦਾ ਮਨਪਸੰਦ ਰਿਹਾ ਹੈ। ਹੁਣ ਇਸ ਵਿੱਚ ਡਿਜਾਈਨ ਤੱਤਾਂ ਨੂੰ ਬਿਹਤਰ ਤਰੀਕੇ ਨਾਲ ਮਿਲਾਇਆ ਗਿਆ ਹੈ ਅਤੇ ਮਾਈਕਰੋ-ਪ੍ਰਿੰਟਿੰਗ ਨੂੰ ਹੋਰ ਤੇਜ () ਕੀਤਾ ਗਿਆ ਹੈ। ਸਭ ਤੋਂ ਅਹਿਮ ਗੱਲ ਇਹ ਹੈ ਕਿ ਰਿਜਰਵ ਬੈਂਕ ਨੇ ਮੌਜੂਦਾ (ਪੁਰਾਣੇ) ਨੋਟਾਂ ਨੂੰ ਬੰਦ ਕਰਨ ਬਾਰੇ ਕੁਝ ਨਹੀਂ ਕਿਹਾ ਹੈ, ਭਾਵ ਪੁਰਾਣੇ ਨੋਟ ਪਹਿਲਾਂ ਵਾਂਗ ਹੀ ਚੱਲਦੇ ਰਹਿਣਗੇ। ਬੈਂਕ ਅਧਿਕਾਰੀਆਂ ਅਨੁਸਾਰ ਏ.ਟੀ.ਐੱਮ. ਅਤੇ ਨਕਦੀ ਲੈਣ-ਦੇਣ ਵਾਲੀਆਂ ਮਸੀਨਾਂ ਪੁਰਾਣੇ ਅਤੇ ਨਵੇਂ ਦੋਵੇਂ ਤਰ੍ਹਾਂ ਦੇ ਨੋਟਾਂ ਨੂੰ ਸਵੀਕਾਰ ਕਰਨ ਲਈ ਤਿਆਰ ਹਨ।ਨਵੇਂ ਨੋਟ ਜਲਦੀ ਹੀ ਬਾਜਾਰ ਵਿੱਚ ਉਪਲਬਧ ਹੋਣਗੇ।

## ਫਲਾਈਓਵਰ 'ਤੇ ਪਲਟਿਆ ਟਰੱਕ, ਕਣਕ ਦੀਆਂ ਬੋਰੀਆਂ ਡਿੱਗੀਆਂ ਹੇਠਾਂ, ਨੁਕਸਾਨੇ ਗਏ ਕਈ ਵਾਹਨ

ਲੁਧਿਆਣਾ 25 ਫਰਵਰੀ। ਲੁਧਿਆਣਾ ਦੇ ਭਾਰਤ ਨਗਰ ਚੌਂਕ ਫਲਾਈਓਵਰ 'ਤੇ ਐਤਵਾਰ ਸਵੇਰੇ ਇੱਕ ਓਵਰਲੋਡਡ ਟਰੱਕ ਪਲਟ ਜਾਣ ਕਾਰਨ ਹੜਕੰਪ ਮਚ ਗਿਆ। ਹਾਦਸੇ ਦੌਰਾਨ ਟਰੱਕ ਵਿੱਚ ਭਰੀ ਕਣਕ ਦੀਆਂ ਬੋਰੀਆਂ ਫਲਾਈਓਵਰ ਤੋਂ ਹੇਠਾਂ ਡਿੱਗ ਗਈਆਂ, ਜਿਸ ਨਾਲ ਹੇਠਾਂ ਲੰਘ ਰਹੀਆਂ ਗੱਡੀਆਂ ਅਤੇ ਮੋਟਰਸਾਈਕਲਾਂ ਨੂੰ ਭਾਰੀ ਨੁਕਸਾਨ ਪਹੁੰਚਿਆ। ਪ੍ਰਤੱਖਦਰਸ਼ੀਆਂ ਮੁਤਾਬਕ ਇਹ ਘਟਨਾ ਕਰੀਬ ਸਵਾ 8 ਵਜੇ ਵਾਪਰੀ। ਲੋਕਾਂ ਦਾ ਕਹਿਣਾ ਹੈ ਕਿ ਬੋਰੀਆਂ ਦੇ ਢੇਰ ਹੇਠਾਂ ਕੋਈ ਵਿਅਕਤੀ ਦੱਬਿਆ ਹੋ ਸਕਦਾ ਹੈ, ਹਾਲਾਂਕਿ ਇਸ ਬਾਰੇ ਅਧਿਕਾਰਿਕ ਤੌਰ 'ਤੇ ਹਜੇ ਕੁਝ ਵੀ ਪੁਸ਼ਟੀ ਨਹੀਂ ਕੀਤੀ ਗਈ। ਹਾਦਸੇ ਤੋਂ ਬਾਅਦ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਅਤੇ ਆਵਾਜਾਈ ਵੀ ਪ੍ਰਭਾਵਿਤ ਹੋਈ। ਸਥਾਨਕ ਲੋਕਾਂ ਨੇ ਦੱਸਿਆ ਕਿ ਸਵਾ 9 ਵਜੇ ਤੱਕ ਵੀ ਕੋਈ ਪੁਲਸ ਅਧਿਕਾਰੀ ਮੌਕੇ 'ਤੇ ਨਹੀਂ ਪਹੁੰਚਿਆ ਸੀ, ਜਦਕਿ 112 ਨੰਬਰ 'ਤੇ ਸੂਚਨਾ ਵੀ ਦਿੱਤੀ ਗਈ ਸੀ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਟਰੱਕ ਡਰਾਈਵਰ ਹਾਦਸੇ ਤੋਂ ਬਾਅਦ ਮੌਕੇ ਤੋਂ ਫਰਾਰ ਹੋ ਗਿਆ। ਹਾਦਸੇ ਕਾਰਨ ਆਸ-ਪਾਸ ਦੀਆਂ ਦੁਕਾਨਾਂ ਨੂੰ ਵੀ ਨੁਕਸਾਨ ਪਹੁੰਚਿਆ ਹੈ। ਪ੍ਰਭਾਵਿਤ ਲੋਕਾਂ ਨੇ ਪ੍ਰਸ਼ਾਸਨ ਕੋਲ ਅਪੀਲ ਕੀਤੀ ਹੈ ਕਿ ਜਿਨ੍ਹਾਂ ਦੀਆਂ




ਗੱਡੀਆਂ ਅਤੇ ਦੁਕਾਨਾਂ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ ਜਲਦੀ ਤੋਂ ਜਲਦੀ ਮੁਆਵਜ਼ਾ ਦਿੱਤਾ ਜਾਵੇ ਅਤੇ ਟਰੱਕ ਡਰਾਈਵਰ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਹਾਲਾਤ ਨੂੰ ਕਾਬੂ ਵਿੱਚ ਕਰਨ ਦੀ ਕੋਸ਼ਿਸ਼ ਜਾਰੀ ਹੈ।

# ਕਹਿਰ ਬਣੀ ਤੇਜ ਰਫਤਾਰ ਕਾਰ ! ਆਟੋਰਿਕਸ਼ਾ ਤੇ ਪੈਦਲ ਯਾਤਰੀਆਂ ਨੂੰ ਮਾਰੀ ਟੱਕਰ

**ਕੌਮੀ ਪਤ੍ਰਿਕਾ**

ਲਖਨਊ 25 ਫਰਵਰੀ। ਲਖਨਊ ਦੇ ਬੰਥਰਾ ਇਲਾਕੇ ਵਿੱਚ ਹਨੂੰਮਾਨ ਮੰਦਰ ਨੇੜੇ ਇੱਕ ਅਣਪਛਾਤੀ ਕਾਰ ਨੇ ਇੱਕ ਆਟੋਰਿਕਸਾ ਅਤੇ ਪੈਦਲ ਯਾਤਰੀਆਂ ਨੂੰ ਜੋਰਦਾਰ ਟੱਕਰ ਮਾਰ ਦਿੱਤੀ। ਇਸ ਘਟਨਾ ਵਿੱਚ ਇੱਕ ਛੇ ਸਾਲ ਦੇ ਬੱਚੇ ਦੀ ਮੌਤ ਹੋ ਗਈ ਅਤੇ ਚਾਰ ਹੋਰ ਲੋਕ ਜਖਮੀ ਹੋ ਗਏ। ਇਸ ਘਟਨਾ ਦੀ ਜਾਣਕਾਰੀ ਪੁਲਸ ਨੇ ਦਿੱਤੀ। ਪੁਲਸ ਅਨੁਸਾਰ, ਬੰਥਰਾ ਪੁਲਸ ਸਟੇਸਨ ਨੂੰ ਵੀਰਵਾਰ ਸਾਮ 6 ਵਜੇ ਦੇ ਕਰੀਬ ਹਾਦਸੇ ਦੀ ਸੂਚਨਾ ਮਿਲੀ, ਜਿਸ ਤੋਂ ਬਾਅਦ ਸਥਾਨਕ ਪੁਲਸ ਟੀਮ ਮੌਕੇ 'ਤੇ ਪਹੁੰਚੀ। ਸੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਇੱਕ ਅਣਪਛਾਤੀ ਕਾਰ ਨੇ ਇੱਕ ਆਟੋ-ਰਿਕਸਾ ਅਤੇ ਸੜਕ 'ਤੇ ਪੈਦਲ ਚੱਲਣ ਵਾਲਿਆਂ ਨੂੰ ਟੱਕਰ ਮਾਰ ਦਿੱਤੀ। ਪੁਲਸ ਨੇ ਵੀਰਵਾਰ ਰਾਤ ਨੂੰ ਦੱਸਿਆ ਕਿ ਜਖਮੀਆਂ ਦੀ ਪਛਾਣ ਅਰਮਾਨ (12), ਅਵਧ ਬਿਹਾਰੀ (42), ਸਾਧਨਾ ਵਰਮਾ




(35), ਮੀਨਾ ਦੇਵੀ (60) ਅਤੇ ਦੀਕਸੰਤ ਪਟੇਲ (ਛੇ) ਵਜੋਂ ਹੋਈ ਹੈ। ਪੁਲਸ ਨੇ ਦੱਸਿਆ ਕਿ ਸਾਰੇ ਜਖਮੀਆਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਦੀਕਸੰਤ ਦੀ ਹਾਲਤ ਨਾਜ਼ੁਕ ਸੀ, ਇਸ ਲਈ ਉਸਨੂੰ ਕਿਸੇ ਹੋਰ ਹਸਪਤਾਲ ਰੈਫਰ ਕਰ ਦਿੱਤਾ ਗਿਆ, ਜਿੱਥੇ ਇਲਾਜ ਦੌਰਾਨ ਉਸਦੀ ਮੌਤ ਹੋ ਗਈ। ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ ਅਤੇ ਹੋਰ ਕਾਨੂੰਨੀ ਰਸਮਾਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ। ਪੀੜਤਾਂ ਦੇ ਪਰਿਵਾਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਸਹਾਇਕ ਪੁਲਸ ਕਮਿਸਨਰ (ਕ੍ਰਿਸਨ ਨਗਰ) ਰਜਨੀਸ ਵਰਮਾ ਨੇ ਸੁੱਕਰਵਾਰ ਨੂੰ ਕਿਹਾ ਕਿ ਪੁਲਸ ਨੇ ਇਸ ਘਟਨਾ ਵਿੱਚ ਸਾਮਲ ਕਾਰ ਦੇ ਡਰਾਈਵਰ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਉਸ ਵਿਰੁੱਧ ਲਾਪਰਵਾਹੀ ਨਾਲ ਗੱਡੀ ਚਲਾਉਣ ਅਤੇ ਜਨਤਕ ਸਥਾਨ 'ਤੇ ਦੂਜਿਆਂ ਦੀ ਜਾਨ ਨੂੰ ਖਤਰੇ ਵਿੱਚ ਪਾਉਣ ਦੇ ਦੋਸ ਵਿੱਚ ਮਾਮਲਾ ਦਰਜ ਕੀਤਾ ਹੈ। ਪੁਲਸ ਦੇ ਅਨੁਸਾਰ, ਦੋਸੀ 21 ਸਾਲਾ ਅਤੇ 12ਵੀਂ ਜਮਾਤ ਦਾ ਵਿਦਿਆਰਥੀ ਹੈ। ਉਹ ਅਤੇ ਉਸ ਦੇ ਚਾਰ ਦੋਸਤ ਕਾਰ ਵਿੱਚ ਸਨ ਅਤੇ ਇੱਕ ਸਮਾਗਮ ਤੋਂ ਵਾਪਸ ਆ ਰਹੇ ਸਨ। ਪੁਲਸ ਨੇ ਕਿਹਾ ਕਿ ਦੋਸੀ ਕੋਲ ਇੱਕ ਵੈਧ ਡਰਾਈਵਿੰਗ ਲਾਇਸੈਂਸ ਹੈ ਅਤੇ ਉਸਨੇ ਇੱਕ ਦੋਸਤ ਤੋਂ ਇੱਕ ਦਿਨ ਲਈ ਕਾਰ ਉਧਾਰ ਲਈ ਸੀ। ਉਨ੍ਹਾਂ ਕਿਹਾ ਕਿ ਬ੍ਰੇਕ ਅਤੇ ਐਕਸਲੇਟਰ ਵਿਚਕਾਰ ਕੁਝ "ਉਲਝਣ" ਸੀ ਅਤੇ ਟਾਇਰ ਫਟ ਗਿਆ, ਜਿਸ ਕਾਰਨ ਕਾਰ ਆਟੋਰਿਕਸਾ ਨਾਲ ਟਕਰਾ ਗਈ। ਉਨ੍ਹਾਂ ਕਿਹਾ ਕਿ ਮੁਲਜਮਾਂ ਦੇ ਦਾਅਵਿਆਂ ਦੀ ਪੁਸਟੀ ਕੀਤੀ ਜਾ ਰਹੀ ਹੈ ਅਤੇ ਅਗਲੇਰੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

## ਸ਼ਰਮਸਾਰ ਪੰਜਾਬ ! 5ਵੀਂ ਜਮਾਤ ਦੀ ਵਿਦਿਆਰਥਣ ਨਾਲ ਜ਼ਬਰ-ਜਨਾਹ

ਖੰਨਾ 25 ਫਰਵਰੀ। ਖੰਨਾ ਦੇ ਮਲੌਦ ਇਲਾਕੇ ਵਿਚ ਪੰਜਵੀਂ ਜਮਾਤ ਦੀ ਇਕ ਨਾਬਾਲਗ ਵਿਦਿਆਰਥਣ ਨਾਲ ਜ਼ਬਰ-ਜਨਾਹ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਨੇ ਕਾਰਵਾਈ ਕਰਦੇ ਹੋਏ ਦੋਸ਼ੀ ਗੁਰਵਿੰਦਰ ਸਿੰਘ ਵਾਸੀ ਪਿੰਡ ਸਿਹੋੜਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਅਗਲੀ ਜਾਂਚ ਜਾਰੀ ਹੈ। ਥਾਣਾ ਮੁਖੀ ਚਰਨਜੀਤ ਸਿੰਘ ਦੇ ਮੁਤਾਬਕ, ਇਸ ਘਟਨਾ ਸਬੰਧੀ 15 ਫਰਵਰੀ ਨੂੰ ਕੇਸ ਦਰਜ ਕੀਤਾ ਗਿਆ ਸੀ। ਸ਼ਿਕਾਇਤ ਮਿਲਣ ਉਪਰੰਤ ਪੁਲਸ ਨੇ ਤੁਰੰਤ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਅਤੇ ਮੁਲਜ਼ਮ ਨੂੰ ਕਾਬੂ ਕਰ ਲਿਆ। ਮੁੱਢਲੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਮੁਲਜ਼ਮ ਨੇ ਨਾਬਾਲਗ ਲੜਕੀ ਨੂੰ ਕੱਪੜਿਆਂ ਦਾ ਬਹਾਨਾ ਲਾ ਕੇ ਆਪਣੇ ਘਰ ਬੁਲਾਇਆ ਸੀ। ਉੱਥੇ ਉਸ ਨੇ ਲੜਕੀ ਨਾਲ ਜ਼ਬਰ-ਜਨਾਹ ਕੀਤਾ। ਘਟਨਾ ਦੇ ਬਾਅਦ ਜਦੋਂ ਪਰਿਵਾਰ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਤੁਰੰਤ ਪੁਲਸ ਨਾਲ ਸੰਪਰਕ ਕੀਤਾ। ਪੁਲਸ ਨੇ ਪੀੜਿਤ ਪਰਿਵਾਰ ਦੀ ਸ਼ਿਕਾਇਤ ਦੇ ਆਧਾਰ 'ਤੇ ਮੁਕੱਦਮਾ ਦਰਜ ਕਰਕੇ ਕਾਰਵਾਈ ਕੀਤੀ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਪੁਲਸ ਵੱਲੋਂ ਦੋਸ਼ੀ ਨੂੰ ਫੌਰੀ ਤੌਰ 'ਤੇ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਸ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਨਾਬਾਲਗ ਲੜਕੀ ਦੀ ਮੈਡੀਕਲ ਜਾਂਚ ਕਰਵਾਈ ਗਈ ਹੈ ਅਤੇ ਸਾਰੇ ਸਬੂਤ ਇਕੱਠੇ ਕੀਤੇ ਜਾ ਰਹੇ ਹਨ ਤਾਂ ਜੋ ਮਾਮਲੇ ਨੂੰ ਮਜ਼ਬੂਤੀ ਨਾਲ ਅਦਾਲਤ ਵਿਚ ਪੇਸ਼ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਦੋਸ਼ੀ ਖ਼ਿਲਾਫ਼ ਕਾਨੂੰਨ ਅਨੁਸਾਰ ਸਖ਼ਤ ਧਾਰਾਵਾਂ ਹੇਠ ਕਾਰਵਾਈ ਕੀਤੀ ਜਾ ਰਹੀ ਹੈ

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕਿਸਾਨਾਂ ਨੂੰ ਵੱਡੀ ਸੌਗਾਤ

**Contd....Front page**

"ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸੂਬਾ ਸਰਕਾਰ ਨੇ ਨਹਿਰੀ ਵਿਵਸਥਾ ਨੂੰ ਮੁੜ ਸੁਰਜੀਤ ਕਰਨ ਲਈ 6,500 ਕਰੋੜ ਖਰਚ ਕੀਤੇ ਹਨ ਅਤੇ ਪਹਿਲੀ ਵਾਰ ਸੂਬੇ ਦੇ 1365 ਪਿੰਡਾਂ ਨੂੰ ਨਹਿਰੀ ਪਾਣੀ ਮਿਲਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜਦੋਂ 'ਆਪ' ਸਰਕਾਰ ਨੇ ਸੱਤਾ ਸੰਭਾਲੀ ਸੀ ਤਾਂ ਸੂਬੇ ਵਿੱਚ ਸਿੰਚਾਈ ਲਈ ਸਿਰਫ 21 ਫੀਸਦੀ ਨਹਿਰੀ ਪਾਣੀ ਦੀ ਵਰਤੋਂ ਕੀਤੀ ਜਾ ਰਹੀ ਸੀ। "ਅੱਜ, ਨਹਿਰੀ ਪਾਣੀ ਦਾ 68 ਫੀਸਦੀ ਸਿੰਚਾਈ ਲਈ ਵਰਤਿਆ ਜਾ ਰਿਹਾ ਹੈ ਅਤੇ ਆਉਣ ਵਾਲੇ ਝੋਨੇ ਦੇ ਸੀਜ਼ਨ ਤੱਕ ਇਸ ਨੂੰ 85 ਫੀਸਦੀ ਤੱਕ ਵਧਾ ਦਿੱਤਾ ਜਾਵੇਗਾ।"ਉਨ੍ਹਾਂ ਕਿਹਾ ਕਿ ਟੇਲਾਂ 'ਤੇ ਪਾਣੀ ਪਹੁੰਚਾਉਣ ਲਈ 6,900 ਕਿਲੋਮੀਟਰ ਲੰਮੇ 18,349 ਖਾਲਿਆਂ ਨੂੰ ਬਹਾਲ ਕੀਤਾ ਗਿਆ। ਪਿਛਲੀਆਂ ਸਰਕਾਰਾਂ 'ਤੇ ਨਿਸ਼ਾਨਾ ਸਾਧਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਜਿਨ੍ਹਾਂ ਲੀਡਰਾਂ ਦੇ ਘਰਾਂ ਤੱਕ ਨਹਿਰਾਂ ਖਤਮ ਹੋ ਜਾਂਦੀਆਂ ਸਨ, ਉਨ੍ਹਾਂ ਨੇ ਕਦੇ ਇਸ ਗੱਲ ਦੀ ਪ੍ਰਵਾਹ ਨਹੀਂ ਕੀਤੀ। ਅਜਿਹੇ ਫੈਸਲੇ ਸਿਰਫ਼ ਉਹ ਆਗੂ ਹੀ ਲੈ ਸਕਦੇ ਹਨ ਜੋ ਜ਼ਮੀਨੀ ਹਕੀਕਤਾਂ ਤੋਂ ਜਾਣੂ ਹੋਣ, ਨਾ ਕਿ ਉਹ ਜਿਹੜੇ ਪਹਾੜਾਂ 'ਤੇ ਕਾਨਵੈਂਟ ਸਕੂਲਾਂ ਵਿੱਚ ਪੜ੍ਹੇ ਹੋਣ। ਉਨ੍ਹਾਂ ਅੱਗੇ ਕਿਹਾ, ਇਹ ਰਵਾਇਤੀ ਸਿਆਸੀ ਪਾਰਟੀਆਂ ਗੱਦਾਰ ਸਨ ਜੋ ਕਦੇ ਵੀ ਸੂਬੇ ਅਤੇ ਇਸ ਦੇ ਲੋਕਾਂ ਪ੍ਰਤੀ ਵਫ਼ਾਦਾਰ ਨਹੀਂ ਰਹੀਆਂ। ਉਨ੍ਹਾਂ ਨੇ ਲੋਕਾਂ ਨੂੰ ਯਾਦ ਦਿਵਾਇਆ, ਜਿਨ੍ਹਾਂ ਲੋਕਾਂ ਨੇ ਸਤਲੁਜ-ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਦੇ ਸਮਝੌਤੇ 'ਤੇ ਦਸਤਖਤ ਕੀਤੇ ਸਨ ਅਤੇ ਇਸ ਦੇ ਸਰਵੇਖਣ ਦੀ ਇਜਾਜ਼ਤ ਦਿੱਤੀ ਸੀ, ਉਨ੍ਹਾਂ ਦੇ ਹਰਿਆਣਾ ਵਿੱਚ ਵੱਡੇ ਰਿਜ਼ੋਰਟ ਹਨ, ਜਦੋਂ ਕਿ ਦੂਜਾ ਜਿਸ ਨੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਨੂੰ ਟੱਕ ਲਾਉਣ ਲਈ ਚਾਂਦੀ ਦੀ ਕਹੀ ਪੇਸ਼ ਕੀਤੀ ਸੀ, ਅੱਜ ਉਹ ਆਪਣੇ ਆਪ ਨੂੰ 'ਪਾਣੀ ਦਾ ਰਾਖਾ' ਕਹਾਉਂਦੇ ਹਨ। ਇਨ੍ਹਾਂ ਲੋਕਾਂ ਨੇ ਆਪਣੇ ਨਿੱਜੀ ਰਾਜਨੀਤਿਕ ਹਿੱਤਾਂ ਲਈ ਸੂਬੇ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕੀਤਾ ਅਤੇ ਇਸੇ ਕਰਕੇ ਉਨ੍ਹਾਂ ਨੂੰ ਸੂਬੇ ਦੇ ਲੋਕਾਂ ਨੇ ਪੂਰੀ ਤਰ੍ਹਾਂ ਨਾਕਾਰ ਦਿੱਤਾ। ਅਕਾਲੀ ਦਲ ਦੀ 'ਪੰਜਾਬ ਬਚਾਓ ਯਾਤਰਾ' 'ਤੇ ਤਨਜ਼ ਕੱਸਦਿਆਂ ਉਨ੍ਹਾਂ ਕਿਹਾ, ਇਸ ਡਰਾਮੇ ਦਾ ਅਸਲੀ ਨਾਮ 'ਪਰਿਵਾਰ ਬਚਾਓ ਯਾਤਰਾ' ਹੈ। 15 ਸਾਲ ਸੂਬੇ ਨੂੰ ਲੁੱਟਣ ਤੋਂ ਬਾਅਦ, ਇਹ ਸੂਬੇ ਨੂੰ ਕਿਸ ਤੋਂ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ? ਸਰਹੱਦੀ ਇਲਾਕੇ ਦੇ ਵਸਨੀਕਾਂ ਪ੍ਰਤੀ ਆਪਣੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਸਰਕਾਰ ਵੱਲੋਂ ਸਰਹੱਦੀ ਇਲਾਕੇ ਦੇ ਵਸਨੀਕਾਂ ਦੀ ਭਲਾਈ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ, ਜੋ ਦੇਸ਼ ਦੇ ਸੱਚੇ ਦੇਸ਼ ਭਗਤ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਦੀ ਸਰਹੱਦੀ ਪੱਟੀ ਦੇ ਕਿਸਾਨਾਂ ਨੂੰ ਵੱਡੀ ਰਾਹਤ ਦਿੰਦਿਆਂ ਕੇਂਦਰ ਸਰਕਾਰ ਨੇ ਸਰਹੱਦੀ ਵਾੜ ਨੂੰ ਅੰਤਰਰਾਸ਼ਟਰੀ ਸਰਹੱਦ ਦੇ ਨੇੜੇ ਤਬਦੀਲ ਕਰਨ ਲਈ ਸਿਧਾਂਤਕ ਤੌਰ 'ਤੇ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਨਾਲ ਵਾੜ ਤੋਂ ਪਰੇ ਫਸੇ ਹਜ਼ਾਰਾਂ ਏਕੜ ਖੇਤਾਂ 'ਤੇ ਬੇਰੋਕ ਖੇਤੀ ਲਈ ਰਾਹ ਪੱਧਰਾ ਹੋ ਜਾਵੇਗਾ। ਉਨ੍ਹਾਂ ਕਿਹਾ, ਕਿਸਾਨਾਂ ਨੂੰ ਲੰਬੇ ਸਮੇਂ ਤੋਂ ਪਛਾਣ ਪੱਤਰ ਦਿਖਾ ਕੇ ਬੀਐਸਐਫ ਦੀ ਸੁਰੱਖਿਆ ਹੇਠ ਆਪਣੇ ਖੇਤਾਂ ਤੱਕ ਪਹੁੰਚਣ ਲਈ ਵਾੜ ਪਾਰ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ ਅਤੇ 532 ਕਿਲੋਮੀਟਰ ਭਾਰਤ-ਪਾਕਿ ਸਰਹੱਦ 'ਤੇ ਰੋਜ਼ਾਨਾ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿੱਥੇ ਇਹ ਵਾੜ ਪੰਜਾਬ ਦੇ ਖੇਤਰ ਵਿੱਚ ਬਹੁਤ ਅੰਦਰ ਲਗਾਈ ਗਈ ਹੈ। ਪਾਣੀ ਦੀ ਵੰਡ ਸਬੰਧੀ ਆਪਣੇ ਸਟੈਂਡ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ, ਪੰਜਾਬ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਕੋਈ ਵਾਧੂ ਪਾਣੀ ਨਹੀਂ ਹੈ ਅਤੇ ਕਿਸੇ ਨੂੰ ਵੀ ਸੂਬੇ ਤੋਂ ਇੱਕ ਬੂੰਦ ਵੀ ਪਾਣੀ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਅੱਗੇ ਕਿਹਾ, ਸਤਲੁਜ ਯਮੁਨਾ ਲਿੰਕ ਦੇ ਮੁੱਦੇ ਸਿਰਫ਼ ਯਮੁਨਾ ਸਤਲੁਜ ਲਿੰਕ ਰਾਹੀਂ ਹੀ ਹੱਲ ਕੀਤੇ ਜਾ ਸਕਦੇ ਹਨ, ਜੋ ਯਮੁਨਾ ਦੇ ਪਾਣੀ ਦੀ ਸਮਝਦਾਰੀ ਨਾਲ ਵਰਤੋਂ ਨੂੰ ਯਕੀਨੀ ਬਣਾਏਗਾ। ਪੰਜਾਬ ਕੋਲ ਕਿਸੇ ਵੀ ਸੂਬੇ ਨੂੰ ਦੇਣ ਲਈ ਕੋਈ ਵਾਧੂ ਪਾਣੀ ਨਹੀਂ ਹੈ ਅਤੇ ਪਾਣੀ ਦੇਣ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸੂਬੇ ਕੋਲ ਆਪਣਾ ਦਰਿਆਈ ਪਾਣੀ ਹੋਣ ਦੇ ਬਾਵਜੂਦ ਪੰਜਾਬ ਪਾਣੀ ਸਬੰਧੀ ਆਪਣੀਆਂ ਜ਼ਰੂਰਤਾਂ ਨੂੰ ਨਜ਼ਰਅੰਦਾਜ਼ ਕਰਕੇ ਉਨ੍ਹਾਂ ਸੂਬਿਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਲਗਭਗ 60 ਫ਼ੀਸਦ ਪਾਣੀ ਦਿੰਦਾ ਹੈ ਜਿਨ੍ਹਾਂ ਵਿੱਚੋਂ ਰਾਵੀ-ਬਿਆਸ ਅਤੇ ਸਤਲੁਜ ਦਰਿਆ ਨਹੀਂ ਲੰਘਦੇ। ਪੰਜਾਬ ਦੇ ਦਰਿਆਵਾਂ ਦਾ ਪਾਣੀ ਭਾਈਵਾਲ ਸੂਬਿਆਂ ਵਿੱਚ ਸਾਂਝਾ ਕੀਤਾ ਜਾਂਦਾ ਹੈ, ਜਦੋਂ ਕਿ ਹੜ੍ਹਾਂ ਨਾਲ ਸਬੰਧਤ ਨੁਕਸਾਨ ਸਿਰਫ਼ ਪੰਜਾਬ ਨੂੰ ਹੀ ਝੱਲਣਾ ਪੈਂਦਾ ਹੈ ਅਤੇ ਭਾਰੀ ਸਾਲਾਨਾ ਵਿੱਤੀ ਬੋਝ ਚੁੱਕਣਾ ਪੈਂਦਾ ਹੈ। ਉਨ੍ਹਾਂ ਕਿਹਾ, ਸੂਬੇ ਅਤੇ ਇਸ ਦੇ ਲੋਕਾਂ ਦੇ ਹਿੱਤ ਸਭ ਤੋਂ ਉੱਪਰ ਹੈ ਅਤੇ ਇਸ ਸਬੰਧ ਵਿੱਚ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਅਕਾਲੀ ਲੀਡਰਸ਼ਿਪ 'ਤੇ ਵਰ੍ਹਦਿਆਂ ਉਨ੍ਹਾਂ ਕਿਹਾ, ਜਿਨ੍ਹਾਂ ਨੂੰ ਆਪਣੀ ਪਾਰਟੀ ਦੀ ਕਮੇਟੀ ਬਣਾਉਣ ਲਈ 11 ਮੈਂਬਰ ਵੀ ਨਹੀਂ ਮਿਲ ਰਹੇ, ਉਹ ਸੂਬੇ ਵਿੱਚ 117 ਸੀਟਾਂ ਜਿੱਤਣ ਦੇ ਸੁਪਨੇ ਦੇਖ ਰਹੇ ਹਨ। ਉਨ੍ਹਾਂ ਅੱਗੇ ਕਿਹਾ, ਇਨ੍ਹਾਂ ਆਗੂਆਂ ਨੇ ਸੂਬੇ ਵਿੱਚ ਗੈਂਗਸਟਰਾਂ ਨੂੰ ਸਰਪ੍ਰਸਤੀ ਦਿੱਤੀ ਸੀ ਅਤੇ ਨਸ਼ਾ ਤਸਕਰਾਂ ਨੂੰ ਬਚਾ ਕੇ ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚ ਧੱਕ ਦਿੱਤਾ। ਅੱਜ ਵੀ, ਉਹ ਗੈਂਗਸਟਰਾਂ ਨੂੰ ਉਤਸ਼ਾਹਿਤ ਕਰ ਰਹੇ ਹਨ ਅਤੇ ਉਨ੍ਹਾਂ ਵਿੱਚੋਂ ਇੱਕ ਨੂੰ ਤਰਨ ਤਾਰਨ ਉਪ ਚੋਣਾਂ ਦੌਰਾਨ ਪਾਰਟੀ ਦੀ ਟਿਕਟ ਦੇ ਕੇ ਮੈਦਾਨ ਵਿੱਚ ਉਤਾਰਿਆ ਗਿਆ ਸੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅਕਾਲੀ ਦਲ ਸਿਆਸੀ ਤੌਰ 'ਤੇ ਨਾਕਾਰਾ ਆਗੂਆਂ ਦੀ ਪਾਰਟੀ ਹੈ ਜਿਨ੍ਹਾਂ ਨੂੰ ਵਾਰ-ਵਾਰ ਲੋਕਾਂ ਵੱਲੋਂ ਨਕਾਰਿਆ ਗਿਆ ਹੈ। ਉਹ ਧਰਮ ਦੀ ਦੁਰਵਰਤੋਂ ਕਰ ਸਕਦੇ ਹਨ ਪਰ ਲੋਕ ਇਹਨਾਂ ਦੇ ਝਾਂਸੇ ਵਿੱਚ ਨਹੀਂ ਆਉਣਗੇ। ਲੋਕ ਉਨ੍ਹਾਂ ਨੂੰ ਉਨ੍ਹਾਂ ਦੇ ਪਾਪਾਂ ਲਈ ਕਦੇ ਮੁਆਫ਼ ਨਹੀਂ ਕਰਨਗੇ ਅਤੇ ਉਨ੍ਹਾਂ ਨੂੰ ਦੁਬਾਰਾ ਸਬਕ ਸਿਖਾਉਣਗੇ।"ਉਨ੍ਹਾਂ ਅੱਗੇ ਕਿਹਾ, "ਲੋਕਾਂ ਨੇ ਉਨ੍ਹਾਂ ਨੂੰ ਵਾਰ-ਵਾਰ ਚੁਣਿਆ ਸੀ ਪਰ ਉਨ੍ਹਾਂ ਨੇ ਸੂਬੇ ਦੀ ਪਿੱਠ ਵਿੱਚ ਛੁਰਾ ਮਾਰਿਆ। ਉਨ੍ਹਾਂ ਨੇ ਆਪਣੇ ਨਿੱਜੀ ਸਿਆਸੀ ਹਿੱਤਾਂ ਲਈ ਧਰਮ ਦੀ ਦੁਰਵਰਤੋਂ ਕੀਤੀ ਜਿਸ ਕਰਕੇ ਉਨ੍ਹਾਂ ਨੂੰ ਮਾਫ਼ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ, ਰਵਾਇਤੀ ਸਿਆਸੀ ਪਾਰਟੀਆਂ ਉਨ੍ਹਾਂ ਨਾਲ ਈਰਖਾ ਕਰਦੀਆਂ ਹਨ ਕਿਉਂਕਿ ਉਨ੍ਹਾਂ ਨੂੰ ਇਹ ਗੱਲ ਹਜ਼ਮ ਨਹੀਂ ਹੋ ਰਹੀ ਕਿ ਸਧਾਰਨ ਘਰ ਦਾ ਪੁੱਤਰ ਸੂਬੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦਾ ਅਜਿਹੀਆਂ ਪਾਰਟੀਆਂ ਤੋਂ ਵਿਸ਼ਵਾਸ ਉੱਠ ਗਿਆ ਹੈ। ਉਨ੍ਹਾਂ ਕਿਹਾ, ਪਿਛਲੀਆਂ ਸਰਕਾਰਾਂ ਨੇ ਪੰਜਾਬ ਅਤੇ ਪੰਜਾਬੀਆਂ ਦੀ ਬਜਾਏ ਆਪਣੇ ਪਰਿਵਾਰਕ ਮੈਂਬਰਾਂ ਬਾਰੇ ਵਧੇਰੇ ਚਿੰਤਾ ਦਿਖਾਈ ਅਤੇ ਇਸੇ ਲਈ ਲੋਕਾਂ ਨੇ ਉਨ੍ਹਾਂ ਨੂੰ ਸੱਤਾ ਤੋਂ ਬਾਹਰ ਦਾ ਰਸਤਾ ਦਿਖਾਇਆ ਸੀ। ਉਹ ਸਵੇਰੇ-ਸਵੇਰੇ ਹੀ ਮੇਰੇ ਵਿਰੁੱਧ ਜ਼ਹਿਰ ਉਗਲਣਾ ਸ਼ੁਰੂ ਕਰ ਦਿੰਦੇ ਹਨ ਕਿਉਂਕਿ ਮੈਂ ਲੋਕਾਂ ਦੇ ਸਾਹਮਣੇ ਉਨ੍ਹਾਂ ਦਾ ਅਸਲ ਚਿਹਰਾ ਨੰਗਾ ਕਰ ਦਿੱਤਾ ਹੈ।ਇਕ ਹੋਰ ਤਨਜ਼ ਕੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਕਾਂਗਰਸ ਅਤੇ ਅਕਾਲੀਆਂ ਦਾ ਸਿਰਫ਼ ਚਾਰ ਸੂਤਰੀ ਏਜੰਡਾ ਹੈ ਜਿਸ ਤਹਿਤ ਉਹ ਆਪਣੇ ਪੁੱਤ-ਭਤੀਜਾ ਅਤੇ ਸਾਲਾ-ਜੀਜਾ ਦੀ ਭਲਾਈ ਨੂੰ ਯਕੀਨੀ ਬਣਾਉਣਾ ਚਾਹੁੰਦੇ ਹਨ।" ਮੁੱਖ ਮੰਤਰੀ ਨੇ ਜ਼ੋਰ ਦਿੰਦਿਆਂ ਕਿਹਾ, "ਆਪ ਸਰਕਾਰ ਲੋਕਾਂ ਦੀ ਭਲਾਈ ਲਈ ਸਰਕਾਰੀ ਖਜ਼ਾਨੇ ਦੇ ਇੱਕ-ਇੱਕ ਪੈਸੇ ਦੀ ਪੂਰੀ ਜ਼ਿੰਮੇਵਾਰੀ ਨਾਲ ਸੁਚੱਜੀ ਵਰਤੋਂ ਕਰ ਰਹੀ ਹੈ।


**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.
**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**PUBLIC NOTICE**
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
**Shyam Sharma (Adv)**

**PUBLIC NOTICE**
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DISTT-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H-No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

ਕੌਮੀ ਪੱਤ੍ਰਿਕਾ

# ਸਾਹਿਤਕ ਪੰਨਾ

## ਕਾਵਿ ਕਿਆਰੀ

### ਗੀਤ


ਹੁਣ ਤਾਂ ਮੇਰੇ ਮਨ ਦਾ ਪੰਛੀ ਨਵੀਂ ਉਡਾਣ ਭਰੇ।
ਐਸਾ ਗੀਤ ਲਿਖਾਂ ਜੋ ਮੈਨੂੰ- ਜੱਗ ’ਤੇ ਅਮਰ ਕਰੇ।
ਗੀਤ ਲਿਖਾਂ ਜੋ ਦੁਨੀਆਂ ਵਿੱਚੋਂ- ਕਰ ਦੇਣ ਦੂਰ ਹਨੇਰੇ।
ਇਸ਼ਕ ਮੁਸ਼ਕ ਦੀਆਂ ਕਰ ਕਰ ਗੱਲਾਂ- ਗੀਤ ਨੇ ਥੱਕੇ ਮੇਰੇ।
ਗੀਤਾਂ ਵਿੱਚ ਗੁਲਾਮੀ ਗਲ- ਹੁਣ ਨਾ ਰੂਹ ਜਰੇ।
ਐਸਾ ਗੀਤ ਲਿਖਾਂ...
ਨਾਜ਼ੁਕ ਨਰਮ ਸਰੀਰ ਦੀਆਂ ਹੁਣ- ਬਾਤਾਂ ਨਾ ਮਨ ਪਾਵੇ।
ਸੂਹੇ ਸੂਹੇ ਬੁੱਲ੍ਹਾਂ ਦੀ ਹੁਣ- ਗੱਲ ਕਰੀ ਨਾ ਜਾਵੇ।
ਬੇਮੁਖ ਹੋ ਲੋਕਾਂ ਤੋਂ ਕਿਹੜਾ- ਭੈੜੀ ਮੌਤ ਮਰੇ।
ਐਸਾ ਗੀਤ ਲਿਖਾਂ...
ਗੀਤ ਲਿਖਾਂ- ਜੋ ਬਣ ਜਾਵਣ ਛਵੀਆਂ ਤੇਜ਼ ਕਟਾਰਾਂ।
ਹਾਕਮ ਸਿਰ ਉੱਤੇ ਲਟਕਣ- ਬਣ ਤਿੱਖੀਆਂ ਤਲਵਾਰਾਂ।
ਗੀਤ ਮੇਰੇ ਹਰ ਇੱਕ ਸਤਰ- ਤਲੀ ’ਤੇ ਸੀਸ ਧਰੇ।
ਐਸਾ ਗੀਤ ਲਿਖਾਂ...
ਗੀਤ ਲਿਖਾਂ- ਜੋ ਹੋ ਜਾਵਣ- ਇਨਕਲਾਬ ਦੇ ਹਾਣੀ।
ਢਿੱਡੋਂ ਭੁੱਖੇ- ਪਿੰਡਿਉਂ ਨੰਗਿਆਂ- ਦੀ ਜੋ ਕਹਿਣ ਕਹਾਣੀ।
ਗੀਤ ਤੇਰੇ ਹੁਣ ਲੋਕਾਂ ਕੋਲੋਂ- ਰਹਿਣ ਨਾ ਦੇਵ ਪਰ੍ਹੇ।
ਐਸਾ ਗੀਤ ਲਿਖਾਂ...

**ਹਰਦੇਵ ਦਿਲਗੀਰ**
**ਸੰਪਰਕ: 94639-88660**

### ਗ਼ਜ਼ਲ



ਜਿਸ ਦਾ ਜੋ ਵੀ ਅਸਲਾ ਹੁੰਦਾ,
ਓਹੀ ਆਖ਼ਰਕਾਰ ਬਣੇ।
ਖਾਰ ਕਦੇ ਵੀ ਫੁੱਲ ਨਹੀਂ ਬਣਦੇ,
ਤੇ ਨਾ ਹੀ ਫੁੱਲ ਖਾਰ ਬਣੇ।
ਲੱਕੜ ਵੀ ਜੇ ਧਰਮ ਨਾ ਪਾਲੇ,
ਤਾਂ ਉਹ ਮਿੱਤਰਮਾਰ ਬਣੇ।
ਬੇੜੀ ਜੇ ਲੋਹੇ ਦੀ ਬਣਦੀ,
ਲੱਕੜ ਤਾਂ ਪਤਵਾਰ ਬਣੇ।
ਮੇਰੀ ਤਲੀ ’ਤੇ ਇੱਕ ਫੁੱਲ ਧਰਕੇ,
ਤੁਸੀਂ ਜੋ ਬਖਸ਼ਿਸ਼ ਕੀਤੀ ਸੀ,
ਸੁੱਤਿਆਂ, ਜਾਗਦਿਆਂ ਉਹ ਮੇਰੇ,
ਤਲੀ ’ਤੇ ਨਿੱਤ ਅੰਗਿਆਰ ਬਣੇ।
ਕਿਹੜਾ ਰਾਹ ਨੇੜੇ ਤੋਂ ਨੇੜੇ,
ਤੇਰੇ (ਰੱਬ ਦੇ) ਘਰ ਨੂੰ ਜਾਂਦਾ ਏ,
ਐਨੀ ਹੀ ਗੱਲ ਦੱਸਦੇ ਦੱਸਦੇ,
ਜੱਗ ਦੇ ਸਭ ਅਵਤਾਰ ਬਣੇ।
ਦੁੱਖਾਂ ਦੇ ਪਰਬਤ ਵੀ ਢੋਏ,
ਗਰਦਨ ਮੁਚੀ ਨਹੀਂ ਸਾਡੀ,
ਦੱਸਿਓ, ਓਦਣ ਕਿਉਂ ਮੁਚ ਜਾਵੇ
ਜਦੋਂ ਚਾਨਣੀ ਭਾਰ ਬਣੇ।



ਕਿਸ਼ਤੀ ਦਾ ਇੱਕ ਵਾਅਦਾ ਹੁੰਦਾ
ਸਭ ਨੂੰ ਕੰਢੇ ਲਾਵਣ ਦਾ,
ਕੀ ਕਰੀਏ ਜੇ ਕੰਢਾ, ਖ਼ੁਦ ਹੀ,
ਭੱਜ ਭੱਜ ਕੇ ਮੰਝਧਾਰ ਬਣੇ।
ਵਸਤੂ ਵਾਂਗੂੰ ਵਿਕਣਾ ਸਾਡੇ,
ਖਾਸੇ ਦੇ ਵਿੱਚ ਲਿਖਿਆ ਨਾ,
ਵਸਤੂ ਵਾਂਗੂੰ ਜੋ ਵਿਕ ਜਾਂਦੇ,
ਕਦੋਂ ਕਿਸੇ ਦੇ ਯਾਰ ਬਣੇ।
ਮਨ ਦੀ ਵਾਰਸ, ਕਲਾ ਕਲਮ ਦੀ,
ਤੱਕ ਲੈ ਕਿੱਥੇ ਜਾ ਪਹੁੰਚੇ,
ਕੰਸ ਦਿਆਂ ਹੱਥਾਂ ਵਿੱਚ ਅੱਜ ਕੱਲ੍ਹ,
ਓਹੀ ਨੇ ਹਥਿਆਰ ਬਣੇ।
ਦਿਨ ਮਨਸੂਰ ਬਣਨ ਦੇ ਤੇਰੇ,
ਲੱਦ ਗਏ ਸੁਖਮਿੰਦਰ ਸਿਆਂ,
ਯਾਦ ਰਹੇ ਕਿ ਸ਼ਿਬਲੀ ਵਰਗਾ,
ਕੋਈ ਨਾ ਤੇਰਾ ਯਾਰ ਬਣੇ।

**- ਸੁਖਮਿੰਦਰ ਰਾਮਪੁਰੀ**
**ਸੰਪਰਕ: 88727-01924**

### ਗ਼ਜ਼ਲ

ਹਰਿਕ ਥਾਂ ’ਤੇ ਇੱਕੋ ਕਹਾਣੀ ਮਿਲੇਗੀ।
ਤੇਰੇ ਸ਼ਹਿਰ ਵਿੱਚ ਵੰਡ ਕਾਣੀ ਮਿਲੇਗੀ।
ਬੁਝਾਰਤ ਜੇ ਪਾਉ ਕਹੁ ਭੁੱਖਾ ਰੋਟੀ,
ਕਹਾਵਤ ਇਹ ਸਦੀਆਂ ਪੁਰਾਣੀ ਮਿਲੇਗੀ।
ਹਰਿਕ ਦਿਲ ਮਿਲੇਗਾ ਪਰਾਇਆ ਪਰਾਇਆ,
ਹਰਿਕ ਸ਼ਕਲ ਜਾਣੀ ਪਛਾਣੀ ਮਿਲੇਗੀ।
ਮਿਲਣਗੇ ਲਿਖਾਰੀ ਬਹੁਤ ਸੁਲਝੇ ਹੋਏ,
ਮਗਰ ਸਭ ਦੀ ਉਲਝੀ ਕਹਾਣੀ ਮਿਲੇਗੀ।
ਹਰਿਕ ਚੜ੍ਹਦੇ ਸੂਹੇ ਸਵੇਰੇ ਦੇ ਪਿੱਛੇ,
ਹਨੇਰੇ ਦੀ ਲੰਮੀ ਕਹਾਣੀ ਮਿਲੇਗੀ।
ਕਿਸੇ ਕੂਚੇ ਵਿੱਚ ਆਪ ਜਾਉ ‘ਵਿਯੋਗੀ’,
ਉਸੇ ਕੂਚੇ ਦੀ ਖ਼ਾਕ ਛਾਣੀ ਮਿਲੇਗੀ।

**- ਜਗਸੀਰ ਵਿਯੋਗੀ**
**ਸੰਪਰਕ: 98721-12272**

### ਗ਼ਜ਼ਲ

ਖ਼ੁਸ਼ਬੂ ਦੇ ਵਿਹੜੇ ਵਿੱਚ ਪੈੜਾਂ ਪਾਉਣ ਦਿਓ।
ਕਲੀਆਂ ਨੂੰ ਫੁੱਲਾਂ ਦੇ ਰੂਪ ’ਚ ਆਉਣ ਦਿਓ।
ਇਹ ਵੀ ਹਰਿਆਵਲ ਦੀ ਛਹਿਬਰ ਲਾ ਦੇਣਗੇ,
ਸੁੱਕੇ ਰੁੱਖਾਂ ਨੂੰ ਇੱਕ ਵਰ੍ਹਦਾ ਸਾਉਣ ਦਿਓ।
ਰਹਿੰਦੀ ਦੁਨੀਆਂ ਤਕ ਹਵਾ ਵਿੱਚ ਗੂੰਜਣਗੇ,
ਕਲਮ ਮੇਰੀ ਜੋ ਚਾਹੁੰਦੀ, ਨਗ਼ਮੇ ਗਾਉਣ ਦਿਓ।
ਅਸਮਾਨਾਂ ਤਕ ਉੱਡਣਾ ਸਿੱਖ ਲਊ ਖ਼ੁਦ ਪੰਛੀ,
ਵਿੱਚ ਹਵਾ ਦੇ ਇੱਕ ਉਡਾਰੀ ਲਾਉਣ ਦਿਓ।
ਬਦਲੇ ਵਿੱਚ ਧੜਕਾਉਣਗੀਆਂ ਇਹ ਲੱਖਾਂ ਦਿਲ,
ਪਾਣੀ ਨੂੰ ਨਦੀਆਂ ਦਾ ਦਿਲ ਧੜਕਾਉਣ ਦਿਓ।
ਦਿਲ ਚਾਹੁੰਦਾ ਹੈ ਉਸ ਦੀ ਸੰਗਤ ਬੈਠਣ ਨੂੰ,
ਬੂਹਾ ਯਾਦਾਂ ਦਾ ਮੈਨੂੰ ਖੜਕਾਉਣ ਦਿਓ।
ਹੋ ਜਾਵੇਗਾ ਇਕਦਮ ਹੌਲਾ ਫੁੱਲ ਅੱਬਾਸ,
ਦਿਲ ਵਿੱਚ ਡੱਕਿਆ ਪਿਆਰ ਉਸਨੂੰ ਜਤਲਾਉਣ ਦਿਓ।

**- ਰਸ਼ੀਦ ਅੱਬਾਸ**
**ਸੰਪਰਕ: 97818-60060**

## ਮਮਤਾ ਅਤੇ ਕ਼ਫ਼ਨ

ਮੂਲ ਲੇਖਕ: ਰਿਚਰਡ ਰਾਈਟ
ਪੰਜਾਬੀ ਰੂਪ: ਪ੍ਰੋ: ਬਲਦੀਪ




ਉਹ ਅੱਧ-ਮੀਟੀਆਂ ਅੱਖਾਂ ਨਾਲ ਦੇਖਦੀ ਜਾ ਰਹੀ ਸੀ ਅਤੇ ਉਸਨੇ ਆਪਣੇ ਬੁੱਲ੍ਹ ਕਸਕੇ ਘੁੱਟੇ ਹੋਏ ਸਨ। ਉਸ ਦੀਆਂ ਉਂਗਲਾਂ ਆਪਣੀ ਚਾਦਰ ਹੇਠ ਛੁਪਾਏ ਭਾਰੀ ਪਿਸਤੌਲ ਨੂੰ ਮਹਿਸੂਸ ਕਰ ਰਹੀਆਂ ਸਨ। ਬਾਰਿਸ਼ ਨਾਲ ਉਹ ਕਾਫ਼ੀ ਭਿੱਜ ਗਈ ਸੀ। ਚੱਲਦੇ-ਚੱਲਦੇ ਉਹ ਇੱਕ ਮੋੜ ’ਤੇ ਪਹੁੰਚੀ ਤਾਂ ਸਾਹਮਣੇ ਜਗਦੀਆਂ ਹੋਈਆਂ ਬੱਤੀਆਂ ਦਿਖਾਈ ਦਿੱਤੀਆਂ। ਨੇੜਿਉਂ ਹੀ ਕੁਝ ਲੋਕਾਂ ਦੀਆਂ ਆਵਾਜ਼ਾਂ ਆ ਰਹੀਆਂ ਸਨ। “ਕੌਣ ਹੈ” ? ਉਹ ਰੁਕ ਗਈ ਤੇ ਕੰਬਦੀਆਂ ਹੋਈਆਂ ਉਂਗਲਾਂ ਨਾਲ ਚਾਦਰ ਨੂੰ ਹੋਰ ਘੁੱਟ ਕੇ ਫ਼ੜ ਲਿਆ। ਦੋ ਗੋਰੇ ਉਸਦੇ ਨੇੜੇ ਆਏ। ਉਨ੍ਹਾਂ ਨੇ ਉਸ ਵੱਲ ਬੰਦੂਕਾਂ ਤਾਣੀਆਂ ਹੋਈਆਂ ਸਨ। “ਤੂੰ ਇਥੇ ਕੀ ਕਰ ਰਹੀਂ ਏਂ ?” “ ਮੈਂ ਆਪਣੇ ਬੇਟੇ ਨੂੰ ਮਿਲਣ ਆਈ ਹਾਂ।” “ਤੇਰਾ ਬੇਟਾ ਕੀ ਕਰਦਾ ਏ ?” “ ਉਸਨੂੰ ਸ਼ੈਰਿਫ਼ ਨੇ ਫ਼ੜਿਆ ਹੋਇਆ ਹੈ।” “ ਅੱਛਾ, ਤਾਂ ਤੂੰ ਉਸ ਨੀਗਰੋ ਦੀ ਮਾਂ ਹੈਂ; ਤੈਨੂੰ ਹੁਣ ਆਪਣੇ ਬੇਟੇ ਦੀ ਲਾਸ਼ ਚਾਹੀਦੀ ਹੈ ?” “ਹਾਂ”। “ਉਹ ਹਾਲੇ ਮਰਿਆ ਨਹੀਂ। ਹਾਂ, ਉਸਨੇ ਭੇਤ ਖੋਲ੍ਹ ਦਿੱਤਾ ਤਾਂ ਮਰਨੋ ਬਚ ਜਾਏਗਾ।” “ਪਰ ਉਹ ਦੱਸੇਗਾ ਨਹੀਂ।” “ਸਾਡੇ ਕੋਲ ਬੜੇ ਤਰੀਕੇ ਹਨ ਮੂੰਹ ਖੁੱਲ੍ਹਵਾਉਣ ਦੇ” “ਪਰ ਤੁਸੀਂ ਉਸਦੀ ਜ਼ੁਬਾਨ ਨਹੀਂ ਖੁਲ੍ਹਵਾ ਸਕਦੇ ?” “ ਸੁਣ ਨੀਗਰੋ ਬੁੱਢੀਏ, ਜ਼ਰਾ ਅਕਲ ਤੋਂ ਕੰਮ ਲੈ। ਨੀਗਰੋ ਲੋਕ ਕਦੇ ਇਨਕਲਾਬ ਨਹੀਂ ਲਿਆ ਸਕਦੇ। ਤੂੰ ਹਾਲੇ ਵੀ ਆਪਣੇ ਬੇਟੇ ਨੂੰ ਸਮਝਾ ਲੈ।” “ਮੈਨੂੰ ਸ਼ੈਰਿਫ਼ ਕੋਲ ਲੈ ਚਲੋ।” “ਤੂੰ ਉਸਦੀ ਮਾਂ ਹੈਂ, ਆਪਣੇ ਬੇਟੇ ਨੂੰ ਸਮਝਾ ਕਿ ਜੇ ਉਸਨੇ ਜ਼ਿੰਦਾ ਰਹਿਣਾ ਹੈ ਤਾਂ ਆਪਣੇ ਸਾਥੀਆਂ ਦੇ ਨਾਂ ਦੱਸ ਦੇਵੇ।” “ਨਹੀਂ, ਉਹ ਨਹੀਂ ਦੱਸੇਗਾ।” ਉਨ੍ਹਾਂ ਨੇ ਉਸ ਨੂੰ ਬਾਂਹ ਤੋਂ ਫ਼ੜਿਆ ਤੇ ਜੰਗਲ ਵਿੱਚ ਜੁੜੀ ਹੋਈ ਲੋਕਾਂ ਦੀ ਭੀੜ ਵੱਲ ਧੂਹ ਕੇ ਲੈ ਗਏ। ਉਸਦੀ ਸੋਚ ਬੜੀ ਸਾਫ਼ ਤੇ ਸੁਲਝੀ ਹੋਈ ਸੀ। ‘ਬੁੱਕਰ ਨਹੀਂ ਦੱਸੇਗਾ’ ਉਸਨੇ ਮਨ ਵਿੱਚ ਹੀ ਕਿਹਾ, ‘ਜੇ ਉਸਨੇ ਜ਼ੁਬਾਨ ਖੋਲ੍ਹੀ ਤਾਂ ਮੈਂ........” ਜਿਵੇਂ ਜਿਵੇਂ ਲੋਕਾਂ ਦੀਆਂ ਆਵਾਜ਼ਾਂ ਉੱਚੀਆਂ ਹੁੰਦੀਆਂ ਗਈਆਂ ਉਹ ਆਪਣੀ ਗ਼ਲਤੀ ਨੂੰ ਸੁਧਾਰਨ ਬਾਰੇ ਸੋਚਦੀ ਰਹੀ, ‘ਮੈਂ ਬੁੱਕਰ ਨੂੰ ਇਹ ਭੇਤ ਕਿਉਂ ਦੱਸਿਆ ? ਖ਼ੈਰ, ਮੈਂ ਹੁਣ ਬੁੱਕਰ ਦੇ ਆਉਣ ਤਕ ਚੁੱਪ ਰਹਾਂਗੀ, ਬੱਸ ਇੱਕ ਵਾਰੀ ਆਪਣੇ ਬੇਟੇ ਜਾਨੀ ਬਾਏ ਕੋਲ ਪਹੁੰਚ ਜਾਵਾਂ।’ ਫ਼ਲੈਸ਼ ਰੌਸ਼ਨੀ ਵਿੱਚ ਪੈ ਰਹੀ ਬਾਰਿਸ਼ ਦੀਆਂ ਬੂੰਦਾਂ ਚਮਕ ਰਹੀਆਂ ਸਨ। ਉਥੇ ਖੜ੍ਹੇ ਲੋਕ ਇੱਕ ਪਾਸੇ ਵਲ ਹੋਏ ਤਾਂ ਉਸਨੇ ਆਪਣੇ ਬੇਟੇ ਜਾਨੀ ਬਾਏ ਨੂੰ ਚਿੱਕੜ ਵਿੱਚ ਲੇਟਿਆਂ ਦੇਖਿਆ। ਉਸਨੂੰ ਇੱਕ ਰੱਸੇ ਨਾਲ ਬੰਨ੍ਹਿਆ ਹੋਇਆ ਸੀ। ਉਸਦਾ ਚਿਹਰਾ ਗੰਦੇ ਪਾਣੀ ਨਾਲ ਭਰੇ ਹੋਏ ਟੋਏ ਵਿੱਚ ਪਿਆ ਹੋਇਆ ਸੀ। ਉਸਨੇ ਆਪਣੀ ਮਾਂ ਵੱਲ ਦੇਖਿਆ ਤਾਂ ਉਸਦੀਆਂ ਅੱਖਾਂ ਵਿੱਚ ਇੱਕ ਸਵਾਲ ਉਭਰਨ ਲੱਗਿਆ। “ਇਹਦੇ ਨਾਲ ਗੱਲ ਕਰ”, ਸ਼ੈਰਿਫ਼ ਨੇ ਉੱਚੀ ਅਵਾਜ਼ ਵਿੱਚ ਕਿਹਾ। ‘ਕਾਸ਼! ਮੈਂ ਉਸਨੂੰ ਦੱਸ ਸਕਦੀ ਹੋਵਾਂ ਕਿ ਮੈਂ ਇਥੇ ਕਿਉਂ ਆਈ ਹਾਂ ?’ ਉਸ ਨੇ ਸੋਚਿਆ। ‘ਬੋਲ, ਨੀਗਰੋ ਦੇ ਬੱਚੇ।’ ਸ਼ੈਰਿਫ਼ ਨੇ ਜਾਨੀ ਬਾਏ ਦੇ ਠੁੱਡਾ ਮਾਰਦਿਆਂ ਕਿਹਾ, ‘ਇਹ ਖੜ੍ਹੀ ਏ ਤੇਰੀ ਮਾਂ’। ਜਾਨੀ ਬਾਏ ਨਾ ਕੁਝ ਬੋਲਿਆ ਤੇ ਨਾ ਹੀ ਹਿੱਲਿਆ। ਸ਼ੈਰਿਫ਼ ਉਸਦੀ ਮਾਂ ਵੱਲ ਮੁੜਿਆ, “ਇਸਨੂੰ ਹਾਲੇ ਵੀ ਸਮਝਾ ਕੁਝ। ਆਖਰ ਇਹ ਆਪਣੇ ਕਾਲੇ ਤੇ ਗੋਰੇ ਸਾਥੀਆਂ ਨੂੰ ਕਿਉਂ ਬਚਾ ਰਿਹਾ ਹੈ। ਬੱਸ ਉਨ੍ਹਾਂ ਦੇ ਨਾਂਅ ਦਸ ਦੇਵੇ ਤੇ ਆਪਣੀ ਜਾਨ ਬਚਾ ਲਵੇ। ਸਮਝਾ ਏਸ ਨੂੰ, ਇਸਦੇ ਕੋਲ ਜਾਹ।’ ਉਹ ਆਪਣੀ ਥਾਂ ਤੋਂ ਨਹੀਂ ਹਿੱਲੀ। ਉਸਦਾ ਦਿਲ ਚੀਖ ਚੀਖ ਕੇ ਆਪਣੇ ਬੇਟੇ ਦੀਆਂ ਅੱਖਾਂ ਵਿੱਚ ਉਠਦੇ ਸਵਾਲ ਦਾ ਜਵਾਬ ਦੇਣਾ ਚਾਹੁੰਦਾ ਸੀ। ਪਰ ਉਹ ਚੁੱਪ ਰਹੀ। ‘ਤੂੰ ਨਹੀਂ ਬੋਲੇਂਗੀ ਤਾਂ ਅਸੀਂ ਇਸਨੂੰ ਬੁਲਾਵਾਂਗੇ।’ ਸ਼ੈਰਿਫ਼ ਨੇ ਦੂਜੇ ਪਾਸੇ ਮੂੰਹ ਮੋੜ ਕੇ ਕਿਹਾ, ‘ਟਿੰਮ, ਉਥੋਂ ਲੱਕੜ ਦੀ ਇੱਕ ਮੋਟੀ ਬੱਲੀ ਲਿਆਓ ਤੇ ਇਸ ਨੂੰ ਨੀਗਰੋ ਦੀਆਂ ਟੰਗਾਂ ਉਤੇ ਰੱਖੋ।” ਫ਼ੇਰ ਇੱਕ ਦਰਦਨਾਕ ਚੀਕ ਸੁਣਾਈ ਦਿੱਤੀ। ਲੰਬੇ ਆਦਮੀ ਨੇ ਜਾਨੀ ਬਾਏ ਦੀਆਂ ਦੋਹੇ ਟੰਗਾਂ ਉਪਰ ਚੁੱਕੀਆਂ ਤੇ ਇੱਕ ਦਮ ਛੱਡ ਦਿੱਤੀਆਂ। ਟੰਗਾਂ ਬੇਜਾਨ ਹੋ ਕੇ ਹੇਠਾਂ ਡਿੱਗ ਪਈਆਂ। ਜਾਨੀ ਬਾਏ ਦਾ ਸਿਰ ਇੱਕ ਪਾਸੇ ਲੁੜਕ ਗਿਆ ਸੀ, ਜਿਸਨੂੰ ਮਾਂ ਦੇਖ ਨਹੀਂ ਸਕਦੀ ਸੀ। ਅਚਾਨਕ ਜਾਨੀ ਬਾਏ ਦਾ ਚਿਹਰਾ ਉਹਦੇ ਵੱਲ ਘੁੰਮਿਆ ਤੇ ਉਹ ਚੀਖ ਕੇ ਬੋਲਿਆ, ‘ਇਥੋਂ ਚਲੀ ਜਾਹ, ਮਾਂ! ਚਲੀ ਜਾਹ।’ ਮਾਂ ਪਾਗਲਾਂ ਵਾਂਗ ਬੇਟੇ ਵਲ ਦੌੜੀ ਪਰ ਸ਼ੈਰਿਫ਼ ਨੇ ਉਸ ਨੂੰ ਬਾਂਹ ਤੋਂ ਫ਼ੜ ਕੇ ਰੋਕ ਲਿਆ। ਫ਼ਿਰ ਉਸ ਨੇ ਜਾਨੀ ਬਾਏ ਨੂੰ ਕਿਹਾ “ਜੇ ਤੂੰ ਕੁਝ ਦੱਸ ਦੇਵੇਂ ਤਾਂ ਅਸੀਂ ਤੇਰੀ ਮਾਂ ਨੂੰ ਛੱਡ ਦੇਵਾਂਗੇ, ਨਹੀਂ ਇਸ ਨੂੰ ਵੀ ........।” “ਮੇਰਾ ਬੇਟਾ ਨਹੀਂ ਦੱਸੇਗਾ”, ਉਹ ਉੱਚੀ ਸੁਰ ਵਿੱਚ ਬੋਲੀ। “ਚਲੀ ਜਾਹ! ਮਾਂ।” “ਇਸਨੂੰ ਬੇਸ਼ਕ ਗੋਲੀ ਮਾਰ ਦਿਓ... ਪਰ ਇਸ ਤਰ੍ਹਾਂ ਤਸੀਹੇ ਨਾ ਦਿਉ”, ਉਸਨੇ ਸ਼ੈਰਿਫ਼ ਨੂੰ ਕਿਹਾ। “ਇਹ ਸਭ ਕੁਝ ਦੱਸੇਗਾ ਨਹੀਂ ਤਾਂ ਤੇਰੀ ਆਵਾਜ਼ ਮੁੜ ਕਦੇ ਨਹੀਂ ਸੁਣ ਸਕੇਗਾ। ਅਸੀਂ ਇਸਦੇ ਕੰਨ ਭੰਨ ਸੁੱਟਾਂਗੇ।” ਮਾਂ ਨੇ ਅੱਖਾਂ ਬੰਦ ਕਰ ਲਈਆਂ ਤੇ ਕੁਝ ਪਲਾਂ ਬਾਅਦ ਜਦੋਂ ਅੱਖਾਂ ਖੋਲ੍ਹੀਆਂ ਤਾਂ ਉਸਨੇ ਦੇਖਿਆ ਕਿ ਸ਼ੈਰਿਫ਼ ਉਸਦੇ ਬੇਟੇ ਉੱਤੇ ਝੁਕਿਆ ਖੜ੍ਹਾ ਹੈ। ਫ਼ੇਰ ਉਸਨੇ ਜਾਨੀ ਬਾਏ ਦੇ ਕੰਨ ਉੱਤੇ ਆਪਣੀ ਹਥੇਲੀ ਰੱਖੀ ਅਤੇ ਉਸ ਉੱਤੇ ਪੂਰੇ ਜ਼ੋਰ ਨਾਲ ਦੂਜੇ ਹੱਥ ਦਾ ਮੁੱਕਾ ਮਾਰਿਆ। ਫ਼ੇਰ ਉਸਨੇ ਦੂਜੇ ਕੰਨ ਉੱਤੇ ਹਥੇਲੀ ਰੱਖ ਕੇ ਇੱਕ ਹੋਰ ਮੁੱਕਾ ਮਾਰਿਆ। ਜਾਨੀ ਬਾਏ ਦਰਦ ਨਾਲ ਕਰਾਹੁਣ ਲੱਗਿਆ। ਉਸਦਾ ਸਿਰ ਇਧਰ-ਉਧਰ ਲੁੜਕ ਰਿਹਾ ਸੀ, ਉਸ ਦੀਆਂ ਅੱਖਾਂ ਜਿਵੇਂ ਪਥਰਾਅ ਗਈਆਂ ਹੋਣ। “ਸ਼ੈਰਿਫ਼, ਤੁਹਾਨੂੰ ਕੋਈ ਮਿਲਣਾ ਚਾਹੁੰਦਾ ਹੈ” “ਉਸਨੂੰ ਅੰਦਰ ਲੈ ਆਓ”। ਮਾਂ ਨੇ ਸੁਣਿਆ ਤਾਂ ਉਹ ਆਪਣੇ ਆਪ ਵਿੱਚ ਜਿਵੇਂ ਸਿਮਟ ਕੇ ਰਹਿ ਗਈ। ‘ਕੀ ਇਹ ਬੁੱਕਰ ਹੈ ?’ ਉਸ ਨੇ ਸੋਚਿਆ। ਭੀੜ ਵਿੱਚੋਂ ਰਸਤਾ ਬਣਾਉਂਦਾ ਹੋਇਆ ਬੁੱਕਰ ਸ਼ੈਰਿਫ਼ ਕੋਲ ਆਇਆ ਤੇ ਕਹਿਣ ਲੱਗਾ, “ਮੈਂ ਉਨ੍ਹਾਂ ਸਾਰਿਆਂ ਨੂੰ ਜਾਣਦਾ ਹਾਂ, ਸ਼ੈਰਿਫ਼!” ਉਸੇ ਵਕਤ ਉਸਦੀ ਨਜ਼ਰ ਜਾਨੀ ਬਾਏ ਉੱਤੇ ਪਈ।

“ਤਾਂ, ਕੀ ਤੁਹਾਨੂੰ ਪਤਾ ਲੱਗਾ ਗਿਆ ਹੈ ?” ਉਸਨੇ ਸ਼ੈਰਿਫ਼ ਵੱਲ ਦੇਖ ਕੇ ਪੁੱਛਿਆ। ਠੀਕ ਉਸੇ ਵੇਲੇ ਉਹ ਅੱਗੇ ਵਧੀ, ਉਸਨੇ ਆਪਣੀ ਚਾਦਰ ਉਪਰ ਚੁੱਕੀ ਤੇ ਗੋਲੀ ਚਲਾ ਦਿੱਤੀ- ਇੱਕ ਵਾਰ ਦੋ ਵਾਰ। ਫ਼ੇਰ ਉਹ ਪਿੱਛੇ ਮੁੜੀ ਤੇ ਜਾਨੀ ਬਾਏ ਵੱਲ ਪਿਸਤੌਲ ਤਾਣ ਦਿੱਤੀ। ਪਰ ਲੋਕਾਂ ਨੇ ਤੁਰੰਤ ਉਸ ਨੂੰ ਫ਼ੜ ਲਿਆ। ਜਦੋਂ ਉਸ ਨੇ ਬੁੱਕਰ ਨੂੰ ਚਿੱਕੜ ਵਿੱਚ ਡਿੱਗੇ ਪਏ ਨੂੰ ਦੇਖਿਆ ਤਾਂ ਉਸਦੀ ਬੇਚੈਨੀ ਖਤਮ ਹੋ ਗਈ। ਹੁਣ ਉਹ ਪੂਰੀ ਤਰ੍ਹਾਂ ਸ਼ਾਂਤ ਸੀ ਤੇ ਚਿੱਕੜ ਵਿੱਚ ਪਈ ਹੋਈ, ਆਪਣੇ ਉੱਤੇ ਬਾਰਿਸ਼ ਦੀਆਂ ਡਿੱਗ ਰਹੀਆਂ ਬਾਰਸ਼ ਦੀਆਂ ਬੂੰਦਾਂ ਵਿੱਚੋਂ ਗੋਰੇ ਚਿਹਰਿਆਂ ਨੂੰ ਦੇਖ ਰਹੀ ਸੀ। “ਇਸਨੇ ਬੁੱਕਰ ਨੂੰ ਮਾਰ ਦਿੱਤਾ ਹੈ।” “ਭਲਾ ਇਸਨੇ ਕਿਉਂ ਮਾਰਿਆ ਉਸਨੂੰ ?” “ਮਾਰ ਸੁੱਟੋ ਇਹਨੂੰ ਵੀ”। ਇਸ ਤੋਂ ਪਹਿਲਾਂ ਕਿ ਉਹ ਉਸਦੀ ਜਾਨ ਲੈ ਲੈਣ, ਉਹ ਖੁਦ ਆਪਣੀ ਜਾਨ ਲੈ ਲੈਣਾ ਚਾਹੁੰਦੀ ਸੀ। ਜੋ ਉਸ ਨੇ ਚਾਹਿਆ ਸੀ ਉਹ ਪੂਰਾ ਹੋ ਚੁੱਕਿਆ ਸੀ। ਬੱਸ, ਕਿਤੇ ਜਾਨੀ ਬਾਏ.....! ਉਸਨੇ ਆਪਣੇ ਬੇਟੇ ਵਲ ਦੇਖਿਆ। ਉਹ ਉਸਦੀਆਂ ਉਦਾਸ ਅੱਖਾਂ ਵਲ ਦੇਖ ਰਿਹਾ ਸੀ। ਕਾਸ਼ ਮੈਂ ਜਾਨੀ ਬਾਏ ਨੂੰ ਦੱਸ ਸਕਦੀ, ਉਸਨੇ ਸੋਚਿਆ। ਤੂੰ ਬੁੱਕਰ ਨੂੰ ਕਿਉਂ ਮਾਰ ਦਿੱਤਾ ? ਸ਼ੈਰਿਫ਼ ਨੇ ਪੁੱਛਿਆ। ਉਸ ਨੇ ਕੋਈ ਜਵਾਬ ਨਹੀਂ ਦਿੱਤਾ। ਉਸੇ ਵੇਲੇ ਉਸਨੇ ਆਪਣੀ ਪਿੱਠ ਉਤੇ ਪਏ ਸ਼ੈਰਿਫ਼ ਦੇ ਬੂਟ ਦੇ ਠੁੱਡੇ ਨੂੰ ਮਹਿਸੂਸ ਕੀਤਾ। ਉਸਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ। ‘ਕਾਲੀ ਕੁੱਤੀਏ’!

“ਇਹਨੂੰ ਵੀ ਪਾਰ ਬੁਲਾ ਦਿਉ।” ਉਸਨੂੰ ਆਪਣੀ ਗਿੱਲੀ ਤੇ ਠੰਡੀ ਪਿੱਠ ਉਤੇ ਵਗ ਰਿਹਾ ਗਰਮ ਖ਼ੂਨ ਮਹਿਸੂਸ ਹੋਇਆ। ਅਚਾਨਕ ਉਸਦੇ ਮੂੰਹੋਂ ਨਿਕਲਿਆ, “ਤੁਸੀਂ ਜਿਹੜੇ ਨਾਂ ਜਾਣਨਾ ਚਾਹੁੰਦੇ ਸੀ.... ਉਹ ਨਹੀਂ ਜਾਣ ਸਕੇ ਤੇ ਹੁਣ ਉਨ੍ਹਾਂ ਦਾ ਤੁਹਾਨੂੰ ਕਦੇ ਪਤਾ ਵੀ ਨਹੀਂ ਲੱਗੇਗਾ।” ਉਸਨੇ ਆਪਣੀਆਂ ਖੁੱਲ੍ਹੀਆਂ ਹੋਈਆਂ ਧੁੰਦਲੀਆਂ ਅੱਖਾਂ ਵਿੱਚ ਬਾਰਿਸ਼ ਦੀ ਫ਼ੁਹਾਰ ਮਹਿਸੂਸ ਕੀਤੀ। ਉਸਨੂੰ ਕੋਈ ਮੱਧਮ ਜਿਹੇ ਬੋਲ ਸੁਣ ਰਹੇ ਸਨ। ਉਸਦੇ ਬੁੱਲ੍ਹ ਹਿੱਲ ਰਹੇ ਸਨ, ਪਰ ਉਨ੍ਹਾਂ ਵਿੱਚ ਆਵਾਜ਼ ਕੋਈ ਨਹੀਂ ਸੀ। ਉਹ ਹੁਣ ਪੂਰੀ ਤਰ੍ਹਾਂ ਸ਼ਾਂਤ ਸੀ ਅਤੇ ਉਸਨੂੰ ਕਿਸੇ ਤਰ੍ਹਾਂ ਦੀ ਠੰਢ ਵੀ ਨਹੀਂ ਲੱਗ ਰਹੀ ਸੀ।

## ਜਹਾਜ਼ ਦਾ ਲਾਇਸੈਂਸ

**- ਗੁਰਜੰਟ ਸਿੰਘ ਮੰਡੇਰਾਂ**
**ਸੰਪਰਕ: 97814-08731**




ਸਾਡੇ ਪਿੰਡ ਦਾ ਇੱਕ ਵਿਅਕਤੀ ਹਵਾਈ ਜਹਾਜ਼ ਦਾ ਲਾਇਸੈਂਸ ਬਣਾਉਣ ਲਈ ਕਚਹਿਰੀ ਗਿਆ ਤਾਂ ਕੋਈ ਉਸ ਦਾ ਫਾਰਮ ਭਰਨ ਲਈ ਤਿਆਰ ਹੀ ਨਹੀਂ ਸੀ ਹੋ ਰਿਹਾ। ਉਹ ਪੈਸੇ ਵੀ ਵੱਧ ਦੇ ਰਿਹਾ ਸੀ। ਅਖੀਰ ਉਸ ਨੇ ਲਾਈਸੈਂਸ ਬਣਾਉਣ ਦੀ ਫਰਿਆਦ ਜੱਜ ਕੋਲ ਅਦਾਲਤ ਵਿੱਚ ਕੀਤੀ। ਅਦਾਲਤ ’ਚ ਖੜ੍ਹੇ ਸਾਰੇ ਵਕੀਲ ਤੇ ਲੋਕ ਹੈਰਾਨੀ ਨਾਲ ਉਸ ਵੱਲ ਦੇਖ ਰਹੇ ਸਨ। ਜੱਜ ਨੇ ਬੜੀ ਗੰਭੀਰਤਾ ਨਾਲ ਉਸ ਨੂੰ ਤਾੜਦਿਆਂ ਪੁੱਛਿਆ, “ਤੇਰਾ ਦਿਮਾਗ਼ ਠੀਕ ਹੈ ? ਤੂੰ ਹਵਾਈ ਜਹਾਜ਼ ਦਾ ਲਾਇਸੈਂਸ ਕੀ ਕਰਨਾ ਹੈ ?” ਅੱਗੋਂ ਉਸ ਨੇ ਬੜੇ ਪਿਆਰ ਤੇ ਠਰੰਮੇ ਭਰੇ ਲਹਿਜੇ ਨਾਲ ਜਵਾਬ ਦਿੱਤਾ, “ਜੱਜ ਸਾਹਿਬ! ਗੱਲ ਇਹ ਹੈ ਕਿ ਕੁਝ ਸਾਲ ਪਹਿਲਾਂ ਸਾਡੇ ਪਿੰਡ ਸੋਕਾ ਪੈ ਗਿਆ ਸੀ ਜਿਸ ਕਾਰਨ ਮੇਰੀ ਸਾਰੀ ਫ਼ਸਲ ਬਰਬਾਦ ਹੋ ਗਈ। ਸਰਕਾਰ ਵੱਲੋਂ ਮਸਾਂ ਹੀ ਪੰਜਾਹ ਹਜ਼ਾਰ ਰੁਪਏ ਦਾ ਮੁਆਵਜ਼ਾ ਪਾਸ ਹੋਇਆ ਜਿਸ ਨੂੰ ਮਿਲਣ ਵਿੱਚ ਤਕਰੀਬਨ ਦੋ ਸਾਲ ਦਾ ਸਮਾਂ ਲੱਗ ਗਿਆ। ਚਲੋ ਸਮਾਂ ਤਾਂ ਜੋ ਲੱਗਿਆ ਸੋ ਲੱਗਿਆ, ਪਰ ਮੇਰੇ ਖਾਤੇ ਵਿੱਚ ਦਸ ਹਜ਼ਾਰ ਰੁਪਏ ਹੀ ਆਏ। ਮੇਰਾ ਪੁੱਤਰ ਕਸ਼ਮੀਰਾ ਬੀ.ਕਾਮ. ਦੀ ਪੜ੍ਹਾਈ ਖ਼ਤਮ ਕਰਕੇ ਪਹਿਲਾਂ ਤਾਂ ਨੌਕਰੀ ਪਿੱਛੇ ਦੋ ਤਿੰਨ ਸਾਲ ਧੱਕੇ ਖਾਂਦਾ ਰਿਹਾ, ਫਿਰ ਥੱਕ ਹਾਰ ਕੇ ਕਹਿੰਦਾ ਕਿ ਮੈਂ ਆਪਣਾ ਹੀ ਕੰਮ ਕਰ ਲੈਂਦਾ ਹਾਂ। ਆਪਣਾ ਕੰਮ ਕਰਨ ਲਈ ਅਸੀਂ ਸਰਕਾਰੀ ਬੈਂਕ ਵਿੱਚੋਂ ਇੱਕ ਲੱਖ ਰੁਪਏ ਦੇ ਕਰਜ਼ੇ ਲਈ ਅਪਲਾਈ ਕੀਤਾ ਸੀ ਜੋ ਇੱਕ ਸਾਲ ਬਾਅਦ ਪਾਸ ਹੋਇਆ ਤੇ ਮਿਲੇ ਵੀ ਸਿਰਫ਼ ਪੱਚੀ ਹਜ਼ਾਰ ਰੁਪਏ। ਇੱਕ ਹੋਰ ਗੱਲ ਦੱਸਾਂ। ਮੇਰੀ ਧੀ ਦਾ ਵਿਆਹ ਸੀ। ਸਰਕਾਰ ਵੱਲੋਂ ਕੁੜੀ ਦੇ ਵਿਆਹ ’ਤੇ ਸ਼ਗਨ ਸਕੀਮ ਦੇ ਪੰਦਰਾਂ ਹਜ਼ਾਰ ਰੁਪਏ ਦਿੱਤੇ ਜਾਂਦੇ ਹਨ। ਮੈਂ ਉਹ ਫਾਰਮ ਭਰ ਕੇ ਲੋੜੀਂਦੇ ਕਾਗਜ਼ ਨਾਲ ਲਗਾ ਕੇ ਆਪਣੀ ਧੀ ਦੇ ਵਿਆਹ ਤੋਂ ਇੱਕ ਮਹੀਨਾ ਪਹਿਲਾਂ ਦਫ਼ਤਰ ਵਿੱਚ ਜਮ੍ਹਾ ਕਰਵਾ ਦਿੱਤਾ ਸੀ। ਮੇਰੀ ਧੀ ਕੋਲ ਦੋ ਸਾਲ ਦਾ ਇੱਕ ਬੇਟਾ ਵੀ ਹੋ ਗਿਆ ਸੀ, ਜਦੋਂ ਮੈਨੂੰ ਉਨ੍ਹਾਂ ਪੰਦਰਾਂ ਹਜ਼ਾਰ ਵਿੱਚੋਂ ਸਿਰਫ਼ ਨੌ ਹਜ਼ਾਰ ਰੁਪਏ ਹੀ ਮਿਲੇ। ਇਨ੍ਹਾਂ ਨੌ ਹਜ਼ਾਰ ਰੁਪਇਆਂ ਲਈ ਮੈਂ ਜਿਹੜੇ ਗੇੜੇ ਮਾਰੇ ਉਹ ਵੱਖ ਅਤੇ ਕਾਗਜ਼ੀ ਕਾਰਵਾਈ ਵਿੱਚ ਲੱਗੇ ਪੈਸੇ ਵੱਖ। ਜੱਜ ਸਾਹਿਬ, ਮੈਂ ਹੁਣ ਸਰਕਾਰੀ ਕੰਮਕਾਜ ਤੋਂ ਚੰਗੀ ਤਰ੍ਹਾਂ ਜਾਣੂੰ ਹੋ ਗਿਆ ਹਾਂ। ਅਸਲ ਵਿੱਚ ਮੇਰਾ ਪੁੱਤਰ ਮੋਟਰਸਾਈਕਲ ਸਿੱਖ ਰਿਹਾ ਹੈ। ਇਸ ਕਰਕੇ ਕੁਝ ਸਮੇਂ ਬਾਅਦ ਉਸ ਨੂੰ ਲਾਇਸੈਂਸ ਦੀ ਲੋੜ ਪਵੇਗੀ। ਜੇ ਮੈਂ ਹੁਣ ਹਵਾਈ ਜਹਾਜ਼ ਦਾ ਲਾਇਸੈਂਸ ਮੰਗਾਂਗਾ ਤਾਂ ਤੁਸੀਂ ਮੈਨੂੰ ਮੋਟਰਸਾਈਕਲ ਦਾ ਲਾਇਸੈਂਸ ਇੱਕ ਸਾਲ ਬਾਅਦ ਦੇ ਹੀ ਦੇਵੋਗੇ। ਜੇ ਮੈਂ ਪਹਿਲਾਂ ਹੀ ਮੋਟਰਸਾਈਕਲ ਦਾ ਲਾਇਸੈਂਸ ਮੰਗਦਾ ਤਾਂ...।”

## ਬਜ਼ੁਰਗ



“ਸਤਿ ਸ੍ਰੀ ਆਕਾਲ, ਬਾਬਾ ਜੀ। ਪੈਰੀਂ ਪੈਂਦਾ ਹਾਂ ਜੀ।” ਮੈਂ ਉਸ ਬਜ਼ੁਰਗ ਨੂੰ ਕਿਹਾ ਜੋ ਬੜੇ ਦਿਨਾਂ ਬਾਅਦ ਮੈਨੂੰ ਮਿਲਿਆ ਸੀ। ਇਸ ਦੇ ਜਵਾਬ ਵਿੱਚ ਉਸ ਨੇ ਮਿੱਠੀ ਬੋਲੀ ਵਿੱਚ ਅਸੀਸਾਂ ਦੀ ਝੜੀ ਲਾ ਦਿੱਤੀ, “ਜਿਉਂਦਾ ਰਹੁ ਪੁੱਤਰਾ, ਜਵਾਨੀਆਂ ਮਾਣੇਂ, ਪਰਮਾਤਮਾ ਦੁਨੀਆਂ ਦੀ ਹਰ ਬਰਕਤ ਤੇਰੀ ਝੋਲੀ ਪਾਵੇ।”

ਮੈਂ ਹਰ ਰੋਜ਼ ਸਵੇਰੇ ਉਨ੍ਹਾਂ ਦੇ ਦਫ਼ਤਰ ਅਖ਼ਬਾਰ ਦੇਣ ਜਾਂਦਾ ਹਾਂ। ਜਿਸ ਦਿਨ ਮੈਂ ਕਦੇ ਲੇਟ ਹੋ ਜਾਂਦਾ ਹਾਂ ਤਾਂ ਉਸ ਦਿਨ ਮੈਨੂੰ ਉਹ ਬਜ਼ੁਰਗ ਉਸ ਦਫ਼ਤਰ ਵਿੱਚ ਹਾਜ਼ਰ ਮਿਲਦਾ ਹੈ। ਅੱਜ ਉਹ ਮੈਨੂੰ ਅਸੀਸਾਂ ਦੇ ਰਿਹਾ ਸੀ ਤੇ ਮੈਂ ਮਨ ਹੀ ਮਨ ਨਮੋਸ਼ੀ ਨਾਲ ਪਾਣੀ ਪਾਣੀ ਹੋ ਰਿਹਾ ਸੀ ਕਿਉਂਕਿ ਇੱਕ ਦਿਨ ਇਸੇ ਬਜ਼ੁਰਗ ਨੇ ਮੈਨੂੰ ਕਿਹਾ ਸੀ, “ਪੁੱਤਰਾ, ਕਿਸੇ ਦਿਨ ਸਮਾਂ ਕੱਢ ਕੇ ਮੇਰੇ ਨਾਲ ਚੱਲ। ਮੈਂ ਅੱਖਾਂ ਬਣਵਾਈਆਂ ਸਨ ਤੇ ਉਹ ਠੀਕ ਨਹੀਂ ਬਣੀਆਂ। ਆਪਾਂ ਇੱਕ ਧਾਰਮਿਕ ਸੰਸਥਾ ਦੇ ਹਸਪਤਾਲ ਵਿੱਚ ਅੱਖਾਂ ਦਿਖਾ ਕੇ ਆਈਏ। ਮੈਂ ਇਕੱਲਾ ਉੱਥੇ ਨਹੀਂ ਜਾ ਸਕਦਾ ਕਿਉਂਕਿ ਉੱਥੇ ਸਾਰਾ ਦਿਨ ਲੱਗ ਜਾਂਦਾ ਹੈ।” ਮੈਂ ਉਸ ਨੂੰ ਕਿਹਾ ਸੀ, “ਬਾਬਾ ਜੀ, ਜ਼ਰੂਰ ਚੱਲਾਂਗੇ। ਮੈਂ ਵੀ ਆਪਣੀ ਨਿਗ੍ਹਾ ਚੈੱਕ ਕਰਵਾਉਣੀ ਹੈ।” ਤੇ ਮੈਂ ਅੱਜ ਤਕ ਸਮਾਂ ਨਹੀਂ ਕੱਢ ਸਕਿਆ। ਇਸ ਕਰਕੇ ਮੈਨੂੰ ਆਪਣਾ ਆਪ ਦੋਸ਼ੀ ਲੱਗਦਾ ਹੈ, ਪਰ ਨਾਲ ਹੀ ਸਮਝਦਾ ਹਾਂ ਕਿ ਬਾਬਾ ਜੀ ਵੀ ਮੇਰੀ ਅਵਸਥਾ ਵਿੱਚੋਂ ਲੰਘੇ ਹਨ। ਇਸ ਲਈ ਉਹ ਮੇਰੀ ਸਮਾਂ ਨਾ ਕੱਢ ਸਕਣ ਦੀ ਮਜਬੂਰੀ ਨੂੰ ਬਾਖ਼ੂਬੀ ਸਮਝਦੇ ਹੋਣਗੇ। ਇਸੇ ਲਈ ਉਨ੍ਹਾਂ ਨੇ ਮੇਰੀ ਗੁਸਤਾਖੀ ਨੂੰ ਮੁਆਫ਼ ਕਰਦਿਆਂ ਅਸੀਸਾਂ ਦੀ ਝੜੀ ਲਾ ਦਿੱਤੀ। ਮੈਂ ਅੱਜ ਤਕ ਇਹੀ ਸੋਚਦਾ ਹਾਂ ਕਿ ਇਹ ਉਨ੍ਹਾਂ ਦਾ ਵਡੱਪਣ ਹੈ ਕਿ ਉਹ ਦੁਖੀ ਹੁੰਦੇ ਹੋਇਆਂ ਵੀ ਸਾਡੇ ਲਈ ਅਸੀਸਾਂ ਦੀ ਝੜੀ ਲਾ ਦਿੰਦੇ ਹਨ ਤੇ ਅਸੀਂ ਤੰਦਰੁਸਤ ਹੁੰਦੇ ਹੋਏ ਵੀ ਉਨ੍ਹਾਂ ਲਈ ਸਮਾਂ ਨਹੀਂ ਕੱਢ ਸਕਦੇ।

**- ਜਗਸੀਰ ਸਿੰਘ ਤਾਜ਼ੀ**
**ਸੰਪਰਕ: 99889-95533**

## ਸ਼ਿਕਾਇਤ

ਸਾਰੀ ਕਾਇਨਾਤ ਰਾਤ ਦੇ ਕਲਾਵੇ ਵਿੱਚ ਨਿਸ਼ਚਿੰਤ ਸੁੱਤੀ ਪਈ ਸੀ। ਪਾਣੀ ਤੇ ਹਵਾ ਵੀ ਹੌਲੀ ਹੌਲੀ ਆਪਣੀ ਚਾਲੇ ਚੱਲ ਰਹੇ ਸਨ ਤਾਂ ਜੋ ਇਸ ਸ਼ਾਂਤਮਈ ਮਾਹੌਲ ਦਾ ਆਨੰਦ ਮਾਣਿਆ ਜਾ ਸਕੇ। ਪੰਛੀ, ਜੀਅ ਜੰਤ, ਗੱਲ ਕੀ ਕੁਦਰਤ ਦੀ ਬਣਾਈ ਹਰ ਸ਼ੈਅ ਦੀ ਗੂੜ੍ਹੀ ਨੀਂਦ ਕੋਈ ਵੀ ਖ਼ਰਾਬ ਨਹੀਂ ਸੀ ਕਰਨਾ ਚਾਹੁੰਦਾ। ਮੁੱਢ ਕਦੀਮੀਂ ਰੀਤ ਵਾਂਗ ਸਾਰੇ ਸੂਰਜ ਦੀ ਪਹਿਲੀ ਕਿਰਨ ਨਾਲ ਆਪਣੇ ਕੰਮ ਧੰਦੇ ਸ਼ੁਰੂ ਕਰਨਾ ਚਾਹੁੰਦੇ ਸਨ। ਪਰ ਅਚਾਨਕ ਇਹ ਕੀ। ਸਵੇਰੇ ਮੂੰਹ ਹਨੇਰੇ ਗੁਰਦੁਆਰੇ, ਮੰਦਰ, ਮਸਜਿਦ, ਪੀਰ ਦ ਦਰਗਾਹ, ਬਾਬੇ ਦੀ ਸਮਾਧ, ਸੱਤਵੇਂ ਬਾਪੂ ਦੇ ਟੀ.ਵੀ ਵਿੱਚ ਚਲਦੇ ਪ੍ਰਵਚਨਾਂ ਪ੍ਰਵਾਹ ਜ਼ੋਰ ਸ਼ੋਰ ਨਾਲ ਸ਼ੁਰੂ ਹੋ ਗਿਆ। ਜਦੋਂ ਸੂਰਜ ਚਮਕਿਆ ਤਾਂ ਹਵਾ ਆਪਣੀ ਸ਼ਿਕਾਇਤ ਲੈ ਕੇ ਰੱਬ ਕੋਲ ਗਈ। ਉਸ ਨੇ ਦੇਖਿਆ ਕਿ ਰੱਬ ਵੀ ਕੰਨਾਂ ਵਿੱਚ ਰੂੰ ਦੇਈ ਘੂਕ ਸੁੱਤਾ ਪਿਆ ਸੀ।

**- ਇੰਦਰਪਾਲ ਸਿੰਘ**
**ਸੰਪਰਕ: 98550-66698**

## ਚਮਤਕਾਰ



ਪੁੱਤ ਬਿਮਾਰ ਸੀ। ਉਸ ਦੇ ਦਿਮਾਗ਼ ਵਿੱਚ ਰਸੌਲੀ ਸੀ। ਅਪਰੇਸ਼ਨ ਲਈ ਪੈਸੇ ਨਹੀਂ ਸਨ। ਪਤੀ ਨੇ ਪਤਨੀ ਨੂੰ ਕਿਹਾ, ਸਾਡੇ ਪੁੱਤਰ ਨੂੰ ਹੁਣ ਕੋਈ ਚਮਤਕਾਰ ਹੀ ਬਚਾ ਸਕਦਾ ਹੈ।“ ਇਹ ਗੱਲ ਸੁਣ ਕੇ ਬਿਮਾਰ ਬੱਚੇ ਦੀ ਅੱਠ ਸਾਲ ਦੀ ਭੈਣ ਸੋਨੀਆ ਆਪਣੇ ਕਮਰੇ ਵਿੱਚ ਗਈ। ਉਸ ਨੇ ਆਪਣੀ ਬੁਘਨੀ ਤੋੜੀ। ਉਸ ਵਿੱਚ ਜਿੰਨੀ ਭਾਨ ਸੀ, ਉਹ ਲੈ ਕੇ ਉਹ ਇਕੱਲੀ ਹੀ ਦਵਾਈਆਂ ਦੀ ਦੁਕਾਨ ’ਤੇ ਚਲੀ ਗਈ। ਸੋਨੀਆ ਇੰਨੀ ਛੋਟੀ ਸੀ ਕਿ ਦੁਕਾਨਦਾਰ ਨੂੰ ਦਿਸੀ ਹੀ ਨਹੀਂ। ਦੁਕਾਨਦਾਰ ਨੇ ਉਪਰੋਂ ਝੁਕ ਕੇ ਦੇਖਿਆ ਤਾਂ ਪੁੱਛਿਆ ਕਿ ਕੀ ਚਾਹੀਦਾ ਹੈ। ਸੰਯੋਗਵੱਸ ਦੁਕਾਨਦਾਰ ਦਾ ਭਰਾ ਕਰਨ, ਜਿਹੜਾ ਦਿਮਾਗ਼ ਦੇ ਰੋਗਾਂ ਦਾ ਪ੍ਰਸਿੱਧ ਮਾਹਿਰ ਸੀ, ਉੱਥੇ ਬੈਠਾ ਸੀ।

ਸੋਨੀਆ ਨੇ ਕਿਹਾ, ਮੈਨੂੰ ਚਮਤਕਾਰ ਚਾਹੀਦਾ ਹੈ। ਮੇਰਾ ਭਰਾ ਬਿਮਾਰ ਹੈ। ਉਸ ਦੇ ਸਿਰ ਵਿੱਚ ਕੋਈ ਬਿਮਾਰੀ ਹੈ। ਮੇਰੇ ਪਾਪਾ ਕਹਿੰਦੇ ਹਨ ਕਿ ਇਸ ਨੂੰ ਤਾਂ ਕੋਈ ਚਮਤਕਾਰ ਹੀ ਬਚਾ ਸਕਦਾ ਹੈ। ਮੈਂ ਉਹ ਚਮਤਕਾਰ ਖ਼ਰੀਦਣ ਆਈ ਹਾਂ। ਕਰਨ ਨੇ ਪੁੱਛਿਆ, ਤੇਰੇ ਭਰਾ ਨੂੰ ਕਿਹੋ ਜਿਹਾ ਚਮਤਕਾਰ ਚਾਹੀਦਾ ਹੈ ? ਹੰਝੂਆਂ ਨਾਲ ਭਰੀਆਂ ਅੱਖਾਂ ਨਾਲ ਸੋਨੀਆ ਨੇ ਕਿਹਾ, ਮੈਨੂੰ ਨਹੀਂ ਪਤਾ, ਚਮਤਕਾਰ ਕਿਹੋ ਜਿਹਾ ਹੁੰਦਾ ਹੈ। ਮੈਂ ਤਾਂ ਸਿਰਫ਼ ਇਹ ਜਾਣਦੀ ਹਾਂ ਕਿ ਮੇਰਾ ਭਰਾ ਬਿਮਾਰ ਹੈ ਤੇ ਉਸ ਨੂੰ ਅਪਰੇਸ਼ਨ ਦੀ ਲੋੜ ਹੈ ਜਿਸ ਵਾਸਤੇ ਸਾਡੇ ਕੋਲ ਪੈਸੇ ਵੀ ਨਹੀਂ ਹਨ। ਕਰਨ ਨੇ ਉਸ ਦੀ ਮੁੱਠੀ ਵੇਖ ਕੇ ਕਿਹਾ, “ਤੇਰੇ ਕੋਲ ਚਮਤਕਾਰ ਵਾਸਤੇ ਬਹੁਤ ਪੈਸੇ ਹਨ। ਸੋਨੀਆ ਨੇ ਕਿਹਾ, ਮੈਂ ਆਪਣੀ ਬੁਘਨੀ ਤੋੜ ਕੇ ਲਿਆਈ ਹਾਂ। ਇਹ ਇੱਕ ਸੌ ਰੁਪਏ ਹਨ। ਕਰਨ ਨੇ ਕਿਹਾ, ਚਮਤਕਾਰ ਵਾਸਤੇ ਕਾਫ਼ੀ ਹਨ। ਕਰਨ ਨੇ ਸੋਨੀਆ ਦਾ ਹੱਥ ਫੜ ਕੇ ਕਿਹਾ, ਮੈਨੂੰ ਆਪਣੇ ਭਰਾ ਕੋਲ ਲੈ ਜਾ। ਉਸ ਨੇ ਆਪਣੇ ਹਸਪਤਾਲ ਵਿੱਚ ਸੋਨੀਆ ਦੇ ਭਰਾ ਦਾ ਮੁਫ਼ਤ ਇਲਾਜ ਕੀਤਾ। ਗਰੀਬ ਪਰਿਵਾਰ ਦਾ ਪੁੱਤਰ ਠੀਕ ਹੋ ਗਿਆ। ਸੋਨੀਆ ਦੀ ਮਾਂ ਨੇ ਹੈਰਾਨੀ ਨਾਲ ਕਰਨ ਨੂੰ ਪੁੱਛਿਆ ਕਿ ਇਹ ਚਮਤਕਾਰ ਕਿਵੇਂ ਹੋ ਗਿਆ ? ਕਰਨ ਨੇ ਕਿਹਾ, “ਦਰਅਸਲ, ਇਸ ਚਮਤਕਾਰ ਦੀ ਕੀਮਤ ਇੱਕ ਭੈਣ ਦੇ ਅੱਥਰੂ ਅਤੇ ਮਾਨਵਤਾ ਵਿੱਚ ਅਟੁੱਟ ਵਿਸ਼ਵਾਸ ਹੈ ਤੇ ਇਹ ਕੀਮਤ ਸੋਨੀਆ ਨੇ ਚੁਕਾਈ ਹੈ।”

**- ਪੁਰਨੀਤ ਕੌਰ**

# ਧਰਤੁ ਸੁਹਾਵੀ ਤਾਲ ਸੁਹਾਵਾ

*ਦਾਲਾਂ ਪੰਜਾਬੀਆਂ ਦੀ ਖ਼ੁਰਾਕ ਦਾ ਅਨਿੱਖੜਵਾਂ ਅੰਗ ਹਨ। ਇਨ੍ਹਾਂ ਵਿਚ ਲੋੜੀਂਦੀ ਮਾਤਰਾ 'ਚ ਪ੍ਰੋਟੀਨ, ਖਣਿਜ ਤੇ ਹੋਰ ਖ਼ੁਰਾਕੀ ਤੱਤ ਹੁੰਦੇ ਹਨ। ਕਣਕ ਦੀ ਕਟਾਈ ਤੋਂ ਬਾਅਦ ਕਿਸਾਨ ਸੱਠੀ ਮੂੰਗੀ ਅਤੇ ਮਾਂਹ ਦੀ ਕਾਸ਼ਤ ਕਰ ਕੇ ਵਧੇਰੇ ਮੁਨਾਫ਼ਾ ਕਮਾ ਸਕਦੇ ਹਨ...*

# ਸੱਠੀ ਮੂੰਗੀ ਤੇ ਮਾਂਹ ਦੀ ਸਫਲ ਕਾਸ਼ਤ

• ਡਾ. ਪ੍ਰਦੀਪ ਕੁਮਾਰ,
ਡਾ. ਰਾਜਨ ਭੱਟ
95010-23334







ਸਿਆਣਿਆਂ ਨੇ ਕਿਹਾ ਹੈ ਕਿ'ਖਾਈਏ ਦਾਲ, ਜਿਹੜੀ ਨਿਭੇ ਨਾਲ।' ਪੰਜਾਬੀ ਸੱਭਿਆਚਾਰ ਵਿਚ ਦਾਲ-ਰੋਟੀ ਦੀ ਖ਼ਾਸ ਮਹੱਤਤਾ ਹੈ। ਸੱਠੀ ਮੂੰਗੀ ਅਤੇ ਮਾਂਹ ਥੋੜ੍ਹੇ ਸਮੇਂ ਵਿਚ ਪੱਕਣ ਵਾਲੀਆਂ ਵਧੀਆ ਫ਼ਸਲਾਂ ਹਨ। ਥੋੜ੍ਹਾ ਸਮਾਂ ਲੈਣ ਕਾਰਨ ਸੱਠੀ ਮੂੰਗੀ ਕਈ ਫ਼ਸਲੀ ਚੱਕਰਾਂ ਵਿਚ ਫਿੱਟ ਬੈਠਦੀ ਹੈ, ਇਸ ਲਈ ਝੋਨਾ-ਕਣਕ ਦੇ ਫ਼ਸਲੀ ਚੱਕਰ ਵਿਚ ਇਸ ਨੂੰ ਸਹਿਜੇ ਹੀ ਬੀਜਿਆ ਜਾ ਸਕਦਾ ਹੈ। ਪੰਜਾਬ ਵਿਚ ਮੂੰਗੀ ਦੀ ਫ਼ਸਲ ਥੱਲੇ ਰਕਬਾ ਕਰੀਬ ਇਕ ਲੱਖ ਏਕੜ ਹੈ। ਸਮੇਂ ਸਿਰ ਬੀਜੀ ਕਣਕ ਨੂੰ ਮਾਰਚ ਦੇ ਅਖ਼ੀਰ ਵਿਚ (ਮੀਂਹ ਨੂੰ ਧਿਆਨ 'ਚ ਰੱਖਦੇ ਹੋਏ) ਚੰਗੀ ਤਰ੍ਹਾਂ ਪਾਣੀ ਲਗਾ ਦਿੱਤਾ ਜਾਵੇ ਤਾਂ 10 ਅਪ੍ਰੈਲ ਤਕ ਕਣਕ ਦੀ ਵਾਢੀ ਸੁਪਰ ਐੱਸਐੱਮਐੱਸ ਕੰਬਾਈਨ ਨਾਲ ਕਰਨ ਉਪਰੰਤ ਪੀਏਯੂ ਹੈਪੀ ਸੀਡਰ ਨਾਲ ਕਣਕ ਦੇ ਖੜ੍ਹੇ ਨਾੜ ਵਿਚ ਮੂੰਗੀ ਦੀ ਬਿਜਾਈ ਕੀਤੀ ਜਾ ਸਕਦੀ ਹੈ।

ਮਾਂਹ ਦੀ ਦਾਲ ਵੀ ਪੰਜਾਬੀ ਖ਼ੁਰਾਕ ਦਾ ਅਨਿੱਖੜਵਾਂ ਅੰਗ ਹੈ। ਇਸ ਵਿਚ ਸਰੀਰਕ ਵਿਕਾਸ ਲਈ ਲੋੜੀਂਦੀ ਮਾਤਰਾ 'ਚ ਪ੍ਰੋਟੀਨ, ਖਣਿਜ ਤੇ ਹੋਰ ਖ਼ੁਰਾਕੀ ਤੱਤ ਹੁੰਦੇ ਹਨ। ਪੰਜਾਬ ਵਿਚ ਗਰਮ ਰੁੱਤ ਦੇ ਮਾਂਹ ਦੀ ਕਾਸ਼ਤ ਕਰੀਬ ਸਵਾ ਛੇ ਹਜ਼ਾਰ ਏਕੜ 'ਚ ਕੀਤੀ ਜਾਂਦੀ ਹੈ। ਘੱਟ ਸਮੇਂ (70 ਤੋਂ 75 ਦਿਨ) ਵਿਚ ਪੱਕਣ ਵਾਲੀ ਮਾਂਹ ਦੀ ਕਿਸਮਾਂ ਮਾਰਚ ਤੋਂ ਜੂਨ ਮਹੀਨੇ ਦਰਮਿਆਨ ਬੀਜੀਆਂ ਜਾ ਸਕਦੀਆਂ ਹਨ। ਮਾਂਹ ਦੀ ਖੇਤੀ ਲੂਣੀਆਂ-ਖਾਰੀਆਂ, ਕਲਰਾਠੀਆਂ ਜਾਂ ਸੇਮ ਵਾਲੀਆਂ ਜ਼ਮੀਨਾਂ ਨੂੰ ਛੱਡ ਕੇ ਹਰ ਤਰ੍ਹਾਂ ਦੀ ਜ਼ਮੀਨ ਵਿਚ ਕੀਤੀ ਜਾ ਸਕਦੀ ਹੈ।

ਮਾਂਹ ਦੀ ਫ਼ਸਲ ਫਲੀਦਾਰ ਹੁੰਦੀ ਹੈ ਤੇ ਇਸ ਦੀਆਂ ਜੜ੍ਹਾਂ ਵਿਚਲੀਆਂ ਗੰਢਾਂ 'ਚ ਨਿੱਕੇ ਜੀਵਾਣੂ (ਰਾਈਜ਼ੋਬੀਅਮ) ਹੁੰਦੇ ਹਨ, ਜਿਹੜੇ ਹਵਾ ਵਿੱਚੋਂ ਨਾਈਟ੍ਰੋਜਨ ਨੂੰ ਖਿੱਚ ਕੇ ਜ਼ਮੀਨ ਦੀ ਉਪਜਾਊ ਸ਼ਕਤੀ 'ਚ ਵਾਧਾ ਕਰਦੇ ਹਨ। ਇਸ ਲਈ ਮਾਂਹ ਦੀ ਫ਼ਸਲ ਕੁਦਰਤੀ ਖਾਦ ਵਾਂਗ ਕੰਮ ਕਰਦੀ ਹੈ। ਇਸ ਲਈ ਕਿਸਾਨਾਂ ਕਣਕ ਦੀ ਵਾਢੀ ਤੋਂ ਬਾਅਦ ਤੇ ਝੋਨੇ ਦੀ ਪਨੀਰੀ ਲਗਾਉਣ ਤੋਂ ਪਹਿਲਾਂ ਕੁਝ ਰਕਬੇ ਵਿਚ ਮਾਂਹ ਦੀ ਫ਼ਸਲ ਜ਼ਰੂਰ ਬੀਜਣੀ ਚਾਹੀਦੀ ਹੈ ਤਾਂ ਕਿ ਪਰਿਵਾਰ ਦੀਆਂ ਖ਼ੁਰਾਕੀ ਲੋੜਾਂ ਦੀ ਪੂਰਤੀ ਦੇ ਨਾਲ-ਨਾਲ ਜ਼ਮੀਨ ਨੂੰ ਵੀ ਸਿਹਤਮੰਦ ਰੱਖਿਆ ਜਾ ਸਕੇ।

## ਮੂੰਗੀ ਦੀਆਂ ਉੱਨਤ ਕਿਸਮਾਂ

**ਟੀਐੱਮਬੀ-37** : ਇਹ ਮੂੰਗੀ ਦੀ ਨਵੀਂ ਕਿਸਮ ਹੈ। ਇਸ ਦੇ ਬੂਟੇ ਖੜ੍ਹਵੇਂ, ਬੌਣੇ ਤੇ ਟਿਕਵੇਂ ਵਾਧੇ ਵਾਲੇ ਹੁੰਦੇ ਹਨ। ਇਹ ਕਿਸਮ ਅਗੇਤੀ ਪੱਕਣ ਵਾਲੀ ਹੈ ਤੇ ਕਰੀਬ 60 ਦਿਨਾਂ 'ਚ ਪੱਕ ਜਾਂਦੀ ਹੈ। ਇਸ ਦੀਆਂ ਫਲੀਆਂ ਗੁੱਛੇਦਾਰ ਹੁੰਦੀਆਂ ਹਨ। ਦਾਣੇ ਚਮਕੀਲੇ ਹਰੇ ਰੰਗ ਦੇ ਹੁੰਦੇ ਹਨ ਤੇ ਦਾਲ ਸੁਆਦ ਬਣਦੀ ਹੈ। ਇਸ ਕਿਸਮ ਦਾ ਝਾੜ ਕਰੀਬ 4.9 ਕੁਇੰਟਲ ਪ੍ਰਤੀ ਏਕੜ ਹੈ।

**ਐੱਸਐੱਮਐੱਲ-832** : ਇਸ ਕਿਸਮ ਦੇ ਬੂਟੇ ਖੜ੍ਹਵੇਂ, ਦਰਮਿਆਨੇ ਕੱਦ ਦੇ ਤੇ ਟਿਕਵੇਂ ਵਾਧੇ ਵਾਲੇ ਹੁੰਦੇ ਹਨ। ਇਸ ਕਿਸਮ ਦੀਆਂ ਫਲੀਆਂ ਗੁੱਛੇਦਾਰ ਹੁੰਦੀਆਂ ਹਨ ਤੇ ਇਹ ਕਰੀਬ 61 ਦਿਨਾਂ 'ਚ ਪੱਕ ਜਾਂਦੀ ਹੈ। ਪੱਕਣ ਸਮੇਂ ਫਲੀਆਂ ਕਾਲੇ ਭੂਰੇ ਰੰਗ ਦੀਆਂ ਹੁੰਦੀਆਂ ਹਨ। ਹਰ ਫਲੀ 'ਚ ਕਰੀਬ 9 ਤੋਂ 10 ਦਾਣੇ ਹੁੰਦੇ ਹਨ। ਦਾਣੇ ਹਰੇ, ਦਰਮਿਆਨੇ ਆਕਾਰ ਦੇ ਤੇ ਚਮਕੀਲੇ ਹੁੰਦੇ ਹਨ ਤੇ ਦਾਲ ਸੁਆਦ ਬਣਦੀ ਹੈ। ਝਾੜ ਕਰੀਬ 4.6 ਕੁਇੰਟਲ ਪ੍ਰਤੀ ਏਕੜ ਹੈ।

**ਐੱਸਐੱਮਐੱਲ-668** : ਇਸ ਕਿਸਮ ਦੇ ਬੂਟੇ ਖੜ੍ਹਵੇਂ, ਛੋਟੇ ਕੱਦ ਦੇ ਤੇ ਸਥਿਰ ਵਾਧੇ ਵਾਲੇ ਹੁੰਦੇ ਹਨ। ਇਸ ਕਿਸਮ ਨੂੰ ਫਲੀਆਂ ਗੁੱਛਿਆਂ ਵਿਚ ਲਗਦੀਆਂ ਹਨ, ਜੋ ਕਿ ਇਕਸਾਰ ਪੱਕਦੀਆਂ ਹਨ। ਇਹ ਅਗੇਤੀ ਪੱਕਣ ਵਾਲੀ ਕਿਸਮ ਹੈ ਜੋ ਕਰੀਬ 60 ਦਿਨਾਂ 'ਚ ਪੱਕ ਜਾਂਦੀ ਹੈ। ਹਰ ਫਲੀ ਵਿਚ 10 ਤੋਂ 11 ਦਾਣੇ ਹੁੰਦੇ ਹਨ। ਝਾੜ ਕਰੀਬ 4.5 ਕੁਇੰਟਲ ਪ੍ਰਤੀ ਏਕੜ ਹੈ। ਇਸ ਕਿਸਮ ਦੇ ਦਾਣੇ ਬਹੁਤ ਮੋਟੇ ਹੁੰਦੇ ਹਨ ਤੇ ਦਾਲ ਸੁਆਦ ਬਣਦੀ ਹੈ।

### ਬਿਜਾਈ ਦਾ ਢੰਗ

ਸੱਠੀ ਮੂੰਗੀ ਦੀ ਬਿਜਾਈ ਲਈ ਸਿਆੜਾਂ ਵਿਚਾਲੇ ਫ਼ਾਸਲਾ 22.5 ਸੈਂਟੀਮੀਟਰ ਤੇ ਬੂਟੇ ਤੋਂ ਬੂਟੇ ਦਰਮਿਆਨ ਫ਼ਾਸਲਾ 7 ਸੈਂਟੀਮੀਟਰ ਰੱਖਣਾ ਚਾਹੀਦਾ ਹੈ। ਬਿਜਾਈ ਸੀਡ ਕਮ ਫਰਟੀਲਾਈਜ਼ਰ ਡਰਿਲ, ਜ਼ੀਰੋ ਟਿੱਲ ਡਰਿਲ ਜਾਂ ਹੈਪੀ ਸੀਡਰ ਨਾਲ ਕਰਨੀ ਚਾਹੀਦੀ ਹੈ। ਗਰਮ ਰੁੱਤ ਦੀ ਮੂੰਗੀ ਆਲੂ ਦੀ ਫ਼ਸਲ ਤੋਂ ਬਾਅਦ (ਝੋਨਾ/ਮੱਕੀ-ਆਲੂ-ਸੱਠੀ ਮੂੰਗੀ) ਬਿਨਾਂ ਖਾਦ ਪਾਏ ਬੀਜੀ ਜਾ ਸਕਦੀ ਹੈ। ਕਣਕ ਦੀ ਵਾਢੀ ਤੋਂ ਬਾਅਦ ਸੱਠੀ ਮੂੰਗੀ ਨੂੰ ਬਿਜਾਈ ਸਮੇਂ 11 ਕਿੱਲੋ ਯੂਰੀਆ, 100 ਕਿੱਲੋ ਸੁਪਰਫਾਸਫੇਟ ਡਰਿਲ ਕਰ ਦੇਣੀ ਚਾਹੀਦੀ ਹੈ।

## ਬੀਜ ਦੀ ਮਾਤਰਾ

ਬਿਜਾਈ ਵਾਸਤੇ ਐੱਸਐੱਮਐੱਲ-668 ਕਿਸਮ ਦਾ 15 ਕਿੱਲੋ, ਐੱਸਐੱਮਐੱਲ-832 ਤੇ ਟੀਐੱਮਬੀ-37 ਕਿਸਮਾਂ ਦਾ 12 ਕਿੱਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤਣਾ ਚਾਹੀਦਾ ਹੈ। ਬੀਜ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਤਿੰਨ ਗ੍ਰਾਮ 'ਕੈਪਟਾਨ' ਜਾਂ 'ਥੀਰਮ' ਨਾਸ ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧ ਲੈਣਾ ਚਾਹੀਦਾ ਹੈ। ਸੱਠੀ ਮੂੰਗੀ ਤੋਂ ਵੱਧ ਝਾੜ ਲੈਣ ਲਈ ਬੀਜ ਨੂੰ ਜੀਵਾਣੂ ਖਾਦ ਦੇ ਟੀਕੇ ਨਾਲ ਵੀ ਸੋਧ ਲੈਣਾ ਚਾਹੀਦਾ ਹੈ। ਇਕ ਏਕੜ ਦੇ ਬੀਜ ਨੂੰ 300 ਮਿਲੀਲਿਟਰ ਪਾਣੀ ਨਾਲ ਗਿੱਲਾ ਕਰਨ ਤੋਂ ਬਾਅਦ ਮਿਸ਼ਰਤ ਜੀਵਾਣੂ ਖਾਦ ਦੇ ਟੀਕੇ ਦੇ ਇਕ ਪੈਕੇਟ ਨਾਲ ਚੰਗੀ ਤਰ੍ਹਾਂ ਰਲਾ ਕੇ ਛਾਂ ਵਿਚ ਸੁਕਾ ਲੈਣਾ ਚਾਹੀਦਾ ਹੈ। ਟੀਕਾ ਲਗਾਉਣ ਤੋਂ ਇਕ ਘੰਟੇ ਦੇ ਅੰਦਰ ਬਿਜਾਈ ਕਰ ਦੇਣੀ ਚਾਹੀਦੀ ਹੈ। ਜੀਵਾਣੂ ਖਾਦ ਦਾ ਇਹ ਟੀਕਾ ਵੱਖ-ਵੱਖ ਜ਼ਿਲਿਆਂ ਵਿਚ ਸਥਿਤ ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਫਾਰਮ ਸਲਾਹਕਾਰ ਕੇਂਦਰਾਂ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

### ਨਦੀਨਾਂ ਦੀ ਰੋਕਥਾਮ

ਫ਼ਸਲ 'ਚ ਨਦੀਨਾਂ ਦੀ ਰੋਕਥਾਮ ਲਈ ਪਹਿਲੀ ਗੋਡੀ ਬਿਜਾਈ ਤੋਂ ਚਾਰ ਹਫ਼ਤੇ ਪਿੱਛੋਂ ਤੇ ਦੂਜੀ ਗੋਡੀ ਉਸ ਤੋਂ ਦੋ ਹਫ਼ਤੇ ਪਿੱਛੋਂ ਕਰਨੀ ਚਾਹੀਦੀ ਹੈ। ਇਕ ਲੀਟਰ ਸਟੌਂਪ-30 ਈਸੀ (ਪੈਂਡੀਮੈਥਾਲੀਨ) ਦਾ ਛਿੜਕਾਅ ਕਰਨ ਨਾਲ ਜਾਂ 600 ਮਿਲੀਲਿਟਰ ਸਟੌਂਪ-30 ਈਸੀ ਅਤੇ ਬਿਜਾਈ ਤੋਂ ਚਾਰ ਹਫ਼ਤਿਆਂ ਪਿੱਛੋਂ ਇਕ ਗੋਡੀ ਕੀਤੀ ਜਾ ਸਕਦੀ ਹੈ। ਇਹ ਦਵਾਈਆਂ ਮੌਸਮੀ ਘਾਹ ਤੇ ਚੌੜੇ ਪੱਤੇ ਵਾਲੇ ਨਦੀਨਾਂ ਦੀ ਰੋਕਥਾਮ ਕਰਦੀਆਂ ਹਨ ਪਰ ਲੰਬੀ ਉਮਰ ਦੇ ਨਦੀਨਾਂ ਦੀ ਰੋਕਥਾਮ ਨਹੀਂ ਕਰਦੀਆਂ। ਕਈ ਵਾਰ ਢੀਠ ਨਦੀਨਾਂ ਨੂੰ ਕਾਬੂ ਕਰਨ ਲਈ ਗੋਡੀ ਕਰਨੀ ਜ਼ਰੂਰੀ ਹੋ ਜਾਂਦੀ ਹੈ।

## ਬਿਜਾਈ ਦਾ ਸਮਾਂ

ਜੇ ਖੇਤ ਵਿਚ ਕਣਕ ਦਾ ਨਾੜ ਨਾ ਹੋਵੇ ਤਾਂ ਮੂੰਗੀ ਦੀ ਬਿਜਾਈ ਜ਼ੀਰੋ ਟਿੱਲ ਡਰਿਲ ਨਾਲ ਕੀਤੀ ਜਾ ਸਕਦੀ ਹੈ। ਕਣਕ ਦੀ ਵਾਢੀ ਕੰਬਾਈਨ ਨਾਲ ਕਰਵਾਉਣ ਤੋਂ ਬਾਅਦ ਮੂੰਗੀ ਨੂੰ ਸਹਿਜੇ ਹੀ ਪੀਏਯੂ ਹੈਪੀ ਸੀਡਰ ਨਾਲ ਬੀਜਿਆ ਜਾ ਸਕਦਾ ਹੈ। ਸੱਠੀ ਮੂੰਗੀ ਦੀ ਬਿਜਾਈ ਲਈ ਢੁਕਵਾਂ ਸਮਾਂ 20 ਮਾਰਚ ਤੋਂ 10 ਅਪ੍ਰੈਲ ਹੈ। ਜੇ ਮੂੰਗੀ ਦੀ ਬਿਜਾਈ 20 ਮਾਰਚ ਤੋਂ ਪਹਿਲਾਂ ਕੀਤੀ ਜਾਵੇ ਤਾਂ ਮੂੰਗੀ ਚੰਗੀ ਤਰ੍ਹਾਂ ਨਹੀਂ ਜੰਮਦੀ। ਇਸ ਤੋਂ ਇਲਾਵਾ ਉੱਗੇ ਹੋਏ ਬੂਟਿਆਂ ਦੀਆਂ ਜੜ੍ਹਾਂ ਵਿਚ ਗੰਢਾਂ ਵਿਕਸਤ ਨਹੀਂ ਹੁੰਦੀਆਂ। ਇਨ੍ਹਾਂ ਗੰਢਾਂ ਵਿਚ ਰਹਿਣ ਵਾਲੇ ਰਾਈਜ਼ੋਬੀਅਮ ਨਾਂ ਦੇ ਨਿੱਕੇ ਜੀਵ/ਜੀਵਾਣੂ ਵੀ ਚੰਗੀ ਤਰ੍ਹਾਂ ਵਿਕਸਿਤ ਨਹੀਂ ਹੁੰਦੇ, ਜਿਸ ਨਾਲ ਇਹ ਜੀਵਾਣੂ ਹਵਾ ਵਿੱਚੋਂ ਲੈ ਕੇ ਨਾਈਟ੍ਰੋਜਨ ਨੂੰ ਜ਼ਮੀਨ ਵਿਚ ਜਮ੍ਹਾਂ ਨਹੀਂ ਕਰ ਪਾਉਂਦੇ। ਇਸ ਲਈ ਸਿਫ਼ਾਰਸ਼ ਕੀਤੀ ਤਰੀਕ ਤੋਂ ਪਹਿਲਾਂ ਬੀਜੀ ਗਈ ਫ਼ਸਲ ਦਾ ਝਾੜ ਬਹੁਤ ਘਟ ਸਕਦਾ ਹੈ। ਗਰਮ ਰੁੱਤ ਦੀ ਮੂੰਗੀ 21 ਅਪ੍ਰੈਲ ਤਕ ਬੀਜੀ ਜਾ ਸਕਦੀ ਹੈ। ਜੇ ਅਗੇਤੀਆਂ ਬਾਰਿਸ਼ਾਂ ਆ ਜਾਣ ਤਾਂ ਨੁਕਸਾਨ ਦਾ ਖਦਸ਼ਾ ਰਹਿੰਦਾ ਹੈ।

## ਸਿੰਚਾਈ

ਸੱਠੀ ਮੂੰਗੀ ਦੀ ਫ਼ਸਲ ਨੂੰ ਤਿੰਨ ਤੋਂ ਪੰਜ ਪਾਣੀ ਦੇਣੇ ਪੈਂਦੇ ਹਨ। ਪਹਿਲਾ ਪਾਣੀ ਬਿਜਾਈ ਤੋਂ 25 ਦਿਨ ਬਾਅਦ ਤੇ ਦੂਜਾ ਪਾਣੀ 55 ਦਿਨ ਬਾਅਦ ਲਗਾਉਣਾ ਚਾਹੀਦਾ ਹੈ। ਇਸ ਤਰ੍ਹਾਂ ਫ਼ਸਲ ਦੇ ਇਕਸਾਰ ਪੱਕਣ ਨਾਲ ਵੱਧ ਝਾੜ ਮਿਲਦਾ ਹੈ। ਮੂੰਗੀ ਦੀਆਂ 80 ਫ਼ੀਸਦੀ ਫਲੀਆਂ ਪੱਕ ਜਾਣ 'ਤੇ ਵਾਢੀ ਕਰ ਲੈਣੀ ਚਾਹੀਦੀ ਹੈ। ਜੇ ਫ਼ਸਲ ਦੀ ਵਧੀਆ ਸੰਭਾਲ ਕੀਤੀ ਜਾਵੇ ਤਾਂ ਇਕ ਏਕੜ ਵਿੱਚੋਂ 8 ਕੁਇੰਟਲ ਤਕ ਵਧੀਆ ਕੁਆਲਿਟੀ ਦੀ ਮੂੰਗੀ ਨਿਕਲਦੀ ਹੈ। ਮੂੰਗੀ ਦੇ ਮੰਡੀਕਰਨ ਵਾਸਤੇ ਜਗਰਾਓਂ ਮੰਡੀ ਬਹੁਤ ਢੁੱਕਵੀਂ ਹੈ। •

### *ਸਿੰਚਾਈ*

*ਮਾਂਹ ਦੀ ਫ਼ਸਲ ਨੂੰ 3 ਤੋਂ 4 ਪਾਣੀਆਂ ਦੀ ਲੋੜ ਪੈਂਦੀ ਹੈ। ਆਖ਼ਰੀ ਪਾਣੀ ਬਿਜਾਈ ਤੋਂ ਕਰੀਬ 2 ਮਹੀਨੇ ਬਾਅਦ ਲਾਇਆ ਜਾਵੇ ਤਾਂ ਝਾੜ ਵਧਦਾ ਹੈ ਤੇ ਫਲੀਆਂ ਇਕਸਾਰ ਪੱਕਦੀਆਂ ਹਨ। ਵਾਢੀ 80 ਫ਼ੀਸਦੀ ਫਲੀਆਂ ਪੱਕਣ 'ਤੇ ਕਰੋ। ਫਲੀਆਂ ਤੋੜ ਕੇ ਫ਼ਸਲ ਦੇ ਬਾਕੀ ਹਿੱਸਿਆਂ ਨੂੰ ਖੇਤ 'ਚ ਹੀ ਵਾਹ ਦੇਵੋ। ਇਹ ਰਹਿੰਦ-ਖੂੰਹਦ ਗਲ ਸੜ ਕੇ ਅਗਲੀ ਫ਼ਸਲ ਲਈ ਕਾਰਬਨਿਕ ਮਾਦਾ ਤੇ ਨਾਈਟ੍ਰੋਜਨ ਦਿੰਦੀ ਹੈ ਤੇ ਅਗਲੀ ਫ਼ਸਲ ਲਈ ਖੇਤ ਦੀ ਉਪਜਾਊ ਸ਼ਕਤੀ ਨੂੰ ਵਧਾਏਗੀ।*

## ਮਾਂਹ ਦੀਆਂ ਉੱਨਤ ਕਿਸਮਾਂ

**ਮਾਂਹ-1008** : ਇਸ ਕਿਸਮ ਦੇ ਬੂਟੇ ਖੜ੍ਹਵੇਂ, ਗੁੰਦਵੇਂ ਤੇ ਛੋਟੇ ਹੁੰਦੇ ਹਨ। ਇਹ ਕਿਸਮ 72 ਦਿਨ 'ਚ ਪੱਕ ਜਾਂਦੀ ਹੈ। ਫਲੀਆਂ ਕਾਫੀ ਲਗਦੀਆਂ ਹਨ। ਹਰ ਫਲੀ 'ਚ 6-7 ਦਾਣੇ ਹੁੰਦੇ ਹਨ। ਇਸ ਕਿਸਮ ਨੂੰ ਪੀਲੀ ਚਿਤਕਬਰੀ ਤੇ ਪੱਤਿਆਂ ਦਾ ਝੁਰੜ-ਮੁਰੜ ਵਿਸ਼ਾਣੂ ਰੋਗ ਘੱਟ ਲਗਦਾ ਹੈ। ਇਸ ਦੇ ਦਾਣੇ ਮੋਟੇ ਤੇ ਕਾਲੇ ਹੁੰਦੇ ਹਨ, ਜਿਨ੍ਹਾਂ 'ਚ 24 ਫ਼ੀਸਦੀ ਪ੍ਰੋਟੀਨ ਹੁੰਦੀ ਹੈ। ਔਸਤ ਝਾੜ 4.5 ਕੁਇੰਟਲ ਪ੍ਰਤੀ ਏਕੜ ਹੈ।

**ਮਾਂਹ 218** : ਇਸ ਕਿਸਮ ਦੇ ਬੂਟੇ ਖੜ੍ਹਵੇਂ, ਗੁੰਦਵੇਂ ਤੇ ਛੋਟੇ ਕੱਦ ਦੇ (30 ਸੈਂਟੀਮੀਟਰ) ਹੁੰਦੇ ਹਨ। ਇਹ 75 ਦਿਨ 'ਚ ਪੱਕਦੀ ਹੈ। ਭਰਪੂਰ ਫਲੀਆਂ ਲਗਦੀਆਂ ਹਨ ਤੇ ਹਰ ਫਲੀ 'ਚ 6-7 ਦਾਣੇ ਹੁੰਦੇ ਹਨ। ਦਾਣੇ ਮੋਟੇ ਤੇ ਭੱਦੇ ਕਾਲੇ ਹੁੰਦੇ ਹਨ ਜਿਨ੍ਹਾਂ 'ਚ 23 ਫ਼ੀਸਦੀ ਪ੍ਰੋਟੀਨ ਹੁੰਦੀ ਹੈ। ਔਸਤ ਝਾੜ 4 ਕੁਇੰਟਲ ਪ੍ਰਤੀ ਏਕੜ ਹੈ।

### ਨਦੀਨਾਂ ਦਾ ਖ਼ਾਤਮਾ

ਮਾਂਹ ਦੀ ਬਿਜਾਈ ਤੋਂ ਇਕ ਮਹੀਨੇ ਬਾਅਦ ਖੇਤ ਦੀ ਗੋਡੀ ਕਰੋ। ਵੱਡੀ ਹੋਣ 'ਤੇ ਫ਼ਸਲ ਨਦੀਨਾਂ ਨੂੰ ਦਬਾਅ ਲੈਂਦੀ ਹੈ ਤੇ ਗੋਡੀ ਦੀ ਲੋੜ ਨਹੀਂ ਪੈਂਦੀ। ਨਦੀਨਾਂ ਦੀ ਰਸਾਇਣਕ ਰੋਕਥਾਮ ਸਟੌਂਪ 30 ਈਸੀ, ਪੈਂਡੀਮੈਥਾਲਿਨ 600 ਮਿਲੀਲਿਟਰ ਪ੍ਰਤੀ ਏਕੜ ਛਿੜਕਾਅ ਕਰ ਕੇ ਵੀ ਕੀਤੀ ਜਾ ਸਕਦੀ ਹੈ ਤੇ ਇਸ ਤੋਂ ਮਹੀਨੇ ਪਿੱਛੋਂ ਇਕ ਗੋਡੀ ਕਰੋ ਜਾਂ ਸਟੌਂਪ 30 ਈਸੀ ਇਕ ਲੀਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਦਵਾਈ ਤਿਆਰ ਕਰਨ ਲਈ 200 ਲੀਟਰ ਪਾਣੀ, ਕੱਟ ਵਾਲੀ ਨੋਜ਼ਲ ਤੇ ਪਿੱਠੂ ਪੰਪ ਵਰਤੋ। ਇਹ ਦਵਾਈ ਮੌਸਮੀ ਘਾਹ ਤੇ ਚੌੜੇ ਪੱਤਿਆਂ ਵਾਲੇ ਨਦੀਨਾਂ ਨੂੰ ਉੱਗਣ ਤੋਂ ਪਹਿਲਾਂ ਹੀ ਮਾਰ ਦਿੰਦੀ ਹੈ। •

### *ਬਿਜਾਈ*

*ਮਾਂਹ ਦੀ ਬਿਜਾਈ ਤੋਂ ਪਹਿਲਾਂ ਜ਼ਮੀਨ ਦੀ ਦੋ-ਤਿੰਨ ਵਾਰ ਵਾਹ ਕੇ ਖੇਤ ਨੂੰ ਨਦੀਨ ਰਹਿਤ ਕਰੋ। ਇਸ ਤੋਂ ਬਾਅਦ ਸੁਹਾਗਾ ਮਾਰ ਕੇ ਮਾਂਹ ਦੀ ਬਿਜਾਈ ਕਰੋ। ਬਿਜਾਈ ਸਮੇਂ ਸਿਆੜਾਂ ਵਿਚਾਲੇ ਫ਼ਾਸਲਾ 9 ਇੰਚ ਤੇ ਬੂਟਿਆਂ ਵਿਚਾਲੇ 5 ਸੈਂਟੀਮੀਟਰ ਫ਼ਾਸਲਾ ਰੱਖੋ। ਬੀਜ 2 ਇੰਚ ਦੀ ਡੂੰਘਾਈ 'ਤੇ ਡਰਿਲ/ਕੇਰੇ/ਪੋਰੇ ਨਾਲ ਬੀਜੋ। ਬਿਜਾਈ ਵੇਲੇ 11 ਕਿੱਲੋ ਯੂਰੀਆ ਤੇ 60 ਕਿੱਲੋ ਸੁਪਰ-ਫਾਸਫੇਟ ਪ੍ਰਤੀ ਏਕੜ ਡਰਿਲ ਕਰੋ। ਸ਼ੁਰੂ ਵਿਚ ਯੂਰੀਆ (ਨਾਈਟ੍ਰੋਜਨ ਦਾ ਸਰੋਤ) ਪਾਉਣ ਦੀ ਲੋੜ ਇਸ ਲਈ ਪੈਂਦੀ ਹੈ ਕਿਉਂਕਿ ਮਾਂਹ ਦੀ ਫ਼ਸਲ ਵਿਚ ਮੁਢਲੀ ਹਾਲਤ 'ਚ ਰਾਈਜ਼ੋਬੀਅਮ ਦੇ ਜੀਵਾਣੂਆਂ ਨੂੰ ਸਹਾਰਾ ਦੇਣ ਵਾਲੀਆਂ ਗੰਢਾਂ ਵਿਕਸਤ ਨਹੀਂ ਹੋਈਆਂ ਹੁੰਦੀਆਂ।*

---

• ਬਿੰਦੂ ਮਰਵਾਹਾ
98142-45666

*ਹਾੜ੍ਹੀ ਵਿਚ ਕਾਸ਼ਤ ਕੀਤੀਆਂ ਜਾਂਦੀਆਂ ਬਹੁਤੀਆਂ ਜਿਣਸਾਂ ਅਜਿਹੀਆਂ ਹਨ ਜਿਨ੍ਹਾਂ ਦੀ ਪ੍ਰੋਸੈਸਿੰਗ ਕਿਸਾਨ ਆਪ ਕਰ ਸਕਦੇ ਹਨ। ਰੋਜ਼ਾਨਾ ਵਰਤੋਂ ਲਈ ਆਟਾ, ਦਾਲਾਂ, ਤੇਲ , ਗੁੜ ਆਦਿ ਹਾੜ੍ਹੀ ਦੀਆਂ ਫ਼ਸਲਾਂ ਨਾਲ ਸਬੰਧਤ ਉਤਪਾਦਾਂ ਦੀ ਪ੍ਰੋਸੈਸਿੰਗ ਛੋਟੇ ਪੱਧਰ 'ਤੇ ਕੀਤੀ ਜਾ ਸਕਦੀ ਹੈ। ਇਸ ਨਾਲ ਜਿਥੇ ਕਿਸਾਨਾਂ ਨੂੰ ਆਪਣੀ ਜਿਣਸ ਨਿਰਧਾਰਤ ਮੁੱਲ ਤੋਂ ਘੱਟ ਮੁੱਲ 'ਤੇ ਵੇਚਣ ਲਈ ਮਜਬੂਰ ਨਹੀਂ ਹੋਣਾ ਪਵੇਗਾ, ਉੱਥੇ ਉਨ੍ਹਾਂ ਨੂੰ ਘੱਟ ਮੁੱਲ 'ਤੇ ਵਧੀਆ ਖ਼ੁਰਾਕੀ ਪਦਾਰਥ ਵੀ ਉਪਲਬਧ ਹੋਣਗੇ। ਕਿਸਾਨ ਪ੍ਰੋਸੈਸਿੰਗ ਦੇ ਕੰਮ ਨੂੰ ਛੋਟੀ ਸਨਅਤ ਦਾ ਰੂਪ ਦੇ ਕੇ ਮੁਨਾਫ਼ਾ ਕਮਾਉਣ ਦੇ ਨਾਲ-ਨਾਲ ਰੁਜ਼ਗਾਰ ਦੇ ਮੌਕੇ ਵੀ ਪੈਦਾ ਕਰ ਸਕਦੇ ਹਨ...*

# ਛੋਟੇ ਪੱਧਰ 'ਤੇ ਹਾੜ੍ਹੀ ਜਿਣਸਾਂ ਦੀ ਪ੍ਰੋਸੈਸਿੰਗ





### ਦਾਲਾਂ

ਹਾੜ੍ਹੀ ਵਿਚ ਛੋਲੇ, ਮੂੰਗੀ, ਮਾਂਹ ਆਦਿ ਨੂੰ ਅਸੀਂ ਮਿੰਨੀ ਦਾਲ ਮਿੱਲ ਦੀ ਮਦਦ ਨਾਲ ਦਲ ਕੇ ਮੰਡੀਕਰਨ ਕਰ ਸਕਦੇ ਹਾਂ। ਇਸ ਮਸ਼ੀਨ ਨਾਲ ਅਸੀਂ ਦਾਲਾਂ ਦੀ ਰਗੜਾਈ, ਦਾਣਿਆ ਨੂੰ ਦੋ ਫਾੜ ਕਰਨ, ਦਰਜ਼ਾਬੰਦੀ, ਸਫ਼ਾਈ ਤੇ ਛਿਲਕੇ ਵੱਖ ਕਰਨ ਦਾ ਕੰਮ ਕੀਤਾ ਜਾ ਸਕਦਾ ਹੈ। ਇਸ ਤੋਂ ਤਿਆਰ ਦਾਲਾਂ ਦਾ ਮਿਆਰ ਵੱਡੇ ਪਲਾਂਟ 'ਚ ਤਿਆਰ ਦਾਲਾਂ ਵਰਗਾ ਹੀ ਹੁੰਦਾ ਹੈ। ਇਸ ਯੂਨਿਟ ਦੀ ਸਮਰਥਾ ਇਕ ਤੋਂ ਸਵਾ ਕੁਇੰਟਲ ਪ੍ਰਤੀ ਘੰਟਾ ਹੈ। ਦਾਲਾਂ ਨੂੰ ਪਾਲਿਸ਼ ਕਰਨ ਲਈ ਦਾਲ ਪਾਲਿਸ਼ਰ ਦੀ ਮਦਦ ਲਈ ਜਾ ਸਕਦੀ ਹੈ। ਇਸ ਮਸ਼ੀਨ ਨਾਲ ਅਸੀਂ ਦੋ ਕੁਇੰਟਲ ਦਾਲ ਪ੍ਰਤੀ ਘੰਟਾ ਪਾਲਿਸ਼ ਕਰ ਸਕਦੇ ਹਾਂ।

### ਮਸਾਲੇ ਤਿਆਰ ਕਰਨਾ

ਹਲਦੀ ਤੇ ਮਿਰਚਾਂ ਦੀ ਕਾਸ਼ਤ ਪੰਜਾਬ ਵਿਚ ਭਾਵੇਂ ਛੋਟੇ ਪੱਧਰ 'ਤੇ ਕੀਤੀ ਜਾਂਦੀ ਹੈ ਪਰ ਇਹ ਹਰ ਰਸੋਈ ਦਾ ਅਨਿੱਖੜਵਾਂ ਅੰਗ ਹਨ। ਹਲਦੀ ਤੇ ਮਿਰਚਾਂ ਤੋਂ ਪਾਊਡਰ ਤਿਆਰ ਕਰ ਕੇ ਇਸ ਦਾ ਮੰਡੀਕਰਨ ਕੀਤਾ ਜਾ ਸਕਦਾ ਹੈ। ਇਸ ਲਈ ਛੋਟੇ ਪੱਧਰ ਦਾ ਮਸਾਲਾ ਗਰਾਈਂਡਰ ਸਾਨੂੰ ਚੰਗਾ ਮੁਨਾਫ਼ਾ ਦੇ ਸਕਦਾ ਹੈ।

### ਤੇਲ ਬੀਜਾਂ ਦੀ ਪ੍ਰੋਸੈਸਿੰਗ

ਪੀਏਯੂ ਵੱਲੋਂ ਤੇਲ ਬੀਜਾਂ ਲਈ ਤਿਆਰ ਕੀਤੀ ਗਈ ਗੋਭੀ ਸਰ੍ਹੋਂ ਦੀ ਕਿਸਮ ਜੀਐੱਸਸੀ-7 ਕਿਸਾਨਾਂ ਦੀ ਪਸੰਦੀਦਾ ਕਿਸਮ ਹੈ। ਇਸ ਦੇ ਬੀਜਾਂ ਦਾ ਤੇਲ ਅਸੀਂ 'ਬੇਬੀ ਆਇਲ ਐਕਸਪੈਲਰ' ਦੀ ਮਦਦ ਨਾਲ ਆਪ ਕੱਢ ਸਕਦੇ ਹਾਂ। ਬੀਜਾਂ ਦੀ ਥਾਂ ਤੇਲ ਵੇਚਣ ਨਾਲ ਤਿੱਗਣਾ ਮੁਨਾਫ਼ਾ ਹੁੰਦਾ ਹੈ। ਤੇਲ ਕੱਢਣ ਤੋਂ ਬਾਅਦ ਫੋਕ ਦੀ ਵਰਤੋਂ ਪਸ਼ੂ ਫੀਡ ਵਿਚ ਕੀਤੀ ਜਾ ਸਕਦੀ ਹੈ। ਜਿਸ ਨੂੰ ਵੇਚ ਕੇ ਵਾਧੂ ਲਾਭ ਲਿਆ ਜਾ ਸਕਦਾ ਹੈ। ਇਕ ਛੋਟੇ ਬੇਬੀ ਆਇਲ ਐਕਸਪੈਲਰ ਦੀ ਸਮਰਥਾ 60 ਕਿੱਲੋ ਪ੍ਰਤੀ ਘੰਟਾ ਹੈ।

*ਆਟਾ ਹਰ ਘਰ ਦੀ ਮੁੱਢਲੀ ਲੋੜ ਹੈ। ਕਿਸਾਨ ਖੇਤੀ ਦੇ ਨਾਲ ਪਿੰਡ ਵਿਚ ਆਟਾ ਚੱਕੀ ਲਗਾ ਕੇ ਉਸ ਨੂੰ ਆਮਦਨ ਦਾ ਪੱਕਾ ਜ਼ਰੀਆ ਬਣਾ ਸਕਦੇ ਹਨ। ਲੋੜ ਅਨੁਸਾਰ ਛੋਟੀ ਜਾਂ ਵੱਡੀ ਚੱਕੀ ਲਗਾਈ ਜਾ ਸਕਦੀ ਹੈ। ਛੋਟੀ ਚੱਕੀ ਦੀ ਪਿਸਾਈ ਸਮਰਥਾ 1.50 ਕੁਇੰਟਲ ਪ੍ਰਤੀ ਘੰਟਾ ਹੈ ਜਦਕਿ ਵੱਡੀ ਚੱਕੀ ਦੀ ਸਮਰਥਾ 3 ਕੁਇੰਟਲ ਪ੍ਰਤੀ ਘੰਟਾ ਹੈ। ਚੱਕੀ ਦੀ ਕਿਸਮ ਮੁਤਾਬਕ ਇਸ 'ਚ ਸੂਜੀ ਤੇ ਮੈਦਾ ਵੀ ਤਿਆਰ ਕੀਤਾ ਜਾ ਸਕਦਾ ਹੈ। ਇਸੇ ਤ੍ਰਾਂ ਮੱਕੀ ਤੋਂ ਆਟਾ ਤਿਆਰ ਕਰ ਕੇ ਵੇਚਿਆ ਜਾ ਸਕਦਾ ਹੈ।*

**ਕਣਕ**

### ਪਸ਼ੂ ਫੀਡ ਤਿਆਰ ਕਰਨਾ

ਸੰਤੁਲਿਤ ਤੇ ਪੌਸ਼ਟਿਕ ਪਸ਼ੂ ਖ਼ੁਰਾਕ ਡੇਅਰੀ ਧੰਦੇ 'ਚ ਮੁਨਾਫ਼ੇ ਲਈ ਬੇਹੱਦ ਜ਼ਰੂਰੀ ਹਨ। ਫੀਡ ਮਿੱਲ ਵਿਚ ਜਿਥੇ ਅਸੀਂ ਦਾਣਿਆਂ ਦੀ ਗਰਾਇੰਡਿੰਗ ਕਰ ਕੇ ਚੂਰਾ ਬਣਾ ਸਕਦੇ ਹਾਂ ਉੱਥੇ ਇਸ ਵਿਚ ਲੋੜ ਅਨੁਸਾਰ ਜ਼ਰੂਰੀ ਛੋਟੇ ਤੱਤ ਮਿਕਸਰ ਦੀ ਮਦਦ ਨਾਲ ਮਿਲਾਏ ਜਾ ਸਕਦੇ ਹਨ ਤੇ ਪੌਸ਼ਟਿਕ ਪਸ਼ੂ ਖਾਦ ਤਿਆਰ ਕੀਤੀ ਜਾ ਸਕਦੀ ਹੈ। ਫੀਡ 'ਚ ਪ੍ਰੋਟੀਨ, ਕਾਰਬੋਹਾਈਡਰੇਟ, ਰੇਸ਼ੇ ਅਤੇ ਖਣਿਜ ਆਦਿ ਮਿਲਾ ਕੇ ਪੈਲੇਟ ਦਾ ਰੂਪ ਵੀ ਦਿੱਤਾ ਜਾ ਸਕਦਾ ਹੈ। ਇਕ ਛੋਟੀ ਫੀਡ ਮਿੱਲ ਦੀ ਸਮਰਥਾ ਦੋ ਕੁਇੰਟਲ ਪ੍ਰਤੀ ਘੰਟਾ ਹੁੰਦੀ ਹੈ।

### ਗੁੜ ਤਿਆਰ ਕਰਨਾ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ ਸੀਓ-118, ਸੀਓਜੇ-64 ਅਤੇ ਸੀਓਜੇ-88 ਕਿਸਮਾਂ ਤੋਂ ਮਿਆਰੀ ਗੁੜ ਤੇ ਸ਼ੱਕਰ ਬਣਾਏ ਜਾ ਸਕਦੇ ਹਨ। ਗੰਨੇ ਦਾ ਵਾਢੀ ਤੋਂ 24 ਘੰਟੇ ਦੇ ਅੰਦਰ-ਅੰਦਰ ਰਸ ਕੱਢ ਲਵੋ। ਰਸ ਦੀ ਸਫ਼ਾਈ ਲਈ ਸੁਖਲਾਈ ਦਾ ਰਸ ਵਰਤੋ।।ਰਸ ਨੂੰ ਵੱਡੇ ਕੜਾਹੇ 'ਚ ਪਾ ਕੇ ਲਗਾਤਾਰ ਹਿਲਾਉਂਦੇ ਹੋਏ ਗਰਮ ਕਰੋ ਤਾਂ ਜੋ ਇਹ ਅਰਧ-ਠੋਸ ਰੂਪ ਲੈ ਸਕੇ। ਸ਼ੱਕਰ ਬਣਾਉਣ ਲਈ ਪੱਤ ਤਿਆਰ ਹੋਏ ਗੁੜ ਨੂੰ ਲੱਕੜ ਦੇ ਗੰਡ 'ਚ ਪਾ ਲਓ ਤੇ ਪਲਟੇ ਨਾਲ ਤਦ ਤਕ ਹਿਲਾਉਂਦੇ ਰਹੋ ਜਦ ਤਕ ਉਹ ਦਾਣੇਦਾਰ ਪਾਊਡਰ ਨਾ ਬਣ ਜਾਵੇ। ਸ਼ੱਕਰ ਦਾ ਰੂਪ ਲੈ ਚੁੱਕੇ ਇਸ ਪਾਊਡਰ ਨੂੰ ਸੁਕਾ ਕੇ ਮੰਡੀਕਰਨ ਲਈ ਪਲਾਸਟਿਕ ਦੇ ਬੈਗਾਂ 'ਚ ਪੈਕ ਕਰ ਲਵੋ। ਹਾੜ੍ਹੀ ਦੀਆਂ ਉਕਤ ਜਿਣਸਾਂ ਦੀ ਪ੍ਰੋਸੈਸਿੰਗ ਲਈ ਸਿਫ਼ਾਰਿਸ਼ ਕੀਤੀਆਂ ਗਈਆਂ ਮਸ਼ੀਨਾਂ ਨੂੰ ਇਕ ਥਾਂ ਲਗਾ ਕੇ ਐਗਰੋ ਇੰਡਸਟਰੀਅਲ ਯੂਨਿਟ ਦਾ ਰੂਪ ਦਿੱਤਾ ਜਾ ਸਕਦਾ ਹੈ ਜਿਸ ਵਿਚ ਫ਼ਸਲਾਂ ਦੀ ਉਪਲਬਧਤਾ, ਸਰਮਾਇਆ ਲਗਾਉਣ ਦੀ ਸਮਰਥਾ ਤੇ ਤਿਆਰ ਵਸਤਾਂ ਦੀ ਮੰਗ ਨੂੰ ਦੇਖਦੇ ਹੋਏ ਕੁਝ ਖ਼ਾਸ ਮਸ਼ੀਨਾਂ ਦੀ ਚੋਣ ਕਰ ਕੇ ਇਸ ਯੂਨਿਟ ਵਿਚ ਲਗਾਈਆਂ ਜਾ ਸਕਦੀਆਂ ਹਨ। ਪਿੰਡਾਂ ਵਿਚ ਪ੍ਰੋਸੈਸਿੰਗ ਦਾ ਕੰਮ ਸ਼ੁਰੂ ਕਰ ਕੇ ਸੂਝਵਾਨ ਕਿਸਾਨ ਆਪਣੀ ਆਮਦਨ 'ਚ ਵਾਧੇ ਦੇ ਨਾਲ-ਨਾਲ ਚਾਰ ਤੋਂ ਪੰਜ ਲੋਕਾਂ ਲਈ ਰੁਜ਼ਗਾਰ ਦਾ ਵਸੀਲਾ ਵੀ ਪੈਦਾ ਕਰ ਸਕਦੇ ਹਨ। ਇਸੇ ਤਰ੍ਹਾਂ ਪਿੰਡਾਂ ਵਿਚ ਔਰਤਾਂ 'ਸਵੈ ਸਹਾਇਤਾ ਗਰੁੱਪ' ਬਣਾ ਕੇ ਸਬਜ਼ੀਆਂ ਅਤੇ ਫਲਾਂ ਦੀ ਪ੍ਰੋਸੈਸਿੰਗ ਦਾ ਕੰਮ ਛੋਟੇ ਪੱਧਰ 'ਤੇ ਕਰ ਸਕਦੀਆਂ ਹਨ। ਸਬਜ਼ੀਆਂ ਤੇ ਫਲਾਂ ਦੀ ਵਪਾਰਕ ਪੱਧਰ 'ਤੇ ਪ੍ਰੋਸੈਸਿੰਗ ਕਰਨਾ ਮਹਿੰਗਾ ਹੈ ਇਸ ਲਈ ਜਦੋਂ ਹਾੜ੍ਹੀ ਦੀਆਂ ਸਬਜ਼ੀਆਂ ਦੀ ਪੈਦਾਵਾਰ ਜ਼ਿਆਦਾ ਹੋਣ ਨਾਲ ਇਨ੍ਹਾਂ ਦੀ ਮੰਡੀ ਵਿਚ ਕੀਮਤ ਘਟ ਜਾਂਦੀ ਹੈ ਤਾਂ ਪੇਂਡੂ ਸੁਆਣੀਆਂ ਇਨ੍ਹਾਂ ਤੋਂ ਕੈਂਡੀ, ਆਚਾਰ, ਮੁਰੱਬੇ, ਚਟਣੀ, ਜੈਮ ਆਦਿ ਖਾਣਯੋਗ ਪਦਾਰਥ ਤਿਆਰ ਕਰ ਸਕਦੀਆਂ ਹਨ। ਸਬਜ਼ੀਆਂ ਤੇ ਫਲਾਂ ਦੀਆਂ ਵੱਖ-ਵੱਖ ਕਿਸਮਾਂ ਦੀ ਪੈਕਿੰਗ ਕਰ ਕੇ ਇਨ੍ਹਾਂ ਦੇ ਵਿਕਰੀ ਮੁੱਲ 'ਚ ਵਾਧਾ ਕੀਤਾ ਜਾ ਸਕਦਾ ਹੈ। ਧਨੀਆ, ਪਾਲਕ, ਮੇਥੀ, ਸਾਗ ਆਦਿ ਨੂੰ ਸੁਕਾ ਕੇ ਛੋਟੀਆਂ ਪੈਕਿੰਗ ਤਿਆਰ ਕੀਤੀਆਂ ਜਾ ਸਕਦੀਆਂ ਹਨ। ਸਬਜ਼ੀਆਂ ਨੂੰ ਸੁਕਾਉਣ ਦਾ ਕੰਮ 'ਸੋਲਰ ਡਰਾਇਰ' ਦੀ ਮਦਦ ਨਾਲ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਸਬਜ਼ੀਆ ਦੀ ਥੁੜ੍ਹ ਵੇਲੇ ਇਨ੍ਹਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। •

---

*ਉੱਘੇ ਕੀਟ ਵਿਗਿਆਨੀ ਡਾ. ਅਟਵਾਲ ਨੇ ਵਿਦੇਸ਼ਾਂ 'ਚੋਂ ਛੋਟੀਆਂ ਮੱਖੀਆਂ ਮੰਗਵਾ ਕੇ ਪੰਜਾਬ 'ਚ ਸ਼ਹਿਦ ਮੱਖੀਆਂ ਪਾਲਣ ਦੇ ਧੰਦੇ ਦੀ ਨੀਂਹ ਰੱਖੀ ਤੇ ਕਿਸਾਨਾਂ ਨੂੰ ਮੱਖੀਆਂ ਪਾਲਣ ਲਈ ਪ੍ਰੇਰਿਆ...*



# ਮਿੱਠੇ ਇਨਕਲਾਬ ਦਾ ਸਿਰਜਕ ਅਵਤਾਰ ਸਿੰਘ ਅਟਵਾਲ

• ਡਾ. ਰਣਜੀਤ ਸਿੰਘ
94170-87328

ਪੰਜਾਬ ਦੇਸ਼ 'ਚ ਸਭ ਤੋਂ ਵੱਧ ਸ਼ਹਿਦ ਪੈਦਾ ਕਰਨ ਵਾਲਾ ਸੂਬਾ ਹੈ। ਦੇਸ਼ ਦੀ ਕੁੱਲ ਪੈਦਾਵਰ ਦਾ 39.5 ਫ਼ੀਸਦੀ ਸ਼ਹਿਦ ਪੰਜਾਬ 'ਚ ਪੈਦਾ ਹੁੰਦਾ ਹੈ। ਇਸ ਦਾ ਸਿਹਰਾ ਉੱਘੇ ਕੀਟ ਵਿਗਿਆਨੀ ਡਾ. ਅਵਤਾਰ ਸਿੰਘ ਅਟਵਾਲ ਨੂੰ ਜਾਂਦਾ ਹੈ। ਉਨ੍ਹਾਂ ਨੇ ਵਿਦੇਸ਼ਾਂ 'ਚੋਂ ਛੋਟੀਆਂ ਮੱਖੀਆਂ ਮੰਗਵਾ ਕੇ ਤਜ਼ਰਬੇ ਕੀਤੇ ਤੇ ਇਟਲੀ ਦੀ ਮੱਖੀ ਨੂੰ ਪੰਜਾਬ ਦੇ ਮੌਸਮ ਅਨੁਸਾਰ ਢਾਲ ਕੇ ਸ਼ਹਿਦ ਮੱਖੀਆਂ ਪਾਲਣ ਦੇ ਧੰਦੇ ਦੀ ਨੀਂਹ ਰੱਖੀ। ਉਨ੍ਹਾਂ ਨੇ 1976 ਵਿਚ ਪੰਜਾਬ ਦੇ ਕਿਸਾਨਾਂ ਨੂੰ ਮੱਖੀਆਂ ਪਾਲਣ ਲਈ ਪ੍ਰੇਰਿਆ। ਪੰਜਾਬ ਤੋਂ ਬਾਅਦ ਇਨ੍ਹਾਂ ਮੱਖੀਆਂ ਨੂੰ ਪਾਲਣ ਦਾ ਰੁਝਾਨ ਗੁਆਂਢੀ ਸੂਬਿਆਂ 'ਚ ਵੀ ਵਧਿਆ। ਉਨ੍ਹਾਂ ਦੀ ਇਸ ਦੇਣ ਲਈ ਪੰਜਾਬ ਰਾਜ ਮਧੂਮੱਖੀ ਪਾਲਕ ਐਸੋਸੀਏਸ਼ਨ ਨੇ 1984, ਮਧੂਮੱਖੀ ਪਾਲਕ ਫੈਡਰੇਸ਼ਨ ਨੇ 1995 ਤੇ ਮਧੂਮੱਖੀ ਕੌਮੀ ਕਾਨਫਰੰਸ ਨੇ 1996 'ਚ ਉਨ੍ਹਾਂ ਨੂੰ ਸਨਮਾਨਤ ਕੀਤਾ। ਡਾ. ਅਵਤਾਰ ਸਿੰਘ ਦਾ ਜਨਮ 25 ਜੂਨ 1927 ਨੂੰ ਮੁਲਤਾਨ ਜ਼ਿਲ੍ਹੇ ਦੇ ਪਿੰਡ ਖ਼ਾਨੇਵਾਲ ਵਿਖੇ ਹੋਇਆ। ਉਨ੍ਹਾਂ ਦਾ ਜੱਦੀ ਪਿੰਡ ਫ਼ਰਾਲਾ (ਜਲੰਧਰ) ਸੀ। ਅਵਤਾਰ ਸਿੰਘ ਨੇ ਪੰਜਾਬ ਖੇਤੀਬਾੜੀ ਕਾਲਜ ਤੇ ਖੋਜ ਸੰਸਥਾ ਲਾਇਲਪੁਰ ਵਿਖੇ ਦਾਖ਼ਲਾ ਲਿਆ ਤੇ 1947 ਵਿਚ ਬੀਐੱਸਸੀ (ਖੇਤੀ) ਅੱਵਲ ਦਰਜੇ 'ਚ ਪਾਸ ਕਰ ਕੇ ਗੋਲਡ ਮੈਡਲ ਜਿੱਤਿਆ। ਕੋਲੰਬੋ ਪਲੈਨ ਅਧੀਨ ਵਜ਼ੀਫਾ ਮਿਲਿਆ ਤੇ ਉਚੇਰੀ ਪੜ੍ਹਾਈ ਆਸਟ੍ਰੇਲੀਆ ਦੀ ਐਡੀਲੈਡ ਯੂਨੀਵਰਸਿਟੀ ਤੋਂ ਕੀਤੀ। ਉੱਥੋਂ ਪੀਐੱਚਡੀ ਦੀ ਡਿਗਰੀ ਲੈ ਕੇ ਉਹ 1954 ਵਿਚ ਭਾਰਤ ਪਰਤੇ। ਇਸੇ ਸਕੀਮ ਅਧੀਨ ਉਨ੍ਹਾਂ ਨੇ ਦੋ ਸਾਲ ਹੋਰ ਉਚੇਰੀ ਪੜ੍ਹਾਈ ਕੌਮੀ ਖੋਜ ਕੇਂਦਰ ਕੈਨੇਡਾ ਵਿਖੇ ਕੀਤੀ। ਵਾਪਸ ਆ ਕੇ ਉਹ ਸਹਾਇਕ ਪ੍ਰੋਫੈਸਰ ਤੇ ਮੁੜ ਸਹਿਯੋਗੀ ਪ੍ਰੋਫੈਸਰ ਬਣੇ।

### ਖੋਜਾਂ ਤੇ ਮਾਣ-ਸਨਮਾਨ

1961 ਵਿਚ ਡਾ. ਅਟਵਾਲ ਕੀਟ ਵਿਗਿਆਨੀ ਤੇ ਟਿੱਡੀ ਦਲ ਰੋਕੂ ਅਫਸਰ ਬਣੇ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਹੋਂਦ 'ਚ ਆਉਣ ਪਿੱਛੋਂ ਉਹ 1963 'ਚ ਕੀਟ ਵਿਗਿਆਨ ਵਿਭਾਗ ਦੇ ਪਹਿਲੇ ਪ੍ਰੋਫੈਸਰ ਤੇ ਮੁੱਖੀ ਬਣੇ। ਉਦੋਂ ਯੂਨੀਵਰਸਿਟੀ 'ਚ ਦੋ ਅਟਵਾਲ ਵਿਭਾਗਾਂ ਦੇ ਮੁੱਖੀ ਸਨ। ਡਾ. ਦਿਲਬਾਗ ਸਿੰਘ ਅਟਵਾਲ ਨਵੀਆਂ ਕਿਸਮਾਂ ਪੈਦਾ ਕਰਨ ਵਾਲੇ ਵਿਭਾਗ ਦੇ ਮੁੱਖੀ ਸਨ। ਭਾਰਤ ਸਰਕਾਰ ਵੱਲੋਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਤਿਆਰ ਕਰਨ ਲਈ ਉਨ੍ਹਾਂ ਨੂੰ 'ਪਦਮ ਭੂਸ਼ਣ' ਨਾਲ ਸਨਮਾਨਿਆ ਗਿਆ। ਦੋਵੇਂ ਪ੍ਰੋਫੈਸਰ ਆਪੋ ਆਪਣੇ ਵਿਸ਼ੇ 'ਚ ਚੋਟੀ ਦੇ ਮਾਹਿਰ ਸਨ। ਡਾ. ਅਵਤਾਰ ਸਿੰਘ ਨੇ 1966 ਵਿਚ ਯੂਨੀਵਰਸਿਟੀ ਦੇ ਸਭ ਤੋਂ ਵੱਡੇ ਤੇ ਮੋਢੀ ਕਾਲਜ ਦੇ ਡੀਨ ਬਣੇ। ਜਿਸ ਕਾਲਜ ਦੇ ਉਹ ਆਪ ਵਿਦਿਆਰਥੀ ਰਹੇ, ਉਸ ਦਾ ਮੁੱਖੀ ਬਣਨਾ ਉਨ੍ਹਾਂ ਲਈ ਵੱਡੇ ਮਾਣ ਵਾਲੀ ਗੱਲ ਸੀ।

### ਯੂਨੀਵਰਸਿਟੀ ਦੀ ਪਲਾਨਿੰਗ 'ਚ ਯੋਗਦਾਨ

ਜੰਮੂ ਅਤੇ ਕਸ਼ਮੀਰ ਨੇ ਖੇਤੀਬਾੜੀ ਯੂਨੀਵਰਸਿਟੀ ਖੋਲ੍ਹਣ ਦਾ ਫ਼ੈਸਲਾ ਲਿਆ ਤਾਂ ਡਾ. ਅਟਵਾਲ 1973 ਤੋਂ 1975 ਤਕ ਜੰਮੂ-ਕਸ਼ਮੀਰ ਵਿਖੇ ਰਹੇ ਤੇ ਖੇਤੀ ਯੂਨਵਿਰਸਿਟੀ ਦੀ ਰੂਪਰੇਖਾ ਉਲੀਕੀ। ਵਾਪਸ ਆ ਕੇ ਉਨ੍ਹਾਂ ਨੇ ਮੁੜ ਖੇਤੀ ਕਾਲਜ ਦੇ ਮੁੱਖੀ ਦਾ ਕਾਰਜਭਾਰ ਸੰਭਾਲਿਆ ਤੇ ਉਹ 1979 ਤਕ ਉੱਥੇ ਰਹੇ। ਇਸ ਪਿੱਛੋਂ ਉਨ੍ਹਾਂ ਨੂੰ ਡੀਨ ਉਚੇਰੀ ਪੜ੍ਹਾਈ (1979-85) ਬਣਾਇਆ ਗਿਆ। ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਆਪਣੇ ਯੋਜਨਾ ਬੋਰਡ ਦਾ ਕੁੱਲਵਕਤੀ ਮੈਂਬਰ ਬਣਾਇਆ।

### ਖੇਤੀ ਸਬੰਧੀ ਪੜ੍ਹਾਈ ਦੇ ਪਸਾਰ 'ਚ ਯੋਗਦਾਨ

ਪੰਜਾਬ ਵਿਚ ਖੇਤੀ ਦੀ ਪੜ੍ਹਾਈ ਨੂੰ ਨਵੀਂ ਦਿਸ਼ਾ ਦੇਣ ਵਿਚ ਉਨ੍ਹਾਂ ਦੀ ਦੇਣ ਹਮੇਸ਼ਾਂ ਯਾਦ ਰਹੇਗੀ। ਉਨ੍ਹਾਂ ਨੇ ਪੜ੍ਹਾਈ ਦਾ ਨਵਾਂ ਤਿਮਾਹੀ ਢੰਗ ਸ਼ੁਰੂ ਕੀਤਾ, ਜਿਸ ਵਿਚ ਪੜ੍ਹਾਉਣ ਵਾਲਾ ਅਧਿਆਪਕ ਹੀ ਇਮਤਿਹਾਨ ਲੈਂਦਾ ਸੀ ਤੇ ਨੰਬਰ ਦਿੰਦਾ ਸੀ। ਨੰਬਰਾਂ ਦੀ ਥਾਂ ਗਰੇਡਿੰਗ ਢੰਗ ਲਾਗੂ ਕੀਤਾ। ਉਨ੍ਹਾਂ ਇਹ ਵੀ ਪ੍ਰਪੱਕ ਕੀਤਾ ਕਿ ਅਧਿਆਪਕ ਇਸ ਸ਼ਕਤੀ ਦੀ ਗ਼ਲਤ ਵਰਤੋਂ ਕਰ ਕੇ ਕਿਸੇ ਵਿਦਿਆਰਥੀ ਨਾਲ ਬੇਇਨਸਾਫ਼ੀ ਨਾ ਕਰ ਸਕਣ। ਪਿੱਛੋਂ ਇਸੇ ਪ੍ਰਣਾਲੀ ਨੂੰ ਦੇਸ਼ ਦੀਆਂ ਦੂਜੀਆਂ ਯੂਨੀਵਰਸਿਟੀ ਨੇ ਵੀ ਅਪਣਾਇਆ। ਦੇਸ਼ ਵਿਚ ਖੇਤੀ ਵਿਕਾਸ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਉਨ੍ਹਾਂ ਕਈ ਨਵੇਂ ਵਿਭਾਗ ਸਥਾਪਤ ਕੀਤੇ, ਜਿਨ੍ਹਾਂ ਵਿਚ ਵਣ ਖੇਤੀ, ਮੌਸਮ ਵਿਭਾਗ, ਭੋਜਨ ਵਿਗਿਆਨ, ਫੁੱਲਾਂ ਦੀ ਕਾਸ਼ਤ ਤੇ ਭੂ-ਦ੍ਰਿਸ਼ ਵਿਭਾਗ ਪ੍ਰਮੁੱਖ ਹਨ। ਯੂਨੀਵਰਸਿਟੀ ਦੇ ਖੇਤੀ ਕਾਲਜ ਨੂੰ ਉਨ੍ਹਾਂ ਦੇਸ਼ ਦਾ ਪ੍ਰਮੁੱਖ ਕਾਲਜ ਬਣਾਇਆ, ਜਿਸ ਦੀ ਹਰੇ ਇਨਕਲਾਬ ਵਿਚ ਅਹਿਮ ਭੂਮਿਕਾ ਰਹੀ। ਵਾਤਾਵਰਨ ਦੀ ਸ਼ੁੱਧਤਾ ਲਈ ਉਨ੍ਹਾਂ ਨੇ ਇਸ ਦਿਸ਼ਾ 'ਚ ਖੋਜ ਤੇ ਜਾਗ੍ਰਿਤੀ ਲਿਆਉਣ ਲਈ 1974 ਵਿਚ 'ਭਾਰਤੀ ਇਕਾਲੋਜੀਕਲ ਸੁਸਾਇਟੀ' ਦਾ ਗਠਨ ਕੀਤਾ। ਇਸ ਸੁਸਾਇਟੀ ਨੇ ਵਾਤਾਵਰਨ ਦੀ ਸੰਭਾਲ, ਪਾਣੀ ਤੇ ਧਰਤੀ ਦੀ ਸੁਚੱਜੀ ਵਰਤੋਂ, ਜੀਵ ਸੰਭਾਲ ਆਦਿ ਬਾਰੇ ਵਧੀਆ ਕੰਮ ਕੀਤਾ। ਉਨ੍ਹਾਂ ਅੱਜ ਤੋਂ ਤਿੰਨ ਦਹਾਕੇ ਪਹਿਲਾਂ ਪੰਜਾਬ ਦੇ ਚੰਗੇ ਭਵਿੱਖ ਲਈ ਫ਼ਸਲੀ ਵਿਭਿੰਨਤਾ 'ਤੇ ਜ਼ੋਰ ਦਿੱਤਾ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਕਿਸਾਨਾਂ ਨੂੰ ਸਿਰਫ਼ ਕਣਕ-ਝੋਨੇ ਦੇ ਫ਼ਸਲੀ ਚੱਕਰ ਤਕ ਹੀ ਸੀਮਤ ਨਹੀਂ ਰਹਿਣਾ ਚਾਹੀਦਾ ਸਗੋਂ ਪਸ਼ੂ ਪਾਲਣ, ਖੁੰਭਾਂ, ਸ਼ਹਿਦ ਮੱਖੀ ਪਾਲਣ, ਫਲਾਂ-ਸਬਜ਼ੀਆਂ ਦੀ ਪੈਦਾਵਾਰ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।



### ਕੌਮਾਂਤਰੀ ਪੱਧਰ 'ਤੇ ਪ੍ਰਸਿੱਧੀ

ਡਾ. ਅਟਵਾਲ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਵਿਗਿਆਨੀ ਹੋਣ ਦੇ ਨਾਲ-ਨਾਲ ਪ੍ਰਸਿੱਧ ਲੇਖਕ ਵੀ ਸਨ। ਉਨ੍ਹਾਂ ਨੇ 16 ਕਿਤਾਬਾਂ ਤੇ 150 ਖੋਜ ਪੱਤਰ ਲਿਖੇ। ਇਸ ਤੋਂ ਇਲਾਵਾ ਅਧਿਕਾਰੀਆਂ ਤੇ ਕਿਸਾਨਾਂ ਨੂੰ ਸੇਧ ਦੇਣ ਲਈ 100 ਤੋਂ ਵੱਧ ਲੇਖ ਵੀ ਲਿਖੇ। ਉਨ੍ਹਾਂ ਦੀਆਂ ਕੀਟ ਪਤੰਗਿਆਂ ਤੇ ਸ਼ਹਿਦ ਮੱਖੀਆਂ ਪਾਲਣ ਸਬੰਧੀ ਪੁਸਤਕਾਂ ਭਾਰਤ ਸਮੇਤ ਏਸ਼ਿਆਈ ਦੇਸ਼ਾਂ 'ਚ ਵੀ ਪ੍ਰਸਿੱਧ ਹੋਈਆਂ। ਡਾ. ਅਟਵਾਲ ਦੀਆਂ ਖੋਜਾਂ ਜ਼ਰੀਏ ਉਨ੍ਹਾਂ ਦੀ ਕੀਰਤੀ ਵਿਦੇਸ਼ਾਂ ਵਿਚ ਵੀ ਪੁੱਜੀ ਤੇ ਉਨ੍ਹਾਂ ਨੇ 35 ਤੋਂ ਵੱਧ ਦੇਸ਼ਾਂ ਦਾ ਦੌਰਾ ਕੀਤਾ ਤੇ 50 ਅੰਤਰਰਾਸ਼ਟਰੀ ਕਾਨਫਰੰਸਾਂ 'ਚ ਸ਼ਿਰਕਤ ਕੀਤੀ। ਉਨ੍ਹਾਂ ਨੇ ਹਮੇਸ਼ਾ ਚੰਗਾ ਕੰਮ ਕਰਨ ਵਾਲਿਆਂ ਨੂੰ ਉਤਸ਼ਾਹਿਤ ਕੀਤਾ। ਉਨ੍ਹਾਂ ਨੇ 1969 ਵਿਚ ਪੁਰਾਣੇ ਵਿਦਿਆਰਥੀਆਂ ਦੀ ਸੰਸਥਾ ਵੱਲੋਂ ਇਕ ਮੈਗਜ਼ੀਨ ਐਗਲੂੰਮਨਸ ਵੀ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ ਜਿਹੜਾ ਹੁਣ ਵੀ ਸ਼ਾਨੋ-ਸ਼ੌਕਤ ਨਾਲ ਛਪ ਰਿਹਾ ਹੈ। ਜਦੋਂ ਉਹ ਡੀਨ ਉਚੇਰੀ ਵਿੱਦਿਆ ਸਨ ਤਾਂ ਮੈ ਸੰਚਾਰ ਕੇਂਦਰ ਦਾ ਮੁੱਖੀ ਸਾਂ ਪਰ ਉਨ੍ਹਾਂ ਨੇ ਮੈਨੂੰ ਯੂਨੀਵਰਸਿਟੀ ਦੇ ਤਿੰਨ ਵਿਭਾਗਾਂ ਦੇ ਵਿਦਿਆਰਥੀਆਂ ਨੂੰ ਪੜ੍ਹਾਉਣ ਤੇ ਉਨ੍ਹਾਂ ਦੀ ਖੋਜ ਦੀ ਅਗਵਾਈ ਕਰਨ ਦੀ ਵੀ ਆਗਿਆ ਦਿੱਤੀ। ਉਹ ਪੰਜਾਬੀ ਸਾਹਿਤ ਅਕਾਡਮੀ ਦੇ ਜੀਵਨ ਮੈਂਬਰ ਸਨ। ਡਾ. ਅਟਵਾਲ ਨੇ ਪ੍ਰਸਿੱਧ ਲੇਖਕ ਸੰਤ ਸਿੰਘ ਸੇਖੋਂ ਕੋਲੋਂ ਵਾਰਿਸ ਸ਼ਾਹ ਦੀ ਹੀਰ ਦਾ ਅੰਗਰੇਜ਼ੀ ਅਨੁਵਾਦ ਕਰਵਾਇਆ।

ਉਹ 26 ਦਸੰਬਰ 2014 ਨੂੰ ਇਸ ਸੰਸਾਰ ਨੂੰ ਅਲਵਿਦਾ ਆਖ ਗਏ ਪਰ ਪੰਜਾਬ ਦੇ ਖੇਤੀ ਵਿਕਾਸ ਤੇ ਖੇਤੀਬਾੜੀ ਦੀ ਪੜ੍ਹਾਈ 'ਚ ਪਾਏ ਯੋਗਦਾਨ ਲਈ ਉਹ ਹਮੇਸ਼ਾ ਯਾਦ ਕੀਤੇ ਜਾਣਗੇ। ਉਨ੍ਹਾਂ ਦਾ ਜੀਵਨ ਨਵੀਂ ਪੀੜ੍ਹੀ ਅਤੇ ਵਿਸ਼ੇਸ਼ ਕਰਕੇ ਪੇਂਡੂ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਹੈ। •

---

# ਬਾਗ਼ਬਾਨੀ ਫ਼ਸਲਾਂ ਦੀ ਸੁਚੱਜੀ ਦੇਖਭਾਲ

• ਡਾ. ਸੁਖਦੀਪ ਸਿੰਘ ਹੁੰਦਲ
75080-18842

ਅਪ੍ਰੈਲ ਮਹੀਨੇ ਦੌਰਾਨ ਮੌਸਮ 'ਚ ਕਾਫੀ ਤਬਦੀਲੀ ਆ ਜਾਂਦੀ ਹੈ। ਇਸ ਮਹੀਨੇ ਜਿਥੇ ਬੂਟਿਆਂ ਦੇ ਪੁੰਗਾਰ 'ਚ ਵਾਧਾ ਹੁੰਦਾ ਹੈ ਉੱਥੇ ਕੀੜਿਆਂ ਦਾ ਹਮਲਾ ਵੀ ਵੱਧ ਹੁੰਦਾ ਹੈ। ਇਸ ਮਹੀਨੇ ਵਿਚ ਪਹਿਲਾਂ ਲਗਾਏ ਸਦਾਬਹਾਰ ਫਲਦਾਰ ਬੂਟਿਆਂ ਦੀ ਸੰਭਾਲ, ਅਗੇਤੀਆਂ ਸਬਜ਼ੀਆਂ ਦੀ ਤੁੜਾਈ, ਫੁੱਲ ਲਗਾਉਣ, ਸਜਾਵਟੀ ਰੁੱਖਾਂ ਦੀ ਸੰਭਾਲ, ਸ਼ਹਿਦ ਮੱਖੀਆਂ ਦੇ ਬਕਸਿਆਂ ਦੀ ਸੰਭਾਲ ਤੇ ਗਰਮੀ ਰੁੱਤ ਦੀਆਂ ਖੁੰਬਾਂ ਦੀ ਕਾਸ਼ਤ ਲਈ ਤਿਆਰੀ ਅਹਿਮ ਕਾਰਜ ਹਨ। ਇਸ ਮਹੀਨੇ ਸਦਾਬਹਾਰ ਫਲਦਾਰ ਬੂਟਿਆਂ ਨੂੰ ਸੋਕੇ ਤੇ ਗਰਮੀ ਤੋਂ ਬਚਾਅ ਲਈ ਨਵੇਂ ਲਗਾਏ ਬੂਟਿਆਂ ਨੂੰ ਹਲਕੀ ਸਿੰਚਾਈ ਕਰਦੇ ਰਹੋ ਤੇ ਹੇਠਾਂ ਵਾਲੇ ਹਿੱਸੇ ਤੋਂ ਨਿਕਲ ਰਹੀਆਂ ਸ਼ਾਖਾਵਾਂ ਨੂੰ ਤੋੜਦੇ ਰਹੋ। ਆੜੂ ਤੇ ਅਲੂਚੇ ਦੇ ਵਧੀਆ ਫਲ ਲੈਣ ਲਈ ਇਨ੍ਹਾਂ ਨੂੰ ਵਿਰਲੇ ਕਰਨ ਵਾਸਤੇ ਫਲਾਂ ਵਿਚਕਾਰ 10-15 ਸੈਂਟੀਮੀਟਰ ਦਾ ਫ਼ਾਸਲਾ ਰੱਖ ਕੇ ਵਿਚਲੇ ਫਲ ਪਹਿਲੇ ਹਫ਼ਤੇ ਤਕ ਤੋੜ ਦਿਉ। ਫਲਾਂ ਦੇ ਵਾਧੇ ਨੂੰ ਵੇਖਦੇ ਹੋਏ 3-4 ਦਿਨਾਂ ਦੇ ਵਕਫ਼ੇ 'ਤੇ ਸਿੰਚਾਈ ਕਰਦੇ ਰਹੋ। ਤੇਲੇ ਦੀ ਰੋਕਥਾਮ ਲਈ 1.6 ਮਿਲੀਲਿਟਰ ਰੋਗਰ-30 ਤਾਕਤ ਨੂੰ ਪ੍ਰਤੀ ਲਿਟਰ ਪਾਣੀ ਦੇ ਹਿਸਾਬ 15 ਦਿਨ ਦੇ ਵਕਫ਼ੇ 'ਤੇ ਦੋ ਛਿੜਕਾਅ ਕਰੋ। ਫਲ ਦੀ ਮੱਖੀ ਤੋਂ ਬਚਾਅ ਲਈ 'ਪੀਏਯੂ ਫਰੂਟ ਫਲਾਈ ਟਰੈਪ' ਦਾ ਇੰਤਜ਼ਾਮ ਕਰ ਕੇ ਰੱਖੋ ਤਾਂ ਜੋ ਇਹ ਅਲੂਚੇ ਵਿਚ ਇਸ ਮਹੀਨੇ ਦੇ ਅਖ਼ੀਰਲੇ ਹਫ਼ਤੇ ਅਤੇ ਆੜੂ ਵਿਚ ਮਈ ਦੇ ਪਹਿਲੇ ਹਫ਼ਤੇ ਲਗਾਏ ਜਾ ਸਕਣ।

### ਨਿੰਬੂ ਜਾਤੀ ਦੇ ਫਲਾਂ ਦੀ ਸਾਂਭ ਸੰਭਾਲ

ਨਿੰਬੂ ਜਾਤੀ ਦੇ ਬੂਟਿਆਂ 'ਤੇ ਸਿੱਲੇ ਤੇ ਚੇਪੇ ਦੀ ਰੋਕਥਾਮ ਲਈ 0.4 ਮਿਲੀਲਿਟਰ ਕਰੋਕੋਡਾਈਲ ਜਾਂ ਕਨਫੀਡੋਰ 17.8 ਤਾਕਤ ਜਾਂ 0.3 ਗ੍ਰਾਮ ਐਕਟਾਰਾ 25 ਤਾਕਤ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰੋ। ਥਰਿੱਪ ਦੇ ਹਮਲੇ ਨੂੰ ਰੋਕਣ ਲਈ 2 ਮਿਲੀਲਿਟਰ ਫਾਸਮਾਈਟ 50 ਤਾਕਤ ਨੂੰ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰੋ। ਜ਼ਿੰਕ ਦੀ ਘਾਟ ਦੂਰ ਕਰਨ ਲਈ 3 ਗ੍ਰਾਮ ਜ਼ਿੰਕ ਸਲਫੇਟ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰੋ। ਫਲਾਂ ਦੇ ਕੇਰੇ ਦੀ ਰੋਕਥਾਮ ਲਈ ਇਕ ਗ੍ਰਾਮ ਬਾਵਿਸਟਨ + 0.01 ਗ੍ਰਾਮ 2,4-ਡੀ ਜਾਂ 2.5 ਮਿਲੀਲਿਟਰ ਜ਼ੀਰਮ 27 ਐੱਸਸੀ + 0.01 ਗ੍ਰਾਮ 2,4-ਡੀ ਜਾਂ ਇਕ ਮਿਲੀਲਿਟਰ ਪ੍ਰੋਪੀਕੋਨਾਜ਼ੋਲ 20 ਈਸੀ + 0.01 ਗ੍ਰਾਮ 2,4-ਡੀ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰੋ।

### ਅਮਰੂਦ 'ਤੇ ਫਲ ਦੀ ਮੱਖੀ ਦਾ ਹਮਲਾ

ਅਮਰੂਦ ਵਿਚ ਫਲ ਦੀ ਮੱਖੀ ਦੇ ਹਮਲੇ ਕਾਰਨ ਗਰਮੀਆਂ ਦਾ ਫਲ ਨਾ ਲਵੋ। ਇਸ ਲਈ ਗਰਮੀ ਰੁੱਤ ਦਾ ਫਲ ਨਸ਼ਟ ਕਰਨ ਲਈ ਬੂਟਿਆਂ ਨੂੰ ਪਾਣੀ ਲਗਾਉਣਾ ਬੰਦ ਕਰ ਦਿਉ ਅਤੇ ਜਦੋਂ ਫੁੱਲ ਵੱਧ ਤੋਂ ਵੱਧ ਖੁੱਲ੍ਹ ਜਾਣ ਤਾਂ 100 ਗ੍ਰਾਮ ਯੂਰੀਆ ਖਾਦ ਇਕ ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। ਇਸ ਨਾਲ ਫੁੱਲ ਖ਼ਤਮ ਹੋ ਜਾਣਗੇ। ਜੇ ਅਮਰੂਦ ਦੇ ਬੂਟੇ ਥੋੜ੍ਹੇ ਹੋਣ ਤਾਂ ਫੁੱਲ ਹੱਥਾਂ ਨਾਲ ਵੀ ਤੋੜੇ ਜਾ ਸਕਦੇ ਹਨ। ਬੇਰ ਵਿਚ ਲਾਖ ਦੇ ਕੀੜੇ ਤੋ ਬਚਾਅ ਲਈ ਇਕ ਮਿਲੀਲਿਟਰ ਰੋਗਰ 30 ਤਾਕਤ ਨੂੰ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਛਿੜਕਾਅ ਕਰੋ।

### ਆੜੂ ਤੇ ਅੰਗਰਾਂ ਦਾ ਬਿਮਾਰੀਆਂ ਤੇ ਕੀੜਿਆਂ ਤੋਂ ਬਚਾਅ

ਅੰਗੂਰਾਂ ਦੇ ਕੋਹੜ ਦੀ ਰੋਕਥਾਮ ਲਈ ਇਕ ਗ੍ਰਾਮ ਬਾਵਿਸਟਨ ਦਵਾਈ ਅਤੇ ਚਿੱਟੀ ਧੂੜੇਦਾਰ ਉੱਲੀ ਦੀ ਰੋਕਥਾਮ ਲਈ 0.08 ਗ੍ਰਾਮ ਬੈਲੀਟੋਨ ਦਵਾਈ ਨੂੰ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਛਿੜਕਾਅ ਕਰੋ। ਆੜੂ ਦੇ ਪੱਤੇ ਵੀ ਇਸ ਮਹੀਨੇ ਤੇਲੇ ਦੇ ਹਮਲੇ ਕਾਰਨ ਇਕੱਠੇ ਹੋ ਜਾਂਦੇ ਹਨ। ਇਸ ਦੀ ਰੋਕਥਾਮ ਲਈ 2.5 ਮਿਲੀਲਿਟਰ ਰੋਗਰ ਦਵਾਈ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰੋ।

### ਸਬਜ਼ੀਆਂ ਦੀ ਦੇਖਭਾਲ, ਤੁੜਾਈ ਤੇ ਮਾਰਕੀਟਿੰਗ

ਗਰਮ ਰੁੱਤ ਦੀਆਂ ਸਬਜ਼ੀਆਂ ਨੂੰ ਸਿੰਚਾਈ ਦਾ ਖ਼ਾਸ ਖ਼ਿਆਲ ਰੱਖੋ ਤੇ ਅਗੇਤੀਆਂ ਬੀਜੀਆਂ ਸਬਜ਼ੀਆਂ, ਜਿਵੇਂ ਬੈਂਗਣ, ਮਿਰਚ, ਸ਼ਿਮਲਾ ਮਿਰਚ ਅਤੇ ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਤੁੜਾਈ ਦੁਪਹਿਰ ਵੇਲੇ ਕਰੋ ਪਰ ਘੀਆ ਕੱਦੂ ਦੀ ਤੁੜਾਈ ਸਵੇਰ ਵੇਲੇ ਕਰੋ। ਪਿਆਜ਼ ਦੀ ਮਾਰਚ ਵਿਚ ਬੀਜੀ ਗਈ ਪਨੀਰੀ ਦੀ ਵਧੀਆ ਤਰੀਕੇ ਨਾਲ ਦੇਖਭਾਲ ਕਰੋ ਤੇ 5-7 ਦਿਨ ਦੇ ਵਕਫ਼ੇ 'ਤੇ ਪਾਣੀ ਦਿੰਦੇ ਰਹੋ। ਟਮਾਟਰ ਨੂੰ ਹਫ਼ਤੇ ਵਿਚ ਇਕ ਵਾਰ ਸਿੰਚਾਈ ਕਰੋ ਤਾਂ ਜੋ ਫਲ ਵਿਚ ਵਾਧਾ ਹੋਵੇ। ਤਿਆਰ ਹੋਏ ਟਮਾਟਰਾਂ ਨੂੰ ਤੁੜਾਈ ਕਰ ਕੇ ਦੂਰ-ਨੇੜੇ ਦੀਆਂ ਮੰਡੀਆਂ 'ਚ ਭੇਜਦੇ ਰਹੋ। ਟਮਾਟਰਾਂ ਦੇ ਫਲ ਦੇ ਗੜੂੰਏਂ ਦੀ ਰੋਕਥਾਮ ਲਈ 0.3 ਮਿਲੀਲਿਟਰ ਫੇਮ 480 ਐੱਸਐੱਲ ਜਾਂ 6 ਮਿਲੀਲਿਟਰ ਕਰੀਨਾ 50 ਤਾਕਤ ਅਤੇ ਝੁਲਸ ਰੋਗ ਤੋਂ ਬਚਾਅ ਲਈ 3 ਗ੍ਰਾਮ ਇੰਡੋਫਿਲ ਐੱਮ-45 ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਸਪਰੇਅ ਕਰੋ। ਫੇਮ ਦੇ ਸਪਰਏ ਤੋਂ ਬਾਅਦ ਫਲ ਤੋੜਨ ਲਈ ਤਿੰਨ ਦਿਨ ਤਕ ਇੰਤਜ਼ਾਰ ਕਰੋ। ਲਸਣ ਨੂੰ ਪਾਣੀ ਦੇਣਾ ਬੰਦ ਕਰ ਦਿਉ ਤੇ ਅਖ਼ੀਰਲੇ ਹਫ਼ਤੇ ਹਲਕਾ ਪਾਣੀ ਲਗਾ ਕੇ ਵੱਤਰ ਆਉਣ 'ਤੇ ਪੁਟਾਈ ਸ਼ੁਰੂ ਕਰ ਦਿਉ। ਹਫ਼ਤੇ ਤਕ ਇਨ੍ਹਾਂ ਦੀਆਂ ਛੋਟੀਆਂ ਗੁੱਛੀਆਂ ਬਣਾ ਕੇ ਹਵਾਦਾਰ ਜਗ੍ਹਾ 'ਤੇ ਭੰਡਾਰ ਕਰ ਲਵੋ। ਮਿਰਚਾਂ ਦੀ ਬਿਜਾਈ ਤੋਂ ਪਹਿਲਾਂ 220 ਗ੍ਰਾਮ ਯੂਰੀਆ, 800 ਗ੍ਰਾਮ ਸਿੰਗਲ ਸੁਪਰਫਾਸਫੇਟ ਤੇ 125 ਗ੍ਰਾਮ ਮਿਊਰੇਟ ਆਫ ਪੋਟਾਸ਼ ਖਾਦ ਪ੍ਰਤੀ ਮਰਲਾ ਪਾ ਦਿਉ। ਬੂਟੇ ਲਗਾਉਂਦੇ ਸਮੇਂ ਕਤਾਰਾਂ ਦੀ ਦੂਰੀ 75 ਸੈਂਟੀਮੀਟਰ ਤੇ ਬੂਟਿਆਂ ਦਾ ਫ਼ਾਸਲਾ 45-60 ਸੈਂਟੀਮੀਟਰ ਰੱਖੋ। ਖਰਬੂਜ਼ੇ ਦੀ ਫ਼ਸਲ ਨੂੰ ਪੀਲੇ ਧੱਬਿਆਂ ਦੇ ਰੋਗ ਤੋਂ ਬਚਾਅ ਲਈ 3 ਗ੍ਰਾਮ ਇੰਡੋਫਿਲ ਐੱਮ-45 ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਸਪਰੇਅ ਕਰੋ।

### ਖੁੰਬਾਂ ਦੀ ਬਿਜਾਈ ਲਈ ਤਿਆਰੀ

ਖੁੰਬਾਂ ਦੀ ਸਰਦ ਰੁੱਤ ਵਿਚ ਕਾਸ਼ਤ ਕਰਨ ਲਈ ਤੂੜੀ ਦਾ ਪ੍ਰਬੰਧ ਹੁਣ ਹੀ ਕਰ ਲਵੋ। ਗਰਮ ਰੁੱਤ ਦੀ ਮਿਲਕੀ ਖੁੰਬ ਅਤੇ ਪਰਾਲੀ ਵਾਲੀ ਖੁੰਬ ਲਈ ਬੀਜ ਪੀਏਯੂ ਦੇ ਮਾਈਕਰੋਬਾਇਲੋਜੀ ਵਿਭਾਗ ਵਿਚ ਹੁਣੇ ਹੀ ਬੁੱਕ ਕਰਵਾ ਦਿਉ। ਇਸ ਲਈ ਬਿਜਾਈ ਅੱਧ ਅਪ੍ਰੈਲ ਤੋਂ ਬਾਅਦ ਸ਼ੁਰੂ ਕਰ ਦਿਉ ਤੇ ਇਸ ਸਬੰਧੀ ਮੁਕੰਮਲ ਜਾਣਕਾਰੀ ਲਈ ਆਪਣੇ ਨੇੜੇ ਦੇ ਬਾਗ਼ਬਾਨੀ ਅਫਸਰ ਜਾਂ ਕ੍ਰਿਸ਼ੀ ਵਿਗਿਆਨ ਕੇਂਦਰ ਨਾਲ ਸੰਪਰਕ ਕਰੋ। •

### ਫੁੱਲਦਾਰ ਬੂਟਿਆਂ ਦੀ ਸਿੰਚਾਈ ਦਾ ਰੱਖੋ ਖ਼ਾਸ ਖ਼ਿਆਲ

ਫੁੱਲਾਂ, ਜਿਵੇਂ ਕੌਸਮੌਸ, ਗਲਾਰਡੀਆ, ਗੋਮਫਰੀਨਾ, ਕੋਚੀਆ, ਜ਼ੀਨੀਆ, ਪਾਰਚੂਲੈਕਾ ਦੀ ਪਨੀਰੀ ਕਿਆਰੀ ਵਿਚ ਸ਼ਾਮ ਸਮੇਂ ਲਗਾ ਕੇ ਹਲਕਾ ਪਾਣੀ ਲਗਾ ਦਿਉ। ਘਾਹ ਦੇ ਲਆਨ ਨੂੰ ਹਰਾ-ਭਰਿਆ ਰੱਖਣ ਲਈ ਸਿੰਚਾਈ ਦਾ ਖ਼ਾਸ ਧਿਆਨ ਰੱਖੋ ਅਤੇ ਫ਼ੁਹਾਰੇ ਨਾਲ ਸਿੰਚਾਈ ਕਰੋ।।ਗਲੈਡੀਓਲਸ ਦੇ ਗੰਢੇ ਪੁੱਟ ਕੇ, ਸਾਫ਼ ਕਰ ਕੇ, ਸੁਕਾ ਕੇ, ਦਵਾਈ ਨਾਲ ਸੋਧ ਕਰ ਕੇ 4 ਡਿਗਰੀ ਤਾਪਮਾਨ 'ਤੇ ਕੋਲਡ ਸਟੋਰੇਜ 'ਚ ਰੱਖ ਦਿਉ। ਗੁਲਦਾਉਦੀ ਤੇ ਪੱਕੇ ਸਜਾਵਟੀ ਬੂਟਿਆਂ ਦੀ ਸਿੰਚਾਈ ਦਾ ਖ਼ਾਸ ਧਿਆਨ ਰੱਖੋ।



## ਸੰਪਾਦਕੀ

# ਅਮਰੀਕਾ ਵੱਲੋਂ ਕਿਊਬਾ ਦੀ ਆਰਥਿਕ ਨਾਕਾਬੰਦੀ

ਕੈਰੇਬਿਆਈ ਖਿੱਤੇ ਦਾ ਪ੍ਰਮੁੱਖ ਦੇਸ਼ ਕਿਊਬਾ ਇਸ ਸਮੇਂ ਟਰੰਪ ਪ੍ਰਸ਼ਾਸਨ ਦੇ ਆਰਥਿਕ ਹੱਲੇ ਦੀ ਮਾਰ ਹੇਠ ਹੈ। ਦੱਖਣੀ ਅਮਰੀਕਾ ’ਚ ਵੈਨੇਜ਼ੁਏਲਾ ਨੂੰ ਝੁਕਾਉਣ ਤੋਂ ਬਾਅਦ ਟਰੰਪ ਦਾ ਅਗਲਾ ਨਿਸ਼ਾਨਾ ਹੁਣ ਕਿਊਬਾ ਹੈ। ਅਮਰੀਕੀ ਨੀਤੀਆਂ ਦੇ ਰਾਹ ਦਾ ਰੋੜਾ ਬਣੇ ਵੈਨੇਜ਼ੁਏਲਾ ਦੇ ਖੱਬੇ-ਪੱਖੀ ਰਾਸ਼ਟਰਪਤੀ ਨਿਕੋਲਸ ਮਾਦੂਰੋ ਨੂੰ ਨਾਟਕੀ ਤੇ ਗ਼ੈਰਕਾਨੂੰਨੀ ਤਰੀਕੇ ਨਾਲ ਘਰੋਂ ਅਗਵਾ ਕਰਕੇ ਟਰੰਪ ਨੇ ਦੁਨੀਆ ਸਾਹਮਣੇ ਅਮਰੀਕੀ ਧੌਂਸ ਦੀ ਪੂਰੀ ਨੁਮਾਇਸ਼ ਕੀਤੀ। ਉਸ ਨੇ ਮਾਦੂਰੋ ਦੀ ਥਾਂ ਵੈਨੇਜ਼ੁਏਲਾ ਦੀ ਨਵੀਂ ਬਣੀ ਕਾਰਜਕਾਰੀ ਰਾਸ਼ਟਰਪਤੀ ਡੇਲਸੀ ਰੋਡਰਿਗਜ਼ ਨੂੰ ਡਰਾ-ਧਮਕਾ ਕੇ ਵੈਨੇਜ਼ੁਏਲਾ ਦੇ ਤੇਲ ਸਰੋਤਾਂ ਦੇ ਬੂਹੇ ਪ੍ਰਾਈਵੇਟ ਅਮਰੀਕੀ ਕੰਪਨੀਆਂ ਲਈ ਖੋਲ੍ਹਣ ਲਈ ਸਹਿਮਤ ਕਰ ਲਿਆ। ਵੈਨੇਜ਼ੁਏਲਾ ਦੇ ਤੇਲ ਉੱਤੇ ਅਮਰੀਕੀ ਕੰਟਰੋਲ ਸਥਾਪਤ ਹੋਣ ਤੋਂ ਤੁਰੰਤ ਬਾਅਦ ਟਰੰਪ ਪ੍ਰਸ਼ਾਸਨ ਨੇ ਕਿਊਬਾ ਨੂੰ ਹੋ ਰਹੀ ਤੇਲ ਦੀ ਬਰਾਮਦ ’ਤੇ ਰੋਕ ਲਗਾ ਦਿੱਤੀ। ਨਾਲ ਹੀ ਟਰੰਪ ਨੇ ਕਿਊਬਾ ਨੂੰ ਅਸਿੱਧੇ ਤੌਰ ’ਤੇ ਤੇਲ ਵੇਚਣ ਵਾਲੇ ਦੇਸ਼ਾਂ ਨੂੰ ਟੈਰਿਫ ਦੀ ਧਮਕੀ ਦੇ ਕੇ ਕਿਊਬਾ ਦੀ ਪੂਰੀ ਤਰ੍ਹਾਂ ਘੇਰਾਬੰਦੀ ਕਰ ਦਿੱਤੀ। ਟਰੰਪ ਪ੍ਰਸ਼ਾਸਨ ਵੱਲੋਂ ਊਰਜਾ ਸਰੋਤਾਂ ਉੱਤੇ ਨਵੀਆਂ ਆਰਥਿਕ ਪਾਬੰਦੀਆਂ ਲਗਾਉਣ ਨਾਲ ਕਿਊਬਾ ਡੂੰਘੇ ਆਰਥਿਕ ਤੇ ਸਮਾਜਿਕ ਸੰਕਟ ਵਿੱਚ ਘਿਰ ਗਿਆ ਹੈ। ਇਹ ਆਪਣੀਆਂ ਘਰੇਲੂ ਤੇਲ ਲੋੜਾਂ ਦੀ ਪੂਰਤੀ ਲਈ ਵੈਨੇਜ਼ੁਏਲਾ ਅਤੇ ਮੈਕਸਿਕੋ ਤੋਂ ਲਗਭਗ 75 ਫ਼ੀਸਦੀ ਤੇਲ ਮੰਗਵਾਉਂਦਾ ਸੀ। ਘਰੇਲੂ ਤੇਲ ਪੈਦਾਵਾਰ ਨਾਂ-ਮਾਤਰ ਹੈ। ਤੇਲਬੰਦੀ ਤੋਂ ਬਾਅਦ ਕਿਊਬਾ ਦਾ ਅਰਥਚਾਰਾ ਕੁਝ ਕੁ ਦਿਨਾਂ ’ਚ ਬੁਰੀ ਤਰ੍ਹਾਂ ਡਾਵਾਂਡੋਲ ਹੋ ਗਿਆ। ਤੇਲ ਕੀਮਤਾਂ ਵਿੱਚ ਚਾਰ ਸੌ ਫ਼ੀਸਦੀ ਵਾਧਾ ਹੋਣ ਨਾਲ ਸਰਕਾਰੀ ਟਰਾਂਸਪੋਰਟ ਤੇ ਉਦਯੋਗ ਅਚਾਨਕ ਠੱਪ ਹੋ ਗਏ ਹਨ। ਹਸਪਤਾਲ ਅਤੇ ਖੇਤੀਬਾੜੀ ਖੇਤਰ ਲੰਮੇ ਬਿਜਲੀ ਕੱਟਾਂ ਕਾਰਨ ਕਾਲ ਵਰਗੀ ਸਥਿਤੀ ਵਿੱਚ ਚਲੇ ਗਏ ਹਨ। ਕਈ ਰਿਹਾਇਸ਼ੀ ਇਲਾਕਿਆਂ ਵਿੱਚ ਬਿਜਲੀ ਪੂਰੀ ਤਰ੍ਹਾਂ ਗੁੱਲ ਹੋ ਗਈ ਹੈ ਤੇ ਕੌਮਾਂਤਰੀ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ। ਮਹਿੰਗਾਈ ਰਿਕਾਰਡ ਤੋੜ ਦਰ ਨਾਲ ਵਧ ਰਹੀ ਹੈ ਤੇ ਊਰਜਾ ਸੰਕਟ ਨਾਲ ਸਿੱਝਣ ਲਈ ਸਕੂਲਾਂ-ਯੂਨੀਵਰਸਿਟੀਆਂ ਸਮੇਤ ਕਈ ਸਰਕਾਰੀ ਅਦਾਰੇ ਅਸਥਾਈ ਤੌਰ ’ਤੇ ਬੰਦ ਕਰ ਦਿੱਤੇ ਗਏ ਹਨ। ਆਮ ਲੋਕਾਂ ਲਈ ਦਵਾਈਆਂ ਤੇ ਭੋਜਨ ਦੀ ਸਪਲਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਈ ਹੈ ਤੇ ਕਿਊਬਾ ਦੇ ਲੋਕਾਂ ਦੀ ਆਮਦਨ ਦਾ ਸਰੋਤ ਸੈਰ-ਸਪਾਟਾ ਉਦਯੋਗ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਕੌਮਾਂਤਰੀ ਉਡਾਣਾਂ ਰੱਦ ਹੋਣ ਨਾਲ ਸੈਰ-ਸਪਾਟਾ ਮਾਲੀਏ ਨੂੰ ਧੱਕਾ ਲੱਗਾ ਹੈ ਤੇ ਵਿਦੇਸ਼ੀ ਮੁਦਰਾ ਦੀ ਘਾਟ ਕਾਰਨ ਅਮਰੀਕੀ ਡਾਲਰ ਮੁਕਾਬਲੇ ਕਿਊਬਨ ਪੈਸੋ ਵਿੱਚ ਗਿਰਾਵਟ ਤੇਜ਼ ਹੋ ਗਈ ਹੈ। ਕਿਊਬਾ ਵਿਰੁੱਧ 1960ਵਿਆਂ ਤੋਂ ਸ਼ੁਰੂ ਹੋਈ ਅਮਰੀਕੀ ਆਰਥਿਕ ਨਾਕਾਬੰਦੀ ਆਧੁਨਿਕ ਇਤਿਹਾਸ ਵਿੱਚ ਸਭ ਤੋਂ ਲੰਮੇ ਸਮੇਂ ਤੱਕ ਚੱਲਣ ਵਾਲੀਆਂ ਪਾਬੰਦੀਆਂ ਵਿੱਚੋਂ ਇੱਕ ਹੈ। ਕਿਊਬਨ ਆਰਥਿਕ ਨਾਕਾਬੰਦੀ ਅਮਰੀਕੀ ਵਿਦੇਸ਼ ਨੀਤੀ ਦਾ ਇੱਕ ਵਿਸ਼ੇਸ਼ ਹਥਿਆਰ ਹੈ, ਜੋ ਸਾਮਰਾਜੀ ਦਾਬੇ ਦਾ ਪ੍ਰਤੱਖ ਪ੍ਰਮਾਣ ਹੈ। ਦੂਸਰਾ, ਮੁਨਰੋ ਸਿਧਾਂਤ ਤਹਿਤ ਟਰੰਪ ਪ੍ਰਸ਼ਾਸਨ ਪੱਛਮੀ ਗੋਲਾਕਾਰ ਵਿੱਚ ਰੂਸ-ਚੀਨ ਦੇ ਪ੍ਰਭਾਵ ਨੂੰ ਖ਼ਤਮ ਕਰਕੇ ਅਮਰੀਕੀ ਸਰਦਾਰੀ ਦੀ ਬਹਾਲੀ ਹਿੱਤ ਲਾਤੀਨੀ ਅਮਰੀਕੀ ਮਹਾਦੀਪ ਵਿੱਚ ਹੋਰ ਵੱਧ ਹਮਲਾਵਰ ਰੁਖ਼ ਅਖ਼ਤਿਆਰ ਕਰ ਰਿਹਾ ਹੈ। ‘ਕੌਮੀ ਸੁਰੱਖਿਆ ਰਣਨੀਤੀ’ ਵਿੱਚ ਕਿਊਬਾ ਸਮੇਤ ਅਮਰੀਕਾ ਵਿਰੋਧੀ ਸੁਰ ਵਾਲੇ ਲਾਤੀਨੀ ਮੁਲਕਾਂ ਨੂੰ ਗੋਡੇ ਟੇਕਣ ਲਈ ਮਜਬੂਰ ਕਰਨਾ ਉਚੇਚੇ ਤੌਰ ’ਤੇ ਸ਼ਾਮਲ ਹੈ। ਤੀਸਰਾ, ਕਿਊਬਨ ਇਨਕਲਾਬ (1959) ਤੇ ਕਿਊਬਨ ਮਿਜ਼ਾਈਲ ਸੰਕਟ (1962) ਤੋਂ ਬਾਅਦ ਅਮਰੀਕਾ ਕਿਊਬਾ ਨੂੰ ਵਿਚਾਰਧਾਰਕ ਦੁਸ਼ਮਣ ਤੇ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਮੰਨਦਾ ਆ ਰਿਹਾ ਹੈ। ਮੌਜੂਦਾ ਸਮੇਂ ਵੀ ਟਰੰਪ ਪ੍ਰਸ਼ਾਸਨ ਕਿਊਬਾ ਸਰਕਾਰ ਉੱਤੇ ਹਿਜ਼ਬੁੱਲਾ ਤੇ ਹਮਾਸ ਵਰਗੇ ਦਹਿਸ਼ਤੀ ਗਰੁੱਪਾਂ ਨੂੰ ਸ਼ਹਿ ਦੇਣ ਦਾ ਦੋਸ਼ ਲਾ ਰਿਹਾ ਹੈ। ਵਿਸ਼ਵ ਵਪਾਰ ਵਿੱਚ ਡਾਲਰ ਦਾ ਏਕਾਧਿਕਾਰ ਹੋਣ ਕਰਕੇ ਅਮਰੀਕਾ ਆਪਣੇ ਡਾਲਰ, ਤੇਲ ਸਿਆਸਤ ਅਤੇ ਆਲਮੀ ਵਿੱਤੀ ਤੰਤਰ ਨੂੰ ਕਮਜ਼ੋਰ ਦੇਸ਼ਾਂ ਨੂੰ ਦਬਕਾਉਣ ਲਈ ਵਰਤਦਾ ਆ ਰਿਹਾ ਹੈ। ਇਸ ਤੋਂ ਇਲਾਵਾ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦਾ ਕਿਊਬਾ ਨਾਲ ਜਮਾਂਦਰੂ ਨਾਤਾ ਹੈ। ਉਸ ਦਾ ਪਿਤਾ ਓਰਲਾਂਡੋ ਰੂਬੀਓ ਕਿਊਬਨ ਮੂਲ ਦਾ ਸੀ, ਜੋ ਸੱਠਵਿਆਂ ਵਿੱਚ ਕਮਿਊਨਿਸਟ ਵਿਰੋਧੀ ਸੁਰ ਕਰ ਕੇ ਕਿਊਬਾ ਛੱਡ ਕੇ ਅਮਰੀਕਾ ਵਸ ਗਿਆ ਸੀ। ਮਾਰਕੋ ਰੂਬੀਓ ਆਪਣੇ ਪਿਤਾ ਦੀ ਵਿਰਾਸਤ ਨੂੰ ਅੱਗੇ ਤੋਰਦਿਆਂ ਅਨੇਕਾਂ ਵਾਰ ਕਿਊਬਾ ਖਿਲਾਫ਼ ਸਖ਼ਤ ਟਿੱਪਣੀਆਂ ਅਤੇ ਵਿਉਂਤਬੰਦੀ ਕਰਦਾ ਆ ਰਿਹਾ ਹੈ। ਜਿਸ ਤਰ੍ਹਾਂ ਉਹ ਗਾਜ਼ਾ ਨੂੰ ‘ਮੱਧ ਪੂਰਬ ਦਾ ਰਿਵੇਰਾ’ ਬਣਾ ਕੇ ਰੀਅਲ ਅਸਟੇਟ ਦਾ ਵੱਡਾ ਕਾਰੋਬਾਰ ਖੜ੍ਹਾ ਕਰਨਾ ਚਾਹੁੰਦਾ ਹੈ, ਉਸੇ ਤਰਜ਼ ’ਤੇ ਕਿਊਬਾ ਵਰਗੇ ਟਾਪੂ ਨੂੰ ਦੱਬ ਕੇ ਇਸ ਨੂੰ ਸੈਰ-ਸਪਾਟੇ ਦਾ ਵਪਾਰਕ ਕੇਂਦਰ ਬਣਾਉਣਾ ਚਾਹੁੰਦਾ ਹੈ। ਇਸ ਦੇ ਨਾਲ ਹੀ ਉਹ ਲਾਤੀਨੀ ਅਮਰੀਕੀ ਮੁਲਕਾਂ ਅੱਗੇ ਇਹ ਮਿਸਾਲ ਕਾਇਮ ਕਰਨਾ ਚਾਹੁੰਦਾ ਹੈ ਕਿ ਅਮਰੀਕਾ ਦਾ ਵਿਰੋਧ ਕਰਨ ਦੀ ਸੂਰਤ ਵਿੱਚ ਉਨ੍ਹਾਂ ਦਾ ਹਸ਼ਰ ਵੈਨੇਜ਼ੁਏਲਾ-ਕਿਊਬਾ ਵਰਗਾ ਹੋਵੇਗਾ। ਸੱਠਵਿਆਂ ਦੇ ਦਹਾਕੇ ਵਿੱਚ ਲਾਤੀਨੀ ਅਮਰੀਕਾ ਵਿੱਚ ਅਮਰੀਕੀ ਸਾਮਰਾਜ ਵਿਰੋਧੀ ਕੌਮੀ ਲਹਿਰਾਂ ਉੱਠਣੀਆਂ ਸ਼ੁਰੂ ਹੋ ਗਈਆਂ।

# ਪ੍ਰੋਜੈਕਟ ‘ਰੌਸ਼ਨੀ’ ਨਾਲ ਬੱਚਿਆਂ ਨੂੰ ਮਿਲੀ ਨਵੀਂ ਦ੍ਰਿਸ਼ਟੀ

**ਹੁਸ਼ਿਆਰਪੁਰ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਬੱਚਿਆਂ ਦੇ ਸਿਹਤ ਅਤੇ ਬਿਹਤਰ ਭਵਿੱਖ ਨੂੰ ਯਕੀਨੀ ਬਣਾਉਣ ਲਈ ਚਲਾਏ ਜਾ ਰਹੇ ਯਤਨਾਂ ਦੇ ਸਕਾਰਾਤਮਕ ਨਤੀਜੇ ਸਾਹਮਣੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਦਯਾਨੰਦ ਮੈਡੀਕਲ ਕਾਲਜ ਅਤੇ ਹਸਪਤਾਲ (ਡੀ.ਐਮ.ਸੀ.) ਲੁਧਿਆਣਾ ਵੱਲੋਂ ਚਲਾਏ ਜਾ ਰਹੇ ‘ਪ੍ਰੋਜੈਕਟ ਰੌਸ਼ਨੀ’ ਦੇ ਅਧੀਨ ਅਤੇ ਰਾਸ਼ਟਰੀ ਬਾਲ ਸਿਹਤ ਪ੍ਰੋਗਰਾਮ (ਆਰ.ਬੀ.ਐਸ.ਕੇ.) ਤਹਿਤ ਫ਼ਰਵਰੀ ਦੇ ਪਹਿਲੇ ਹਫਤੇ ਵਿਸ਼ੇਸ਼ ਜਾਂਚ ਕੈਂਪ ਆਯੋਜਿਤ ਕੀਤਾ ਗਿਆ ਸੀ, ਜਿਸ ਨਾਲ ਹਜ਼ਾਰਾਂ ਬੱਚਿਆਂ ਨੂੰ ਲਾਭ ਮਿਲਿਆ।

ਡੀ.ਐਮ.ਸੀ. ਲੁਧਿਆਣਾ ਦੀ ਡਾ. ਪ੍ਰਿਅੰਕਾ ਅਰੋੜਾ ਅਨੁਸਾਰ ਇਸ ਮੁਹਿੰਮ ਦੌਰਾਨ ਜ਼ਿਲ੍ਹੇ ਦੇ 15 ਸਰਕਾਰੀ ਅਤੇ ਨਿੱਜੀ ਸਕੂਲਾਂ ਵਿੱਚ ਸਿਹਤ ਜਾਂਚ ਕੀਤੀ ਗਈ ਅਤੇ ਕੁੱਲ 3,402 ਬੱਚਿਆਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ। ਸਰਕਾਰੀ ਸਕੂਲਾਂ ਦੀ ਰਿਪੋਰਟ ਆਰ.ਬੀ.ਐਸ.ਕੇ. ਟੀਮ ਨਾਲ ਸਾਂਝੀ ਕਰ ਦਿੱਤੀ ਗਈ ਹੈ, ਜਦਕਿ ਜਿਨ੍ਹਾਂ ਬੱਚਿਆਂ ਨੂੰ ਚਸ਼ਮੇ ਦੀ ਲੋੜ ਹੈ, ਉਨ੍ਹਾਂ ਨੂੰ ਰਾਸ਼ਟਰੀ ਅੰਨ੍ਹਾਪਣ ਕੰਟਰੋਲ ਪ੍ਰੋਗਰਾਮ (ਏ.ਪੀ.ਸੀ.ਬੀ.) ਅਧੀਨ ਮੁਫਤ ਚਸ਼ਮੇ ਮੁਹੱਈਆ ਕਰਵਾਏ ਜਾਣਗੇ।

ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਕੁਝ ਬੱਚਿਆਂ ਵਿੱਚ ਦ੍ਰਿਸ਼ਟੀ ਕਮਜ਼ੋਰੀ ਪਾਈ ਗਈ, ਜਿਨ੍ਹਾਂ ਨੂੰ ਮੌਕੇ ’ਤੇ ਹੀ ਚਸ਼ਮੇ ਦਿੱਤੇ ਗਏ, ਜਦਕਿ ਗੰਭੀਰ ਸਮੱਸਿਆਵਾਂ ਵਾਲੇ ਬੱਚਿਆਂ ਨੂੰ ਅੱਗੇ ਇਲਾਜ ਅਤੇ ਸਰਜਰੀ ਦੀ ਸਲਾਹ ਦਿੱਤੀ ਗਈ। ਇਸੇ ਲੜੀ ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਦੋ ਬੱਚਿਆਂ ਵਿੱਚ ਅੱਖਾਂ ਦੇ ਟੇਢ ?ਪਣ (ਸਕਵਿੰਟ) ਦੀ ਸਮੱਸਿਆ ਪਾਈ ਗਈ ਸੀ। ਇਨ੍ਹਾਂ ਦੋਵਾਂ ਬੱਚਿਆਂ ਦਾ ਸਫਲ ਅਪ੍ਰੇਸ਼ਨ ਡੀ.ਐਮ.ਸੀ. ਹਸਪਤਾਲ ਲੁਧਿਆਣਾ ਵਿੱਚ ਕੀਤਾ ਗਿਆ। ਇਨ੍ਹਾਂ ਵਿੱਚ ਇੱਕ ਬੱਚੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੱਸੀ ਕਲਾਂ ਦੀ ਅਤੇ ਇੱਕ ਬੱਚਾ ਐਸ.ਏ.ਵੀ. ਜੈਨ ਡੇ ਬੋਰਡਿੰਗ ਸਕੂਲ, ਹੁਸ਼ਿਆਰਪੁਰ ਦਾ ਵਿਦਿਆਰਥੀ ਹੈ। ਦੋਵੇਂ ਸਰਜਰੀਆਂ ਸਫਲ ਰਹੀਆਂ ਅਤੇ ਬੱਚਿਆਂ ਦੀ ਦ੍ਰਿਸ਼ਟੀ ਵਿੱਚ ਵਧੀਆ ਸੁਧਾਰ ਦਰਜ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਇਹ ਸਾਰੀ ਡਾਕਟਰੀ ਪ੍ਰਕਿਰਿਆ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਪੂਰੀ ਤਰ੍ਹਾਂ ਮੁਫ਼ਤ ਸੀ, ਜਿਸ ਨਾਲ ਆਰਥਿਕ ਤੌਰ ’ਤੇ ਕਮਜ਼ੋਰ ਪਰਿਵਾਰਾਂ ਨੂੰ ਵੱਡੀ ਰਾਹਤ ਮਿਲੀ। ਉਨ੍ਹਾਂ ਸਪੱਸ਼ਟ ਕੀਤਾ ਕਿ ਪ੍ਰੋਜੈਕਟ ਰੌਸ਼ਨੀ ਅਧੀਨ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ, ਤਾਂ ਜੋ ਸ਼ੁਰੂਆਤੀ ਪੜਾਅ ’ਤੇ ਦ੍ਰਿਸ਼ਟੀ ਸੰਬੰਧੀ ਸਮੱਸਿਆਵਾਂ ਦੀ ਪਛਾਣ ਕਰਕੇ ਸਮੇਂ ਸਿਰ ਇਲਾਜ ਯਕੀਨੀ ਬਣਾਇਆ ਜਾ ਸਕੇ।

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਇਸ ਪ੍ਰਸ਼ੰਸਾਯੋਗ ਕੰਮ ਲਈ ਡੀ.ਐਮ.ਸੀ. ਲੁਧਿਆਣਾ ਦੀ ਮਾਹਰ ਟੀਮ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੀਆਂ ਸਿਹਤ ਸੇਵਾਵਾਂ ਸਮਾਜ ਦੇ ਕਮਜ਼ੋਰ ਵਰਗਾਂ ਲਈ ਵਰਦਾਨ ਸਾਬਤ ਹੁੰਦੀਆਂ ਹਨ। ਉਨ੍ਹਾਂ ਵਿਸ਼ੇਸ਼ ਤੌਰ ’ਤੇ ਰੈਡ ਕਰਾਸ ਸੋਸਾਇਟੀ ਦੇ ਸਕੱਤਰ ਮੰਗੇਸ਼ ਸੂਦ ਅਤੇ ਉਨ੍ਹਾਂ ਦੀ ਟੀਮ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਕੈਂਪ ਦੇ ਆਯੋਜਨ, ਬੱਚਿਆਂ ਦੀ ਪਛਾਣ, ਮਾਪਿਆਂ ਨਾਲ ਸੰਪਰਕ ਅਤੇ ਇਲਾਜ ਪ੍ਰਕਿਰਿਆ ਦੇ ਤਾਲਮੇਲ ਵਿੱਚ ਰੈਡ ਕਰਾਸ ਦੀ ਭੂਮਿਕਾ ਬਹੁਤ ਮਹੱਤਵਪੂਰਨ ਰਹੀ।

# ਕੱਚੀਆਂ ਜਮੀਨਾਂ (ਸਰਕਾਰੀ ਜਮੀਨਾਂ) ਵਾਲੇ ਬਾਰਡਰ ਪੱਟੀ ਦੇ ਕਿਸਾਨਾਂ ਨੂੰ ਮਿਲੇਗਾ ਮੁਆਵਜ਼ਾ : ਸ. ਨਰਿੰਦਰਪਾਲ ਸਿੰਘ ਸਵਨਾ

**ਫਾਜ਼ਿਲਕਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਹੋਈ ਕੈਬਨਿਟ ਮੀਟਿੰਗ ਵਿਚ ਕੱਚੀਆਂ ਜਮੀਨਾਂ (ਸਰਕਾਰੀ ਜਮੀਨਾਂ) ਵਾਲੇ ਬਾਰਡਰ ਪੱਟੀ ਦੇ ਕਿਸਾਨਾਂ ਲਈ ਰਾਹਤ ਦਿੱਤੀ ਗਈ ਹੈ। ਕੈਬਨਿਟ ਮੀਟਿੰਗ ਦੌਰਾਨ ਫੈਸਲਾ ਲਿਆ ਗਿਆ ਕਿ ਕੱਚੀਆਂ ਜਮੀਨਾਂ (ਸਰਕਾਰੀ ਜਮੀਨਾਂ) *ਤੇ ਕਾਸ਼ਤ ਕਰਨ ਵਾਲੇ ਕਿਸਾਨਾਂ ਨੂੰ ਕੁਦਰਤੀ ਆਫਤਾਂ ਕਰਕੇ ਹੋਏ ਨੁਕਸਾਨ ਦਾ ਪੰਜਾਬ ਸਰਕਾਰ ਵੱਲੋਂ ਮੁਆਵਜ਼ਾ ਦਿੱਤਾ ਜਾਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਵਿਧਾਇਕ ਸ. ਨਰਿੰਦਰਪਾਲ ਸਿੰਘ ਸਵਨਾ ਨੇ ਕਿਹਾ ਕਿ ਇਹ ਕਿਸਾਨਾਂ ਲਈ ਬਹੁਤ ਵੱਡੀ ਖੁਸ਼ਖਬਰੀ ਹੈ।

ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਕਿਹਾ ਕਿ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਬੂਰ ਪਿਆ ਹੈ। ਉਨ੍ਹਾਂ ਕਿਹਾ ਕ ਉਹ ਪਿਛਲੇ ਦਿਨੀ ਵੀ ਮਾਲ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਅਤੇ ਅਫਸਰਾਂ ਨਾਲ ਇਸ ਮੁੱਦੇ *ਤੇ ਮੀਟਿੰਗ ਕਰਕੇ ਆਏ ਸਨ ਤੇ ਬਾਰਡਰ ਪੱਟੀ ਦੇ ਕਿਸਾਨਾਂ ਦੀ ਇਸ ਸਮੱਸਿਆ ਬਾਰੇ ਜਾਣੂੰ ਕਰਵਾ ਕੇ ਆਏ ਸਨ । ਉਨ੍ਹਾਂ ਕਿਹਾ ਕਿ ਇਨ੍ਹਾਂ ਕੱਚੀਆਂ ਜਮੀਨਾਂ ਵਾਲੇ ਕਿਸਾਨਾਂ ਲਈ ਇਕੋ-ਇਕ ਆਮਦਨ ਦਾ ਸਹਾਰਾ ਹੈ ਜਿਸ ਨਾਲ ਉਹ ਆਪਣਾ ਜੀਵਨ ਬਤੀਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਕੋਈ ਕੁਦਰਤੀ ਆਫਤ ਆ ਜਾਂਦੀ ਹੈ ਤਾਂ ਉਹ ਜਿਥੇ ਆਮਦਨ ਤੋਂ ਵਾਂਝੇ ਹੋ ਜਾਂਦੇ ਹਨ ਤੇ ਉਨ੍ਹਾਂ ਨੂੰ ਮੁਆਵਜਾ ਵੀ ਨਹੀਂ ਮਿਲਦਾ ਸੀ।ਪੰਜਾਬ ਸਰਕਾਰ ਦੇ ਇਸੇ ਇਤਿਹਾਸਕ ਤੇ ਬਹੁਤ ਵੱਡੇ ਫੈਸਲੇ ਦਾ ਸਵਾਗਤ ਕਰਦਿਆਂ ਉਨ੍ਹਾਂ ਕਿਹਾ ਕਿ ਮੁਆਵਜਾ ਮਿਲਣ ਨਾਲ ਕਿਸਾਨਾ ਨੂੰ ਉਨ੍ਹਾਂ ਦੀ ਖਰਾਬ ਹੋਈ ਫਸਲ ਦੇ ਨੁਕਸਾਨ ਦੀ ਭਰਪਾਈ ਹੋਵੇਗੀ ਤੇ ਉਹ ਆਪਣਾ ਜੀਵਨ ਤੇ ਰੋਜਮਰਾ ਦੀਆਂ ਜਰੁਰੀ ਵਸਤਾਂ ਦੀ ਪੂਰਤੀ ਬਿਨ੍ਹਾਂ ਕਿਸੇ ਖਜਲ-ਖੁਆਰੀ ਦੇ ਕਰ ਸਕਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਕਿਸਾਨਾਂ ਲਈ ਰਾਹਤ ਭਰਿਆ ਉਪਰਾਲਾ ਹੈ। ਉਨ੍ਹਾਂ ਕਿਹਾ ਕ ਉਹ ਕਿਸਾਨਾ ਦੇ ਹਿੱਤਾ ਲਈ ਲਗਾਤਾਰ ਮੰਤਰੀ ਸਾਹਿਬਾਨਾਂ ਤੇ ਉਚ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਰਹਿੰਦੇ ਹਨ ਤਾਂ ਜੋ ਬਾਰਡਰ ਪੱਟੀ ਦੇ ਕਿਸਾਨ ਖੁਸ਼ਹਾਲ ਤੇ ਆਬਾਦ ਹੋਣ।

ਉਨ੍ਹਾਂ ਪਿਛਲੇ ਸਾਲ ਦੇ ਹੜਾਂ ਦੀ ਮਾਰ ਹੇਠ ਆਉਣ ਵਾਲੇ ਕਿਸਾਨਾਂ ਨੂੰ ਫਸਲਾਂ ਦੇ ਖਰਾਬੇ ਦੀ ਭਰਪਾਈ ਜਲਦ ਕਰਵਾਉਣ ਦਾ ਵਿਸ਼ਵਾਸ਼ ਦਵਾਇਆ।

# ਕਿਸਾਨਾਂ ਨੂੰ ਖੇਤਾਂ ਦੀ ਨਿਯਮਿਤ ਨਿਗਰਾਨੀ ਕਰਨ ਦੀ ਸਲਾਹ

**ਫਾਜ਼ਿਲਕਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਖੇਤੀਬਾੜੀ ਅਫ਼ਸਰ ਫਾਜ਼ਿਲਕਾ ਡਾ. ਹਰਪ੍ਰੀਤਪਾਲ ਕੌਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਜ਼ਿਲ੍ਹੇ ਦੇ ਕਿਸਾਨ ਭਰਾਵਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਸਮੇਂ ਸਰੋਂ ਦੀ ਫਸਲ ‘ਤੇ ਚਿੱਟੀ ਕੂੰਗੀ (White Rust) ਅਤੇ ਕਾਲੇ ਧੱਬਿਆਂ ਦਾ ਰੋਗ (Alternaria Blight) ਦਾ ਹਮਲਾ ਹੋ ਸਕਦਾ ਹੈ, ਜਿਸ ਨਾਲ ਉਪਜ ਅਤੇ ਗੁਣਵੱਤਾ ਵਿੱਚ ਕਾਫੀ ਘਾਟ ਆ ਸਕਦੀ ਹੈ। ਇਸ ਲਈ ਕਿਸਾਨ ਸਮੇਂ ਸਿਰ ਰੋਗਾਂ ਦੀ ਪਛਾਣ ਕਰਕੇ ਤੁਰੰਤ ਰੋਕਥਾਮ ਲਈ ਕਦਮ ਚੁੱਕਣ।

ਚਿੱਟੀ ਕੂੰਗੀ ਰੋਗ ਵਿੱਚ ਪੱਤਿਆਂ ਦੇ ਹੇਠਲੇ ਪਾਸੇ ਚਿੱਟੇ ਧੱਬੇ ਬਣ ਜਾਂਦੇ ਹਨ ਅਤੇ ਪੱਤੇ ਮੋਟੇ ਜਾਂ ਮੁੜ ਜਾਂਦੇ ਹਨ। ਕਈ ਵਾਰ ਫੁੱਲਾਂ ਅਤੇ ਫਲੀਆਂ ਦੀ ਬਣਤਰ ਵੀ ਵਿਗੜ ਜਾਂਦੀ ਹੈ। ਇਸ ਤੋਂ ਬਚਾਅ ਲਈ ਬੀਜ ਬੀਜਣ ਤੋਂ ਪਹਿਲਾਂ ਇਸ ਦਾ ਇਲਾਜ ਕਰਨਾ ਲਾਜ਼ਮੀ ਹੈ ਅਤੇ ਖੇਤ ਵਿੱਚ ਪਾਣੀ ਖੜ੍ਹਾ ਨਾ ਰਹਿਣ ਦਿੱਤਾ ਜਾਵੇ। ਰੋਗ ਦੇ ਲੱਛਣ ਦਿਖਣ ‘ਤੇ ਮੈਟਾਲੈਕਸਿਲ + ਮੈਨਕੋਜ਼ੇਬ 2 ਗ੍ਰਾਮ ਪ੍ਰਤੀ ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਲਈ ਛਿੜਕਾਅ ਕੀਤਾ ਜਾਵੇ ਅਤੇ ਲੋੜ ਹੋਣ ‘ਤੇ 10-12 ਦਿਨ ਬਾਅਦ ਦੁਬਾਰਾ ਛਿੜਕਾਅ ਕੀਤਾ ਜਾਵੇ।

ਕਾਲੇ ਧੱਬਿਆਂ ਦੇ ਰੋਗ ਵਿੱਚ ਪੱਤਿਆਂ ‘ਤੇ ਗੋਲ ਕਾਲੇ ਜਾਂ ਭੂਰੇ ਧੱਬੇ ਬਣ ਜਾਂਦੇ ਹਨ ਅਤੇ ਧੱਬਿਆਂ ਦੇ ਆਲੇ-ਦੁਆਲੇ ਪੀਲਾਪਣ ਆ ਸਕਦਾ ਹੈ।

ਗੰਭੀਰ ਹਮਲੇ ਦੀ ਸਥਿਤੀ ਵਿੱਚ ਪੱਤੇ ਸੁੱਕ ਕੇ ਝੜ ਸਕਦੇ ਹਨ ਅਤੇ ਫਲੀਆਂ ਵੀ ਪ੍ਰਭਾਵਿਤ ਹੁੰਦੀਆਂ ਹਨ। ਇਸ ਰੋਗ ਤੋਂ ਬਚਾਅ ਲਈ ਫਸਲ ਚੱਕਰ ਅਪਣਾਇਆ ਜਾਵੇ ਅਤੇ ਇੱਕੋ ਖੇਤ ਵਿੱਚ ਲਗਾਤਾਰ ਸਰੋਂ ਦੀ ਕਾਸ਼ਤ ਨਾ ਕੀਤੀ ਜਾਵੇ। ਸੰਤੁਲਿਤ ਖਾਦਾਂ ਦੀ ਵਰਤੋਂ ਕੀਤੀ ਜਾਵੇ ਅਤੇ ਰੋਗ ਦੇ ਸ਼ੁਰੂਆਤੀ ਪੜਾਅ ‘ਤੇ ਮੈਨਕੋਜ਼ੇਬ 2-2.5 ਗ੍ਰਾਮ ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਲਈ ਛਿੜਕਾਅ ਕੀਤਾ ਜਾਵੇ।

ਡਾ. ਹਰਪ੍ਰੀਤਪਾਲ ਕੌਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਖੇਤਾਂ ਦੀ ਨਿਯਮਿਤ ਨਿਗਰਾਨੀ ਕਰਨ ਅਤੇ ਕਿਸੇ ਵੀ ਰੋਗ ਦੇ ਲੱਛਣ ਦਿਖਾਈ ਦੇਣ ‘ਤੇ ਤੁਰੰਤ ਨੇੜਲੇ ਖੇਤੀਬਾੜੀ ਦਫ਼ਤਰ ਨਾਲ ਸੰਪਰਕ ਕਰਨ। ਸਮੇਂ ਸਿਰ ਰੋਕਥਾਮ ਕਾਰਵਾਈ ਕਰਕੇ ਸਰੋਂ ਦੀ ਫਸਲ ਨੂੰ ਬਿਮਾਰੀਆਂ ਤੋਂ ਬਚਾਇਆ ਜਾ ਸਕਦਾ ਹੈ ਅਤੇ ਵਧੀਆ ਪੈਦਾਵਾਰ ਪ੍ਰਾਪਤ ਕੀਤੀ ਜਾ ਸਕਦੀ ਹੈ।

# ਵਧਦੇ ਤਾਪਮਾਨ ਦੇ ਮੱਦੇਨਜ਼ਰ ਕਣਕ ਦੀ ਫ਼ਸਲ ਦੀ ਸੰਭਾਲ ਸਬੰਧੀ ਸਲਾਹ ਜਾਰੀ

**ਬਠਿੰਡਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਮੌਜੂਦਾ ਵਧ ਰਹੇ ਤਾਪਮਾਨ ਨੂੰ ਦੇਖਦਿਆਂ ਕਣਕ ਦੀ ਫ਼ਸਲ ਦੀ ਸੰਭਾਲ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ । ਉਨ੍ਹਾਂ ਕਿਹਾ ਕਿ ਇਸ ਸੀਜ਼ਨ ਦੌਰਾਨ ਪੰਜਾਬ ਵਿੱਚ ਲਗਭਗ 95 ਫੀਸਦੀ ਰਕਬੇ ‘ਤੇ ਕਣਕ ਦੀ ਬਿਜਾਈ 25 ਅਕਤੂਬਰ ਤੋਂ 15 ਨਵੰਬਰ ਤੱਕ ਕੀਤੀ ਗਈ ਸੀ, ਜੋ ਕਿ ਢੁਕਵਾਂ ਸਮਾਂ ਸੀ, ਪਰ ਹੁਣ ਮੌਸਮੀ ਹਾਲਾਤਾਂ ਬਾਦਲ ਗਏ ਹਨ।

ਉਨ੍ਹਾਂ ਦੱਸਿਆ ਕਿ ਕਣਕ ਦੀ ਫ਼ਸਲ, ਖਾਸ ਕਰਕੇ ਦਾਣੇ ਪੈਣ ਦੇ ਸਮੇਂ, ਵੱਧ ਤਾਪਮਾਨ ਬਹੁਤ ਸੰਵੇਦਨਸ਼ੀਲ ਹੁੰਦਾ ਹੈ। ਇਸ ਦੌਰਾਨ ਜੇ ਤਾਪਮਾਨ ਵੱਧ ਜਾਵੇ ਤਾਂ ਦਾਣਿਆਂ ਦਾ ਭਾਰ ਘਟ ਜਾਂਦਾ ਹੈ, ਜਿਸ ਨਾਲ ਝਾੜ ਅਤੇ ਗੁਣਵੱਤਾ ਦੋਵਾਂ ‘ਤੇ ਮਾੜਾ ਅਸਰ ਪੈਂਦਾ ਹੈ । ਹਲਕੀ ਤੋਂ ਦਰਮਿਆਨੀ ਜ਼ਮੀਨਾਂ ‘ਤੇ ਬੀਜੀ ਅਗੇਤੀ ਕਣਕ ਵਿੱਚ ਇਹ ਪ੍ਰਭਾਵ ਹੋਰ ਵੀ ਜ਼ਿਆਦਾ ਵੇਖਣ ਨੂੰ ਮਿਲਦਾ ਹੈ ਕਿਉਂਕਿ ਫ਼ਸਲ ਜਲਦੀ ਪੱਕ ਜਾਂਦੀ ਹੈ ਅਤੇ ਦਾਣੇ ਪੂਰੇ ਤੌਰ ‘ਤੇ ਤਿਆਰ ਨਹੀਂ ਹੋ ਸਕਦੇ ।

ਡਾ. ਭੁੱਲਰ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਫਰਵਰੀ 2026 ਦੇ ਦੂਜੇ ਹਫਤੇ ਦੌਰਾਨ ਤਾਪਮਾਨ ਪਿਛਲੇ ਸਾਲ ਨਾਲੋਂ 2 ਤੋਂ 4 ਡਿਗਰੀ ਸੈਲਸੀਅਸ ਵੱਧ ਦਰਜ ਕੀਤਾ ਗਿਆ ਹੈ। ਮੌਜੂਦਾ ਹਾਲਾਤਾਂ ਵਿੱਚ ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਫ਼ਸਲ ਨੂੰ ਹਲਕਾ ਪਾਣੀ ਲਗਾਉਣ, ਤਾਂ ਜੋ ਗਰਮੀ ਦੇ ਪ੍ਰਭਾਵ ਨੂੰ ਘਟਾਇਆ ਜਾ ਸਕੇ । ਸਿੰਚਾਈ ਕਰਦਿਆਂ ਹਵਾ ਦੀ ਗਤੀ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਤਾਂ ਕਿ ਫ਼ਸਲ ਡਿੱਗਣ ਤੋਂ ਬਚੀ ਰਹੇ।

ਇਸ ਸਬੰਧੀ ਮੁਖੀ ਫ਼ਸਲ ਵਿਗਿਆਨ ਵਿਭਾਗ ਡਾ. ਹਰੀ ਰਾਮ ਨੇ ਕਿਹਾ ਕਿ ਜਿਹੜੀ ਕਣਕ ਅਜੇ ਗੋਭ ਵਾਲੇ ਪੱਤੇ ਦੀ ਅਵਸਥਾ ‘ਚ ਹੈ, ਉਸ ਨੂੰ ਵੱਧ ਤਾਪਮਾਨ ਤੋਂ ਬਚਾਉਣ ਲਈ 2 ਫੀਸਦੀ ਪੋਟਾਸ਼ੀਅਮ ਨਾਈਟ੍ਰੇਟ (13:0:45) ਦੀ ਸਪਰੇਅ ਕਰਨੀ ਲਾਭਦਾਇਕ ਰਹੇਗੀ। ਉਨ੍ਹਾਂ ਸਿਫਾਰਸ਼ ਕੀਤੀ ਕਿ 4 ਕਿਲੋਗ੍ਰਾਮ ਪੋਟਾਸ਼ੀਅਮ ਨਾਈਟ੍ਰੇਟ ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਪਹਿਲੀ ਸਪਰੇਅ ਗੋਭ ਵਾਲਾ ਪੱਤਾ ਨਿਕਲਣ ਸਮੇਂ ਅਤੇ ਦੂਜੀ ਬੂਰ ਪੈਣ ਸਮੇਂ ਕੀਤੀ ਜਾਵੇ।

ਉਨ੍ਹਾਂ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਸਪਰੇਅ ਹਮੇਸ਼ਾਂ ਸ਼ਾਮ ਦੇ ਸਮੇਂ ਕੀਤੀ ਜਾਵੇ ਅਤੇ ਘੋਲ ਦੀ ਮਾਤਰਾ 200 ਲੀਟਰ ਹੀ ਰੱਖੀ ਜਾਵੇ। ਫ਼ਸਲ ਨੂੰ ਸਮੇਂ-ਸਿਰ ਹਲਕਾ ਪਾਣੀ ਲਗਾਉਣ ਅਤੇ ਸਿਫਾਰਸ਼ੀ ਸਪਰੇਅ ਕਰਨ ਨਾਲ ਉੱਚ ਤਾਪਮਾਨ ਦੇ ਮਾੜੇ ਪ੍ਰਭਾਵ ਤੋਂ ਕਾਫੀ ਹੱਦ ਤੱਕ ਬਚਾਅ ਕੀਤਾ ਜਾ ਸਕਦਾ ਹੈ ਅਤੇ ਝਾੜ ਤੇ ਗੁਣਵੱਤਾ ਕਾਇਮ ਰੱਖੀ ਜਾ ਸਕਦੀ ਹੈ।

# ਨਗਰ ਸੁਧਾਰ ਟਰੱਸਟ ਦੇ ਪਲਾਟਾਂ ਦੇ ਡਰਾਅ ਕੱਢੇ ਗਏ

**ਬਠਿੰਡਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਬਠਿੰਡਾ ਵਿੱਚ ਨਗਰ ਸੁਧਾਰ ਟਰੱਸਟ ਵੱਲੋਂ ਸ਼ਹੀਦ ਭਗਤ ਸਿੰਘ ਇਨਕਲੇਵ ਦੇ ਪਲਾਟਾਂ ਦੇ ਡਰਾਅ ਕੱਢੇ ਗਏ।

ਇਹ ਜਾਣਕਾਰੀ ਦਿੰਦਿਆਂ ਸੀਨੀਅਰ ਪਾਰਟੀ ਅਹੁਦੇਦਾਰ ਅਤੇ ਆਮ ਆਦਮੀ ਪਾਰਟੀ ਦੇ ਜਨਰਲ ਸਕੱਤਰ ਸ੍ਰੀ ਬਲਤੇਜ ਪੰਨੂੰ ਨੇ ਦੱਸਿਆ ਕਿ ਪਲਾਟਾਂ ਦੇ ਡਰਾਅ ਕੱਢਣ ਦੇ ਪ੍ਰੋਗਰਾਮ ਦੌਰਾਨ ਲੋਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਹੈ। ਇਸ ਦੌਰਾਨ 2500 ਤੋਂ ਵੱਧ ਲੋਕਾਂ ਦੀ ਸ਼ਮੂਲੀਅਤ ਕਰਕੇ ਹਾਲ ਪੂਰਾ ਭਰਿਆ ਹੋਇਆ ਸੀ। ਉਨ੍ਹਾਂ ਕਿਹਾ ਕਿ ਟਰੱਸਟ ਵੱਲੋਂ ਪੂਰੀ ਪਾਰਦਰਸ਼ਤਾ ਨਾਲ ਡਰਾਅ ਪ੍ਰਕਿਰਿਆ ਨੂੰ ਅੰਜਾਮ ਦਿੱਤਾ ਗਿਆ ਹੈ, ਜੋ ਸਰਕਾਰ ਦੀ ਇਮਾਨਦਾਰ ਕਾਰਗੁਜ਼ਾਰੀ ਦਾ ਸਬੂਤ ਹੈ।

ਇਸ ਮੌਕੇ ਵਿਧਾਇਕ ਭੁਚੋ ਮਾਸਟਰ ਜਗਸੀਰ ਸਿੰਘ, ਮੇਅਰ ਨਗਰ ਨਿਗਮ ਸ੍ਰੀ ਪਦਮਜੀਤ ਮਹਿਤਾ, ਚੇਅਰਮੈਨ, ਨਗਰ ਸੁਧਾਰ ਟਰੱਸਟ ਸ੍ਰੀ ਜਤਿੰਦਰ ਸਿੰਘ ਭੱਲਾ, ਚੇਅਰਮੈਨ ਨੀਲ ਗਰਗ, ਚੇਅਰਮੈਨ ਰਾਜਨ ਅਮਰਦੀਪ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ।

ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਦਾ ਮਕਸਦ ਆਮ ਲੋਕਾਂ ਨੂੰ ਆਪਣੇ ਘਰ ਦਾ ਸੁਪਨਾ ਪੂਰਾ ਕਰਨ ਵਿੱਚ ਮਦਦ ਕਰਨਾ ਹੈ।

ਸ੍ਰੀ ਬਲਤੇਜ ਪੰਨੂੰ ਨੇ ਟਰੱਸਟ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਜੈਕਟਾਂ ਨਾਲ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਮਕਾਨ ਬਣਾਉਣ ਦਾ ਮੌਕਾ ਮਿਲੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਸੁਪਨਾ ਹੈ ਕਿ ਪੰਜਾਬ ਮੁੜ ਰੰਗਲਾ ਬਣੇ ਅਤੇ ਹਰ ਪਰਿਵਾਰ ਕੋਲ ਆਪਣੀ ਛੱਤ ਹੋਵੇ। ਉਨ੍ਹਾਂ ਵਿਸ਼ਵਾਸ ਜਤਾਇਆ ਕਿ ਇਹ ਕਲੋਨੀ ਭਵਿੱਖ ਵਿੱਚ ਇੱਕ ਮਿਸਾਲ ਬਣੇਗੀ ਅਤੇ ਇਲਾਕੇ ਦੇ ਰਿਹਾਇਸ਼ੀ ਵਿਕਾਸ ਨੂੰ ਹੋਰ ਗਤੀ ਦੇਵੇਗੀ।

ਡਰਾਅ ਦੌਰਾਨ ਪਾਰਦਰਸ਼ਤਾ ਯਕੀਨੀ ਬਣਾਉਣ ਲਈ ਪੂਰੀ ਪਕਿਰਿਆ ਨੂੰ ਜਨਤਕ ਤੌਰ ’ਤੇ ਕੀਤਾ ਗਿਆ। ਅਰਜ਼ੀਕਾਰਾਂ ਦੇ ਨਾਮ ਕੰਪਿਊਟਰਾਈਜ਼ਡ ਪ੍ਰਣਾਲੀ ਰਾਹੀਂ ਚੁਣੇ ਗਏ ਅਤੇ ਨਤੀਜੇ ਤੁਰੰਤ ਸਕ੍ਰੀਨ ’ਤੇ ਦਿਖਾਏ ਗਏ।

ਇਸ ਦੌਰਾਨ ਚੇਅਰਮੈਨ ਨਗਰ ਸੁਧਾਰ ਟਰੱਸਟ ਬਠਿੰਡਾ ਦੇ ਸ੍ਰੀ ਜਤਿੰਦਰ ਸਿੰਘ ਭੱਲਾ ਨੇ ਦੱਸਿਆ ਕਿ ਇਨਕਲੇਵ ਵਿੱਚ ਵੱਖ-ਵੱਖ ਸਾਈਜ਼ ਦੇ ਰਿਹਾਇਸ਼ੀ ਅਤੇ ਵਪਾਰਕ ਪਲਾਟ ਰੱਖੇ ਗਏ ਹਨ। ਉਨ੍ਹਾਂ ਦੱਸਿਆ ਕਿ ਇਹ ਕਲੋਨੀ ਆਧੁਨਿਕ ਸਹੂਲਤਾਂ ਨਾਲ ਲੈਸ ਹੋਵੇਗੀ, ਜਿਸ ਵਿੱਚ ਪੱਕੀਆਂ ਸੜਕਾਂ, ਸੀਵਰੇਜ ਪ੍ਰਣਾਲੀ, ਪੀਣ ਵਾਲੇ ਪਾਣੀ ਦੀ ਸੁਵਿਧਾ, ਬਿਜਲੀ ਸਪਲਾਈ, ਸਟ੍ਰੀਟ ਲਾਈਟਾਂ ਅਤੇ ਹਰਿਆਲੀ ਲਈ ਖਾਸ ਥਾਵਾਂ ਸ਼ਾਮਲ ਕੀਤੀਆਂ ਜਾਣਗੀਆਂ। ਇਸ ਤੋਂ ਇਲਾਵਾ ਪਾਰਕ ਅਤੇ ਕਮਿਊਨਿਟੀ ਸੈਂਟਰ ਦੀ ਯੋਜਨਾ ਵੀ ਤਿਆਰ ਕੀਤੀ ਗਈ ਹੈ ਤਾਂ ਜੋ ਵਸਨੀਕਾਂ ਨੂੰ ਬਿਹਤਰ ਜੀਵਨ ਸਹੂਲਤਾਂ ਮਿਲ ਸਕਣ।

ਚੇਅਰਮੈਨ ਜਤਿੰਦਰ ਭੱਲਾ ਨੇ ਨਗਰ ਸੁਧਾਰ ਟਰੱਸਟ ਵੱਲੋਂ ਸ਼ਹਿਰ ਅੰਦਰ ਕਰਵਾਏ ਗਏ ਰਿਕਾਰਡ ਤੋੜ ਵਿਕਾਸ ਕਾਰਜਾਂ ਦਾ ਵੇਰਵਾ ਲੋਕਾਂ ਸਾਹਮਣੇ ਰੱਖਿਆ।

ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਟਰੱਸਟ ਵੱਲੋਂ ਸੜਕਾਂ ਦੀ ਮਰੰਮਤ, ਨਵੀਆਂ ਕਲੋਨੀਆਂ ਦਾ ਵਿਕਾਸ, ਪਾਰਕਾਂ ਦੀ ਸੁਧਾਰ, ਆਪਣਾ ਸਰਕਾਰੀ ਪੈਟਰੋਲ ਪੰਪ, ਸ਼ਹੀਦ ਕਰਤਾਰ ਸਿੰਘ ਸਰਾਭਾ ਸੈਰਗਾਹ ਅਤੇ ਸ਼ਹਿਰ ਦੀ ਸੁੰਦਰਤਾ ਵਧਾਉਣ ਲਈ ਕਈ ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸ਼ਹੀਦ ਭਗਤ ਸਿੰਘ ਇਨਕਲੇਵ ਵੀ ਇਸੇ ਕੜੀ ਦਾ ਹਿੱਸਾ ਹੈ ਅਤੇ ਇਸ ਨਾਲ ਸ਼ਹਿਰ ਦੇ ਵਿਕਾਸ ਨੂੰ ਨਵੀਂ ਦਿਸ਼ਾ ਮਿਲੇਗੀ।

ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਬਲੂ ਫੌਕਸ ਵਾਲੀ ਜਗ੍ਹਾ ਵਿਚ ਪਲਾਜੇ ਬਣਾਏ ਗਏ ਹਨ। ਉਨ੍ਹਾਂ ਕਿਹਾ ਕਿ ਇਹ ਦੋਵੇਂ ਪ੍ਰੋਜੈਕਟ ਅਕਾਲੀ ਦਲ ਦੀ ਸਰਕਾਰ ਸਮੇਂ ਤੋਂ ਲਟਕ ਰਹੇ ਸਨ, ਜਿੰਨ੍ਹਾਂ ਨੂੰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਕੰਮ ਕਰਨ ਦੀ ਇੱਛਾ ਸ਼ਕਤੀ ਦੁਆਰਾ ਪੂਰਾ ਕੀਤੇ ਹਨ।

ਇਸ ਮੌਕੇ,ਚੇਅਰਮੈਨ ਮਾਰਕੀਟ ਕਮੇਟੀ ਬਠਿੰਡਾ ਸ੍ਰੀ ਬਲਜੀਤ ਬੱਲੀ, ਟਰਸਟ ਦੇ ਮੈਂਬਰ ਅਚਲਾ ਸ਼ਰਮਾ,ਨਿਮਰਤ ਕੌਰ ਸੱਯੁਕਤ ਡਿਪਟੀ ਡਾਇਰੈਕਟਰ ਜੀਵਨ ਬਾਂਸਲ ਕਾਰਜ ਸਾਧਕ ਅਫਸਰ ਸ੍ਰੀ ਹਰਪ੍ਰੀਤ ਸਿੰਘ ਸੰਧੂ ਨਿਗਰਾਨ ਇੰਜੀਨੀਅਰ ਅਤੁਲ ਸ਼ਰਮਾ ਟਰੱਸਟ ਇੰਜੀਨੀਅਰ ਗੁਰਰਾਜ ਸਿੰਘ, ਸੇਲ ਇੰਚਾਰਜ ਗਗਨਦੀਪ ਸਿੰਘ ਅਤੇ ਸਮੁੱਚੇ ਟਰੱਸਟ ਦੇ ਸਟਾਫ ਮੈਂਬਰ ਆਦਿ ਵੀ ਹਾਜ਼ਰ ਵੀ ਸਨ।

# ਹੋਲਾ ਮਹੱਲਾ ਤੋ ਪਹਿਲਾ ਮੇਲਾ ਖੇਤਰ ਦੀ ਸਫਾਈ ਲਈ ਵਿਆਪਕ ਮੁਹਿੰਮ ਸੁਰੂ

**ਸ੍ਰੀ ਆਨੰਦਪੁਰ ਸਾਹਿਬ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਹੋਲਾ ਮਹੱਲਾਂ ਦੀਆਂ ਅਗਾਓ ਤਿਆਰੀਆਂ ਸੁਰੂ ਹੋ ਗਈਆਂ ਹਨ। ਕੀਰਤਪੁਰ ਸਾਹਿਬ ਵਿਚ 27 ਫਰਵਰੀ ਤੋ 1 ਮਾਰਚ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਚ 2 ਮਾਰਚ ਤੋ 4 ਮਾਰਚ ਤੱਕ ਹੋਲਾ ਮਹੱਲਾ ਤਿਉਹਾਰ ਮਨਾਇਆ ਜਾ ਰਿਹਾ ਹੈ, ਜਿੱਥੇ ਲੱਖਾਂ ਸੰਗਤਾਂ ਪਹੁੰਚਦੀਆਂ ਹਨ, ਇਸ ਲਈ ਮੇਲਾ ਖੇਤਰ ਦੀ ਵਿਆਪਕ ਸਫਾਈ ਦੀ ਮੁਹਿੰਮ ਸੁਰੂ ਹੋ ਗਈ ਹੈ।ਹਰਜੋਤ ਬੈਂਸ ਕੈਬਨਿਟ ਮੰਤਰੀ ਵਿਧਾਇਕ ਸ੍ਰੀ ਅਨੰਦਪੁਰ ਸਾਹਿਬ ਅਤੇ ਡਿਪਟੀ ਕਮਿਸ਼ਨਰ ਰੂਪਨਗਰ ਸ੍ਰੀ ਅਦਿੱਤਿਆ ਡੇਚਲਵਾਲ ਆਈ.ਏ.ਐਸ ਵੱਲੋਂ ਹੋਲਾ ਮਹੱਲਾ ਦੀਆਂ ਅਗਾਓ ਤਿਆਰੀਆਂ ਲਈ ਕੀਤੀਆ ਮੀਟਿੰਗਾਂ ਵਿੱਚ ਜਾਰੀ ਕੀਤੇ ਨਿਰਦੇਸ਼ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਨਗਰ ਕੋਂਸਲ ਤੇ ਨਗਰ ਪੰਚਾਇਤ ਕੀਰਤਪੁਰ ਸਾਹਿਬ ਵੱਲੋਂ ਸਫਾਈ ਮੁਹਿੰਮ ਸੁਰੂ ਕਰ ਦਿੱਤੀ ਹੈ। ਇਸ ਦੇ ਨਾਲ ਹੀ ਡਰੇਨਾਂ ਤੇ ਸੀਵਰ ਦੀ ਸਫਾਈ, ਕੂੜੇ ਦੀ ਡਪਿੰਗ ਨੂੰ ਯਕੀਨੀ ਬਣਾਇਆ ਗਿਆ ਹੈ। ਸੀਵਰਮੈਨ ਡਰੇਨਾ ਤੇ ਸੀਵਰ ਦੀ ਸਫਾਈ ਕਰ ਰਹੇ ਹਨ, ਨਗਰ ਕੌਂਸਲਾਂ ਵੱਲੋਂ ਗਿੱਲੇ ਤੇ ਸੁੱਕੇ ਕੂੜੇ ਦਾ ਵਿਸ਼ੇਸ਼ ਪ੍ਰਬੰਧਨ ਕੀਤਾ ਜਾ ਰਿਹਾ ਹੈ। ਸੀਵਰਮੈਨਾਂ ਦੀਆਂ ਟੀਮਾਂ ਡਰੇਨਾਂ ਦੀ ਸਫਾਈ ਕਰ ਰਹੀਆਂ ਹਨ, ਜਦਕਿ ਗਿੱਲੇ ਅਤੇ ਸੁੱਕੇ ਕੂੜੇ ਦੀ ਵੱਖ-ਵੱਖ ਇਕੱਠ ਅਤੇ ਨਿਯਮਿਤ ਨਿਕਾਸੀ ਲਈ ਵਾਧੂ ਟਰਾਲੀਆਂ ਤਾਇਨਾਤ ਕੀਤੀਆਂ ਗਈਆਂ ਹਨ ਸਿਹਤ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਭੀੜ ਵਾਲੇ ਇਲਾਕਿਆਂ ਵਿੱਚ ਪਾਣੀ ਦਾ ਛਿੜਕਾਓ ਅਤੇ ਫੋਗਿੰਗ ਨਿਯਮਿਤ ਤੌਰ ’ਤੇ ਕਰਵਾਈ ਜਾਵੇਗੀ ਤਾਂ ਜੋ ਧੂੜ ਅਤੇ ਮੱਛਰ-ਮੱਖੀਆਂ ਤੋਂ ਬਚਾਵ ਹੋ ਸਕੇ। ਮੇਲਾ ਖੇਤਰ ਵਿੱਚ ਕੂੜਾ ਡੰਪਿੰਗ ਲਈ ਨਿਰਧਾਰਤ ਥਾਵਾਂ ਬਣਾਈਆਂ ਗਈਆਂ ਹਨ ਅਤੇ ਸਫਾਈ ਕਰਮਚਾਰੀਆਂ ਦੀ ਡਿਊਟੀ ਸ਼ਿਫਟਾਂ ਵਿੱਚ ਲਗਾਈ ਗਈ ਹੈ। ਪ੍ਰਸ਼ਾਸਨ ਵੱਲੋਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਸਫਾਈ ਮੁਹਿੰਮ ਵਿੱਚ ਸਹਿਯੋਗ ਦੇਣ, ਕੂੜਾ ਨਿਰਧਾਰਤ ਡਸਟਬਿਨਾਂ ਵਿੱਚ ਹੀ ਪਾਉਣ ਅਤੇ ਧਾਰਮਿਕ ਮੇਲੇ ਨੂੰ ਸਾਫ਼-ਸੁਥਰਾ ਰੱਖਣ ਵਿੱਚ ਆਪਣਾ ਯੋਗਦਾਨ ਪਾਉਣ।

# ਖਾਲਸਾਈ ਸ਼ਾਨ ਦਾ ਪ੍ਰਤੀਕ ਹੋਲਾ ਮਹੱਲਾ ਸਿੰਗਲ ਯੂਜ਼ ਪਲਾਸਟਿਕ ਮੁਕਤ ਬਣਾਉਣ ਦੀ ਅਪੀਲ



**ਸ੍ਰੀ ਆਨੰਦਪੁਰ ਸਾਹਿਬ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਦੀ ਅਗਵਾਈ ਹੇਠ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਰੂਪਨਗਰ ਅਤੇ ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਸਾਂਝੇ ਤੌਰ ’ਤੇ ਹੋਲਾ ਮਹੱਲਾ ਮੌਕੇ ਗੁਰੂ ਨਗਰੀ ਨੂੰ ਸਿੰਗਲ ਯੂਜ਼ ਪਲਾਸਟਿਕ ਮੁਕਤ ਬਣਾਉਣ ਲਈ ਵਿਸ਼ਾਲ ਜਾਗਰੂਕਤਾ ਮੁਹਿੰਮ ਚਲਾਈ ਗਈ।

ਇਸ ਮੁਹਿੰਮ ਦੌਰਾਨ ਵਿਪਨ ਜਿੰਦਲ ਐਕਸ਼ਨ, ਸ਼ੁਭਮ ਪੁਰੀ ਐਸ.ਡੀ.ਓ, ਗੁਰਦੀਪ ਸਿੰਘ ਕਾਰਜ ਸਾਧਕ ਅਫਸਰ, ਮੁਕੇਸ਼ ਸ਼ਰਮਾ ਸੈਨੇਟਰੀ ਸੁਪਰਡੈਂਟ, ਮਦਨ ਲਾਲ ਸੈਨੇਟਰੀ ਇੰਸਪੈਕਟਰ, ਐਡਵੋਕੇਟ ਮਨਦੀਪ ਸਿੰਘ ਪ੍ਰੋਗਰਾਮ ਕੋਆਰਡੀਨੇਟਰ ਅਤੇ ਕੈਪਟਨ ਦਲਜੀਤ ਸਿੰਘ ਖਮੇੜਾ ਦੀ ਟੀਮ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਨੇੜੇ, ਸਬਜ਼ੀ ਮੰਡੀ, ਸ੍ਰੀ ਗੁਰੂ ਰਵਿਦਾਸ ਚੌਂਕ, ਕਚਹਿਰੀ ਰੋਡ, ਚੋਈ ਬਾਜ਼ਾਰ ਅਤੇ ਨਵੀਂ ਆਬਾਦੀ ਸਮੇਤ ਵੱਖ-ਵੱਖ ਬਾਜ਼ਾਰਾਂ ਵਿੱਚ ਜਾ ਕੇ ਵਪਾਰੀਆਂ, ਦੁਕਾਨਦਾਰਾਂ, ਰੇਹੜੀ-ਫੜੀ ਅਤੇ ਖੋਖਾ ਮਾਰਕੀਟ ਨਾਲ ਜੁੜੇ ਲੋਕਾਂ ਨੂੰ ਸਿੰਗਲ ਯੂਜ਼ ਪਲਾਸਟਿਕ ਦੇ ਨੁਕਸਾਨਾਂ ਬਾਰੇ ਜਾਣੂ ਕਰਵਾਇਆ।

ਟੀਮ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਸਬਜ਼ੀ ਮੰਡੀ ਤੋਂ ਖਰੀਦਦਾਰੀ ਸਮੇਂ ਕੱਪੜੇ ਜਾਂ ਜੂਟ ਦੇ ਥੈਲੇ ਵਰਤੇ ਜਾਣ ਅਤੇ ਹੋਲਾ ਮਹੱਲਾ ਮੌਕੇ ਬਾਜ਼ਾਰਾਂ ਵਿੱਚੋਂ ਖਿਡੌਣਿਆਂ ਸਮੇਤ ਹੋਰ ਸਮਾਨ ਪਲਾਸਟਿਕ ਦੇ ਲਿਫਾਫਿਆਂ ਵਿੱਚ ਨਾ ਲਿਆ ਜਾਵੇ।

ਸੰਗਤਾਂ ਨੂੰ ਇਹ ਵੀ ਦੱਸਿਆ ਗਿਆ ਕਿ ਪਲਾਸਟਿਕ ਨੂੰ ਨਸ਼ਟ ਹੋਣ ਵਿੱਚ ਸੈਂਕੜੇ ਸਾਲ ਲੱਗ ਜਾਂਦੇ ਹਨ, ਇਹ ਮਿੱਟੀ, ਦਰਿਆਵਾਂ ਅਤੇ ਪੀਣ ਵਾਲੇ ਪਾਣੀ ਨੂੰ ਪ੍ਰਦੂਸ਼ਿਤ ਕਰਦਾ ਹੈ ਅਤੇ ਪਲਾਸਟਿਕ ਸਾੜਨ ਨਾਲ ਜ਼ਹਿਰੀਲੀਆਂ ਗੈਸਾਂ ਨਿਕਲਦੀਆਂ ਹਨ, ਜੋ ਮਨੁੱਖੀ ਸਿਹਤ ਅਤੇ ਵਾਤਾਵਰਨ ਦੋਹਾਂ ਲਈ ਘਾਤਕ ਹਨ।

ਹੋਲਾ ਮਹੱਲਾ ਦੌਰਾਨ ਵਾਤਾਵਰਨ ਸੁਰੱਖਿਆ ਲਈ ਲੋਕਾਂ ਨੂੰ ਕੱਪੜੇ ਜਾਂ ਜੂਟ ਦੇ ਥੈਲੇ ਵਰਤਣ, ਲੰਗਰ ਸਟੀਲ, ਕੱਚ ਜਾਂ ਸੀਰੈਮਿਕ ਦੇ ਬਰਤਨਾਂ ਵਿੱਚ ਛਕਣ ਅਤੇ ਜੈਵਿਕ ਗਲਣਯੋਗ ਸਮਾਨ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਗਿਆ। ਪੱਤਲ, ਪੱਤੇ, ਬਾਂਸ ਅਤੇ ਲੱਕੜੀ ਤੋਂ ਬਣੇ ਬਰਤਨਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਦਿਆਂ ਕਿਹਾ ਗਿਆ ਕਿ ਆਓ ਅਸੀਂ ਆਪਣੀ ਮਹਾਨ ਵਿਰਾਸਤ ਦਾ ਜਸ਼ਨ ਮਨਾਉਂਦੇ ਹੋਏ ਆਪਣੇ ਵਾਤਾਵਰਨ ਦੀ ਸਾਂਭ-ਸੰਭਾਲ ਵੀ ਯਕੀਨੀ ਬਣਾਈਏ।

ਇਸ ਮੌਕੇ ਪੰਮਾ ਬੇਲਾ ਧਿਆਨੀ, ਪਰਮਜੀਤ ਸੋਨੂੰ, ਰਾਜ ਘਈ ਅਤੇ ਸ਼ਾਮ ਲਾਲ ਕਰੂਰਾ ਹਾਜ਼ਰ ਸਨ।

# ਧੂਰੀ ਸ਼ਹਿਰ ਵਾਸੀਆਂ ਨੂੰ ਮਿਲੀ ਵੱਡੀ ਸੌਗਾਤ — 10.76 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਸਰਵਿਸ ਰੋਡ ਦੇ ਕੰਮ ਦੀ ਸ਼ੁਰੂਆਤ

**ਧੂਰੀ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਧੂਰੀ ਸ਼ਹਿਰ ਦੇ ਵਿਕਾਸ ਨੂੰ ਨਵੀਂ ਦਿਸ਼ਾ ਦਿੰਦੇ ਹੋਏ ਅੱਜ ਸ਼ਹਿਰ ਵਿੱਚ ਕਵਰ ਕੀਤੇ ਗਏ ਸੂਏ ਦੇ ਦੋਨੋਂ ਪਾਸੇ ਕਰੀਬ 10.76 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਸਰਵਿਸ ਰੋਡ ਦੇ ਮਹੱਤਵਪੂਰਨ ਪ੍ਰੋਜੈਕਟ ਦੀ ਸ਼ੁਰੂਆਤ ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਤੇ ਡਾ. ਅਨਵਰ ਭਸੌੜ ਵੱਲੋਂ ਕਰਵਾਈ ਗਈ।

ਇਹ ਪ੍ਰੋਜੈਕਟ ਨਗਰ ਕੌਂਸਲ ਧੂਰੀ ਦੀ ਹੱਦ ਅੰਦਰ ਸਵਾ 14 ਕਿਲੋਮੀਟਰ ਤੱਕ ਫੈਲਿਆ ਹੋਇਆ ਹੈ, ਜਿਸ ਤਹਿਤ ਧੂਰਾ ਪਿੰਡ ਐਮ.ਸੀ ਲਿਮਿਟ ਤੋਂ ਬਾਗੜੀਆਂ ਟੀ-ਪੁਆਇੰਟ ਤੱਕ, ਜਗਤਪੁਰਾ ਤੋਂ ਬਰੜਵਾਲ ਸੜਕ ਅਤੇ ਮਨਸਾ ਦੇਵੀ ਮੰਦਰ ਰੋਡ, ਸੰਗਰੂਰ ਬਾਈਪਾਸ ਤੋਂ ਕਕੜਵਾਲ ਪੁੱਲ ਤੱਕ ਅਤੇ ਵਾਲੀਆ ਸਟੂਡੀਓ ਤੋਂ ਟਰੱਕ ਯੂਨੀਅਨ ਤੱਕ ਸਰਵਿਸ ਰੋਡ ਤਿਆਰ ਕੀਤੀ ਜਾਵੇਗੀ। ਪ੍ਰੋਜੈਕਟ ਤਹਿਤ ਇੱਕ ਪਾਸੇ ਇੰਟਰਲਾਕ ਟਾਈਲਾਂ ਲਗਾਈਆਂ ਜਾਣਗੀਆਂ ਜਦਕਿ ਦੂਜੇ ਪਾਸੇ ਲੁੱਕ ਵਾਲੀ ਪੱਕੀ ਸੜਕ ਬਣਾਈ ਜਾਵੇਗੀ, ਜਿਸ ਨਾਲ ਆਵਾਜਾਈ ਸੁਚਾਰੂ ਹੋਵੇਗੀ ਅਤੇ ਲੋਕਾਂ ਨੂੰ ਰਾਹਤ ਮਿਲੇਗੀ।

ਇਸ ਮੌਕੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਕਿਹਾ ਕਿ ਇਹ ਸਰਵਿਸ ਰੋਡ ਧੂਰੀ ਸ਼ਹਿਰ ਲਈ ਮੀਲ ਪੱਥਰ ਸਾਬਤ ਹੋਵੇਗੀ। ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੋਂ ਚੱਲ ਰਹੀ ਟ੍ਰੈਫਿਕ ਜਾਮ ਦੀ ਸਮੱਸਿਆ ਦਾ ਹੱਲ ਇਸ ਪ੍ਰੋਜੈਕਟ ਨਾਲ ਸੰਭਵ ਹੋਵੇਗਾ ਅਤੇ ਸ਼ਹਿਰ ਦੇ ਵਪਾਰੀਆਂ, ਰਹਿਣ ਵਾਲਿਆਂ ਅਤੇ ਰੋਜ਼ਾਨਾ ਆਉਣ-ਜਾਣ ਕਰਨ ਵਾਲਿਆਂ ਨੂੰ ਵੱਡੀ ਸਹੂਲਤ ਪ੍ਰਾਪਤ ਹੋਵੇਗੀ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਸ਼ਹਿਰੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।ਇਸ ਮੌਕੇ ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ, ਡਾਇਰੈਕਟਰ ਸਮਾਲ ਇੰਡਸਟਰੀਜ਼ ਪੰਜਾਬ ਅਨਿਲ ਮਿੱਤਲ, ਨਰੇਸ਼ ਸਿੰਗਲਾ, ਸਤਿੰਦਰ ਸਿੰਘ ਚੱਠਾ, ਐਮ.ਸੀ. ਬਲਵਿੰਦਰ ਸਿੰਘ, ਐਮ.ਸੀ. ਪੁਸ਼ਪਿੰਦਰ ਸ਼ਰਮਾ, ਐਮ.ਸੀ. ਮਨੀ, ਸੁਖਪਾਲ ਸਿੰਘ, ਰਮਨਦੀਪ ਸਿੰਘ, ਐਡਵੋਕੇਟ ਹੈਪੀ ਗਰਗ, ਸੁਖਪਾਲ ਸਿੰਘ ਪਾਲਾ, ਵੀਰਭਾਨ ਸਮੇਤ ਇਲਾਕਾ ਵਾਸੀ ਹਾਜ਼ਰ ਸਨ। ਸ਼ਹਿਰ ਵਾਸੀਆਂ ਨੇ ਇਸ ਮਹੱਤਵਪੂਰਨ ਪ੍ਰੋਜੈਕਟ ਦੀ ਸ਼ੁਰੂਆਤ ‘ਤੇ ਖੁਸ਼ੀ ਜਤਾਉਂਦਿਆਂ ਕਿਹਾ ਕਿ ਇਸ ਨਾਲ ਧੂਰੀ ਦੇ ਵਿਕਾਸ ਨੂੰ ਹੋਰ ਰਫ਼ਤਾਰ ਮਿਲੇਗੀ ਅਤੇ ਆਵਾਜਾਈ ਪ੍ਰਣਾਲੀ ਵਿੱਚ ਸੁਧਾਰ ਆਵੇਗਾ।

# ਵਿਧਾਇਕ ਹਰਮੀਤ ਸਿੰਘ ਸੰਧੂ ਨੇ ਕੱਚੇ ਮਕਾਨਾਂ ਨੂੰ ਪੱਕੇ ਕਰਨ ਲਈ 6 ਕਰੋੜ 45 ਲੱਖ ਰੁਪਏ ਦੇ ਮਨਜ਼ੂਰੀ ਪੱਤਰ ਵੰਡ

**ਤਰਨਤਾਰਨ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**




ਤਰਨ ਤਾਰਨ ਨਗਰ ਕੌਂਸਲ ਦਫ਼ਤਰ ਵਿਖੇ ਤਰਨ ਤਾਰਨ ਦੇ ਪੱਚੀ ਵਾਰਡਾਂ ਵਿਚ 258 ਕੱਚੇ ਮਕਾਨਾਂ ਨੂੰ ਪੱਕੇ ਕਰਨ ਲਈ ਹਲਕਾ ਵਿਧਾਇਕ ਤਰਨ ਤਾਰਨ ਹਰਮੀਤ ਸਿੰਘ ਸੰਧੂ ਵੱਲੋਂ 6 ਕਰੋੜ 45 ਲੱਖ ਰੁਪਏ ਦੇ ਮਨਜ਼ੂਰੀ ਪੱਤਰ ਵੰਡੇ ਗਏ।

ਇਸ ਮੌਕੇ ਵਿਧਾਇਕ ਹਰਮੀਤ ਸਿੰਘ ਸੰਧੂ ਨੇ ਦੱਸਿਆ ਕਿ ਜ਼ਿਮਨੀ ਚੋਣ ਵੇਲੇ ਲੋਕਾਂ ਨਾਲ ਵਾਅਦਾ ਕੀਤਾ ਗਿਆ ਸੀ ਕਿ ਜਿਨ੍ਹਾਂ ਲੋਕਾਂ ਨੇ ਮਕਾਨਾਂ ਨੂੰ ਪੱਕੇ ਕਰਨ ਅਰਜ਼ੀਆਂ ਨਗਰ ਕੌਂਸਲ ਵਿਚ ਦਿੱਤੀਆਂ ਗਈਆ ਸਨ, ਉਨ੍ਹਾਂ ਨੂੰ ਚੋਣ ਜ਼ਾਬਤਾ ਖ਼ਤਮ ਹੁੰਦੇ ਹੀ ਪਹਿਲ ਦੇ ਆਧਾਰ ’ਤੇ ਮਨਜ਼ੂਰੀ ਪੱਤਰ ਵੰਡੇ ਜਾਣਗੇ।

ਉਨ੍ਹਾਂ ਕਿਹਾ ਕਿ ਉਸ ਮੁਤਾਬਿਕ ਅੱਜ 258 ਕੱਚੇ ਮਕਾਨਾਂ ਨੂੰ ਪੱਕੇ ਕਰਨ ਲਈ 6 ਕਰੋੜ 45 ਲੱਖ ਰੁਪਏ ਦੇ ਮਨਜ਼ੂਰੀ ਪੱਤਰ ਵੰਡੇ ਗਏ ਹਨ।ਉਨ੍ਹਾਂ ਦੱਸਿਆ ਕਿ ਇਸ ਤਹਿਤ ਢਾਈ ਲੱਖ ਰੁਪਏ ਪ੍ਰਤੀ ਘਰ ਨੂੰ ਤਿੰਨ ਕਿਸ਼ਤਾਂ ਵਿੱਚ ਦਿੱਤੇ ਜਾਣਗੇ।

ਉਨ੍ਹਾਂ ਕਿਹਾ ਕਿ ਤਰਨ ਤਾਰਨ ਹਲਕੇ ਅੰਦਰ ਵੱਖ-ਵੱਖ ਵਿਕਾਸ ਕਾਰਜ ਪਹਿਲ ਦੇ ਅਧਾਰ ’ਤੇ ਕਰਵਾਏ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਜ਼ਿਮਨੀ ਚੋਣ ਵੇਲੇ ਲੋਕਾਂ ਨਾਲ ਜਿੰਨੇ ਵੀ ਵਾਅਦੇ ਕੀਤੇ ਗਏ ਸਨ, ਉਹ ਹੁਣ ਇਕ-ਇਕ ਕਰਕੇ ਪੂਰੇ ਕੀਤੇ ਜਾ ਰਹੇ ਹਨ।

ਇਸ ਮੌਕੇ ਕਾਰਜ ਸਾਧਕ ਅਫ਼ਸਰ ਤਰਨ ਤਾਰਨ ਕੰਵਲਜੀਤ ਸਿੰਘ, ਸਾਬਕਾ ਨਗਰ ਕੌਂਸਲ ਪ੍ਰਧਾਨ ਭੁਪਿੰਦਰ ਸਿੰਘ ਖੇੜਾ, ਨਵਰੂਪ ਸਿੰਘ ਸੰਧਾਵਾਲੀਆ, ਸਰਬਜਿੰਦਰ ਸਿੰਘ ਭਾਰੋਵਾਲ, ਸਰਬਜੀਤ ਸਿੰਘ ਭੁੱਲਰ, ਯਾਦਵਿੰਦਰ ਸਿੰਘ ਯਾਦੂ, ਨਵਰੂਪ ਸਿੰਘ ਸੰਧਾਵਾਲੀਆ,ਸਰਬਜੀਤ ਸਿੰਘ ਲਾਲੀ, ਸਵਿੰਦਰ ਮੱਲ੍ਹੀ, ਬਲਜਿੰਦਰ ਸਿੰਘ, ਅੰਜੂ ਵਰਮਾ, ਤਿਲਕ ਰਾਜ ਅਤੇ ਹੋਰ ਹਾਜ਼ਰ ਸਨ।

## ਗ਼ਜ਼ਲਾਂ



ਬਲਵਿੰਦਰ ਵਾਲੀਆ
94175-81242

ਮੇਰੇ ਹਰ ਗੀਤ ਨੂੰ,
ਤੇਰੇ ਸਾਜ਼ ਦੀ ਉਡੀਕ ਹੈ।
ਮਿੱਠੀ ਅਤੇ ਸੁਰੀਲੀ,
ਆਵਾਜ਼ ਦੀ ਉਡੀਕ ਹੈ।

ਆਪਸ ਵਿਚ ਜਦ ਕਦੇ,
ਦੂਰੀਆਂ ਨਹੀਂ ਦੇਖੀਆਂ,
ਬੇ-ਖ਼ਬਰੇ ਵਿਛੜੇ ਹਾਂ,
ਇਸ ਰਾਜ਼ ਦੀ ਉਡੀਕ ਹੈ।

ਮੈਂ ਅਪਣੀ ਆਸ ਤੋਂ,
ਬੇ-ਆਸਰਾ ਹਾਂ ਸੱਜਣਾ,
ਬਸ ਤੇਰੇ ਪਿਆਰ ਭਰੇ,
ਅੰਦਾਜ਼ ਦੀ ਉਡੀਕ ਹੈ।

ਤੇਰੇ ਬਿਨਾਂ ਸਧਰਾਂ,
ਕਿਵੇਂ ਪੁਗਾਵਾਂ ਸਾਥੀਆ,
ਕੁਝ ਬੇ-ਸਬਰਾ ਹਾਂ,
ਤੇਰੇ ਨਾਜ਼ ਦੀ ਉਡੀਕ ਹੈ।

ਮੇਰੇ ਅਰਮਾਨ ਮੈਨੂੰ,
ਪਾਗ਼ਲ ਸਮਝਦੇ ਨੇ,
ਪਿੰਜਰੇ ਦਾ ਪੰਛੀ ਹਾਂ,
ਪਰਵਾਜ਼ ਦੀ ਉਡੀਕ ਹੈ।

ਮੇਰਾ ਪਰਛਾਵਾਂ ਉਸ ਦਾ,
ਸਾਥ ਨਹੀਂ ਛੱਡਦਾ,
ਮੈਨੂੰ ਮੇਰੇ ਵਿਛੜੇ,
ਹਮਰਾਜ਼ ਦੀ ਉਡੀਕ ਹੈ।

ਪਰਮਾਤਮਾ ਹੀ ਸਾਰੇ,
ਜਗ ਦਾ ਰੱਖਵਾਲਾ ਏ,
ਬਸ ਉਸ ਦੇ ਮਿਹਰ ਭਰੇ,
ਅੰਦਾਜ਼ ਦੀ ਉਡੀਕ ਹੈ।

---

ਜਦੋਂ ਗਹੁ ਨਾਲ ਫੈਲਿਆ,
ਅਰਸ਼ ਦੇਖਦੀ ਹਾਂ।
ਦੂਰ ਅਤੀਤ 'ਚ ਗੁਆਚੇ,
ਨਕਸ਼ ਦੇਖਦੀ ਹਾਂ।

ਕਦੇ ਦੌੜਦੀ ਹਾਂ ਚਿਹਰੇ ਨੂੰ,
ਸਜਾਉਣ ਖ਼ਾਤਰ,
ਪਰ ਦੂਜੇ ਹੀ ਪਲ਼ ਆਪਣਾ,
ਲਕਸ਼ ਦੇਖਦੀ ਹਾਂ।

ਹੱਥ ਕਲਮ ਫੜਾ ਕੇ,
ਛੱਡ ਗਿਆ ਮੈਨੂੰ,
ਯਾਦਾਂ 'ਚ ਖੜ੍ਹਾ ਕਿਤੇ,
ਉਹ ਸ਼ਖ਼ਸ਼ ਦੇਖਦੀ ਹਾਂ।

ਮੇਰੀ ਹਯਾਤੀ ਹੀ ਕੀ ਹੈ,
ਕਿਣਕਾ ਮਿੱਟੀ ਦਾ,
ਮੇਰੇ ਲਈ ਕਿਸ ਕੰਮ ਤੇਰਾ,
ਇਹ ਵੱਡਾ ਅਕਸ਼ ਦੇਖਦੀ ਹਾਂ।

ਖ਼ਿਤਾਬ ਦਿੱਤਾ ਜਿਹਨੂੰ ਤੁਸੀਂ,
ਠੰਢਾ ਯਖ਼ ਹੋਣ ਦਾ,
ਮੈਂ ਹਰ ਪਲ ਉਸਦੇ,
ਸੀਨੇ ਦੀ ਤਪਸ਼ ਦੇਖਦੀ ਹਾਂ।

ਨਾ ਸਜਾ ਤੂੰ ਸੁਪਨੇ,
ਮੇਰੇ ਨਾਲ ਵਰ ਮੇਚਣ ਦੇ,
ਤੂੰ ਪ੍ਰਾਪਤੀਆਂ ਨੂੰ ਤੱਕਦੈਂ ਤੇ,
ਮੈਂ ਸੰਘਰਸ਼ ਦੇਖਦੀ ਹਾਂ।



ਡਾ. ਜਸਵੀਰ ਕੌਰ ਭੱਲਮਾਜਰਾ
98157-32852

---

ਹੱਥੀਂ ਕਰਨੀ ਕਿਰਤ ਸਿਖਾਵੇ,
ਲਾਲੋ ਵਰਗਾ ਬਾਪੂ।
ਚੰਗੀ ਜੀਵਨ ਜੁਗਤ ਸਿਖਾਵੇ,
ਲਾਲੋ ਵਰਗਾ ਬਾਪੂ।

ਸਬਰ ਸਿਦਕ ਦਾ ਪੱਲਾ ਫੜ ਕੇ,
ਰਾਹ ਸਚਿਆਰੇ ਤੁਰਨਾ,
ਗ਼ੈਰਤ ਦੀ ਕੀ ਵੁੱਕਤ ਸਿਖਾਵੇ,
ਲਾਲੋ ਵਰਗਾ ਬਾਪੂ।

ਵੱਡਿਆਂ ਦਾ ਸਤਿਕਾਰ ਕਰੋ ਤੇ,
ਨਿੱਕਿਆਂ ਨੂੰ ਗਲਵੱਕੜੀ,
ਸਭ ਦੀ ਕਰਨੀ ਇੱਜ਼ਤ ਸਿਖਾਵੇ,
ਲਾਲੋ ਵਰਗਾ ਬਾਪੂ।

ਬਿਪਤਾ ਨੂੰ ਵੀ ਹੱਸ ਕੇ ਜਰਨਾ,
ਢਾਹ ਨਾ ਬਹਿਣਾ ਢੇਰੀ,
ਰੱਖਣੀ ਡਾਢੀ ਹਿੰਮਤ ਸਿਖਾਵੇ,
ਲਾਲੋ ਵਰਗਾ ਬਾਪੂ।

ਲੋੜ ਪਈ 'ਤੇ ਕੰਮ ਦੂਜੇ ਦੇ,
ਆਉਣੋਂ ਨਾ ਕਤਰਾਉਣਾ,
ਨਿੱਜ ਤੋਂ ਪਰ ਦੀ ਪੜ੍ਹਤ ਸਿਖਾਵੇ,
ਲਾਲੋ ਵਰਗਾ ਬਾਪੂ।

ਮਿਹਨਤ ਦਾ ਫਲ਼ ਮਿੱਠਾ ਹੁੰਦਾ,
ਆਲਸ ਦੂਰ ਭਜਾਉਣਾ,
ਆਉਂਦੀ ਨਾ ਫਿਰ ਦਿੱਕਤ ਸਿਖਾਵੇ,
ਲਾਲੋ ਵਰਗਾ ਬਾਪੂ।

ਕਰੇ ਜ਼ਮਾਨਾ ਯਾਦ ਹਮੇਸ਼ਾਂ,
ਕਰਦੈ ਕੰਮ ਵਿਲੱਖਣ ਜੋ,
'ਬੋਪਾਰਾਏ' ਸਿਫ਼ਤ ਸਿਖਾਵੇ,
ਲਾਲੋ ਵਰਗਾ ਬਾਪੂ।



ਭੁਪਿੰਦਰ ਸਿੰਘ ਬੋਪਾਰਾਏ
98550-91442

---



ਗੁਰਪ੍ਰੀਤ ਸਿੰਘ ਰੰਗੀਲਪੁਰ
98552-07071

ਤਬਾਹੀ ਵੱਲ ਵੱਧ ਰਿਹਾ ਸੰਸਾਰ ਹੈ।
ਫੇਰ ਮਨੁੱਖਤਾ ਹੋਈ ਸ਼ਰਮਸ਼ਾਰ ਹੈ।

ਦੂਜੇ ਨੂੰ ਥੱਲੇ ਲਾ ਕੇ ਚਾਹੁੰਦਾ ਹੈ ਰੱਖਣਾ,
ਕੁਝ ਨਹੀਂ ਬਸ ਇਹ ਬੰਦੇ ਦਾ ਹੰਕਾਰ ਹੈ।

ਗੜਿਆਂ ਵਾਂਗੂ ਗੋਲ਼ੇ ਡਿੱਗੇ ਅੰਬਰੋਂ,
ਪਲਾਂ 'ਚ ਲੱਗਿਆ ਲਾਸ਼ਾਂ ਦਾ ਅੰਬਾਰ ਹੈ।

ਜਾਤ, ਧਰਮ ਤੇ ਰਾਸ਼ਟਰ ਦੇ ਨਾਮ 'ਤੇ,
ਬੰਦੇ ਖੁੱਲ੍ਹਕੇ ਕੀਤਾ ਅੱਤਿਆਚਾਰ ਹੈ।

ਅਮਨ ਦਾ ਦੁਸ਼ਮਣ ਆ ਜਾਵੇਗਾ ਸਾਹਮਣੇ,
ਕੋਈ ਨਾ ਕੋਈ ਤਾਂ ਗ਼ੈਰ-ਜ਼ਿੰਮੇਵਾਰ ਹੈ।



---

• ਗੁਰਪ੍ਰੀਤ ਕੌਰ 'ਚਹਿਲ'
90565-26703

ਮਿੰਨੀ ਕਹਾਣੀ

## ਕਹਿਣੀ ਤੇ ਕਰਨੀ



'ਬੱਚਿਓ ਇੱਕੀਵੀਂ ਸਦੀ ਦਾ ਯੁੱਗ ਹੈ। ਸਾਨੂੰ ਅੰਧਵਿਸ਼ਵਾਸਾਂ ਅਤੇ ਵਹਿਮਾਂ-ਭਰਮਾਂ ਵਿਚ ਬਿਲਕੁਲ ਨਹੀਂ ਫਸਣਾ ਚਾਹੀਦਾ, ਕਿਉਂਕਿ ਵਿਗਿਆਨ ਤੇ ਤਕਨਾਲੋਜੀ ਨੇ ਅਥਾਹ ਤਰੱਕੀ ਕਰ ਲਈ ਹੈ'। ਸਵੇਰ ਦੀ ਸਭਾ ਵਿਚ ਸਾਇੰਸ ਦੀ ਅਧਿਆਪਕਾ ਵਿਦਿਆਰਥੀਆਂ ਨੂੰ ਅੰਧ-ਵਿਸ਼ਵਾਸਾਂ ਖਿਲਾਫ਼ ਜਾਗਰੂਕ ਕਰਨ ਹਿੱਤ ਭਾਸ਼ਣ ਦੇ ਰਹੇ ਸਨ। ਸਭਾ ਖ਼ਤਮ ਹੋਣ ਉਪਰੰਤ ਸਾਰੇ ਵਿਦਿਆਰਥੀ ਆਪਣੀਆਂ ਜਮਾਤਾਂ ਵਿਚ ਜਾ ਕੇ ਪੜ੍ਹਾਈ ਵਿਚ ਮਸ਼ਰੂਫ ਹੋ ਗਏ।

ਦੁਪਹਿਰ ਵੇਲੇ ਅੱਧੀ ਛੁੱਟੀ ਦੀ ਘੰਟੀ ਵਜਦਿਆਂ ਹੀ ਰੋਜ਼ਾਨਾ ਦੀ ਤਰ੍ਹਾਂ ਸਾਰੇ ਅਧਿਆਪਕ ਖਾਣਾ ਖਾਣ ਲਈ ਸਟਾਫ਼ ਰੂਮ ਵਿਚ ਬੈਠ ਗਏ। ਮੈਡਮ ਨਵਨੀਤ ਦੇ ਚਿਹਰੇ 'ਤੇ ਉਦਾਸੀ ਦੇਖ ਕੇ ਸਾਰਿਆਂ ਨੇ ਇਸ ਦਾ ਕਾਰਨ ਪੁੱਛਿਆ ਤਾਂ ਉਹ ਕਹਿਣ ਲੱਗੇ, 'ਪੰਦਰਾਂ ਦਿਨਾਂ ਤੋਂ ਬੇਟੇ ਨੂੰ ਟਾਈਫਾਇਡ ਹੈ। ਡਾਕਟਰ ਦੀ ਦਵਾਈ ਨਾਲ ਕੋਈ ਫ਼ਰਕ ਹੀ ਨਹੀਂ ਪੈ ਰਿਹਾ। ਅੱਜ ਡਾਕਟਰ ਬਦਲ ਕੇ ਵੇਖਦੇ ਹਾਂ'।

ਸਾਇੰਸ ਅਧਿਆਪਕਾ ਰੁਪਿੰਦਰ ਨੇ ਗੱਲ ਵਿੱਚੋਂ ਟੋਕਦਿਆਂ ਨਸੀਹਤ ਦਿੱਤੀ , 'ਮੈਡਮ ਨਿਰਾ-ਪੁਰਾ ਡਾਕਟਰਾਂ 'ਤੇ ਨਿਰਭਰ ਨਾ ਰਹੋ। ਲਾਗਲੇ ਪਿੰਡ ਇਕ ਸਿਆਣਾ ਟਾਈਫਾਇਡ ਵਾਸਤੇ ਪਾਣੀ ਕਰ ਕੇ ਦਿੰਦਾ ਹੈ, ਨਾਲੇ ਧਾਗਾ ਵੀ ਗਲ਼ 'ਚ ਪਾਉਣ ਨੂੰ। ਸੁਣਿਐ ਧਾਗਾ ਪਾਉਣ ਸਾਰ ਪਹਿਲੇ ਦਿਨ ਹੀ ਮਰੀਜ਼ ਨੂੰ ਫ਼ਰਕ ਪੈਣ ਲੱਗ ਜਾਂਦਾ ਵਾ'।

ਮੈਡਮ ਦੇ ਇਹ ਸ਼ਬਦ ਮੇਰੇ ਮੱਥੇ ਵਿਚ ਹਥੌੜੇ ਵਾਂਗ ਵੱਜੇ। ਸਵੇਰ ਦੀ ਸਭਾ ਵਾਲੇ ਇਹ ਸ਼ਬਦ 'ਬੱਚਿਓ, ਇੱਕੀਵੀਂ ਸਦੀ ਦਾ ਯੁਗ ਹੈ'। ਮੇਰੇ ਕੰਨਾਂ ਵਿਚ ਜ਼ੋਰ-ਸ਼ੋਰ ਨਾਲ ਗੂੰਜਣ ਲੱਗੇ। ਕਹਿਣੀ ਤੇ ਕਰਨੀ ਵਿਚ ਫ਼ਰਕ ਤਲਾਸ਼ਦੀ ਹੋਈ ਮੈਂ ਡਾਇਰੀ ਚੁੱਕ ਕੇ ਪੀਰੀਅਡ ਲਗਾਉਣ ਚੱਲ ਪਈ। •

---

# ਬੇਦਰਦ ਝੱਖੜਾਂ ਦਾ ਝੰਬਿਆ

## ਬਸੰਤ ਕੁਮਾਰ ਰਤਨ



ਸੀ. ਮਾਰਕੰਡਾ
94172-72161

*ਬਸੰਤ ਕੁਮਾਰ ਸੁਲਝਿਆ ਨਾਵਲਕਾਰ, ਕਥਾ ਲੇਖਕ ਤੇ ਕਵੀ ਹੈ। ਉਸ ਦੀਆਂ ਰਚਨਾਵਾਂ ਪੜ੍ਹਕੇ ਹੈਰਾਨ ਹੋ ਜਾਈਦਾ ਕਿ ਉਹ ਐਨਾ ਕੁਝ ਕਿੱਥੋਂ ਤੇ ਕਿਵੇਂ ਸਿਖ ਗਿਆ। ਵਿਸ਼ਵਵਿਦਿਆਲੇ ਦਾ ਖੋਜੀ ਵਿਦਿਆਰਥੀ ਤਾਂ ਕਦੀ ਰਿਹਾ ਨਹੀਂ...*

ਬਸੰਤ ਕੁਮਾਰ ਰਤਨ ਇਕ ਫ਼ੱਕਰ ਤੇ ਦਰਵੇਸ਼ ਤਬੀਅਤ ਵਾਲਾ ਬੰਦਾ ਹੈ। ਬੰਦਾ ਉਸ ਨੂੰ ਮੈਂ ਇਸ ਲਈ ਆਖਿਆ ਕਿਉਂਕਿ ਉਸ ਦਾ ਮਿਜ਼ਾਜ ਬਿਲਕੁਲ ਹੀ ਬੰਦਿਆਂ ਵਰਗਾ ਹੈ ਜੋ ਮੰਦਾ ਨਹੀਂ, ਚੰਗਾ ਹੈ। ਮਾਨਵੀ ਗੁਣਾਂ ਨਾਲ ਭਰਪੂਰ ਜਿਸ ਵਿਚ ਕੁਝ ਊਣਤਾਈਆਂ ਵੀ ਹੋਣਗੀਆਂ ਪਰੰਤੂ ਔਗੁਣਾਂ ਵਰਗੀਆਂ ਨਹੀਂ। ਮੈਥੋਂ ਉਸ ਨੂੰ ਬਗ਼ਾਵਤ ਦਾ ਮੁਜੱਸਮਾ ਨਹੀਂ ਆਖਿਆ ਜਾਂਦਾ। ਅਜਿਹਾ ਕਹਿਣ ਤੋਂ ਮੈਂ ਇਸ ਲਈ ਵੀ ਹਿਚਕਚਾਉਂਦਾ ਹਾਂ ਕਿਉਂਕਿ ਬਸੰਤ ਕੁਮਾਰ ਰਤਨ ਆਪਣੀਆਂ ਵਿਪਰੀਤ ਪ੍ਰਸਥਿਤੀਆਂ ਨਾਲ ਟੱਕਰ ਨਹੀਂ ਲੈ ਸਕਦਾ। ਦਿਨ ਕਟੀ ਵਿਚ ਯਕੀਨ ਰੱਖਣ ਵਾਲਾ ਇਹ ਆਦਮੀ ਹਾਲਾਤ ਨਾਲ ਸਮਝੌਤਾ ਕਰ ਕੇ ਜਿਉਣ ਵਿਚ ਵਿਸ਼ਵਾਸ ਰੱਖਦਾ ਹੈ।

ਬਸੰਤ ਕੁਮਾਰ ਅੰਦਰ-ਵਿਦਰੋਹ ਦੀ ਚਿਣਗ ਤਾਂ ਜ਼ਰੂਰ ਮਘਦੀ ਹੈ ਪਰ ਉਸ ਦੀ ਸਥਿਤੀ ਹਾਰੇ 'ਚ ਧੁਖ਼ਦੀ ਉਸ ਪਾਥੀ ਵਰਗੀ ਹੈ ਜੋ ਅੱਗ ਭਬੂਕਾ ਬਣਕੇ ਮੱਚਣਾ ਤਾਂ ਚਾਹੁੰਦੀ ਹੈ ਪ੍ਰੰਤੂ ਉਸ 'ਤੇ ਧਰੀ ਦੁੱਧ ਦੀ ਕੜ੍ਹਦੀ ਕਾੜ੍ਹਨੀ ਦੀ ਹੋਂਦ ਵਾਂਗ ਦਾਬੂ ਹੋ ਕੇ ਉਸ ਨੂੰ ਅਜਿਹਾ ਕਰਨੋਂ ਵਰਜਦੀ ਹੈ। ਇਹੀ ਵਰਤਾਰਾ ਉਸ ਦੇ ਬਚਪਨ ਤੋਂ ਲੈ ਕੇ ਹੁਣ ਤਕ ਦੇ ਕਈ ਮਿੱਤਰਾਂ ਨਾਲ ਰਿਹਾ ਹੈ। ਜਿਨ੍ਹਾਂ ਉਸ ਦੀ ਸਾਹਿਤਕ ਅਤੇ ਵਿੱਦਿਅਕ ਪ੍ਰਤਿਭਾ ਨੂੰ ਵਿਗਸਣ ਨਹੀਂ ਦਿੱਤਾ।

ਬਸੰਤ ਕੁਮਾਰ ਪਤਾ ਨਹੀਂ ਕਿਸ ਗੁੱਟ ਵਿਚ ਘਿਰਿਆ ਰਿਹਾ ਕਿ ਉਸ ਨੂੰ ਉਹ ਮੌਕੇ ਪ੍ਰਦਾਨ ਨਹੀਂ ਹੋ ਸਕੇ ਜਿਨ੍ਹਾਂ ਸਦਕਾ ਉਸ ਨੇ ਆਪਣੀ ਕਾਵਿਕ ਅਤੇ ਗਲਪੀ ਸਮਰੱਥਾ ਨੂੰ ਪੇਸ਼ ਕਰਨ ਦੇ ਯੋਗ ਹੋਣਾ ਸੀ। ਇਸ ਬਦਨਸੀਬੀ ਦਾ ਜ਼ਿਕਰ ਉਹ ਆਪਣੀ ਮਲਵੀਂ ਜਿਹੀ ਜੀਭ ਨਾਲ ਆਪਣੀ ਸਵੈ-ਜੀਵਨੀ 'ਕਾਫ਼ਰ' ਵਿਚ ਵੀ ਕਰਦਾ ਹੈ ਪਰ ਇਹ ਮਸਤਾਨਾ ਬੰਦਾ ਜਿਸ ਨੂੰ ਚੜ੍ਹੀ-ਲੱਥੀ ਦੀ ਭੋਰਾ ਵੀ ਨਹੀਂ ਫਿਰ ਵੀ ਅਜਿਹੀਆਂ ਸਥਿਤੀਆਂ ਵਿਚ ਆਪਣੇ ਹੀ ਰੰਗ ਵਿਚ ਰੰਗਿਆ ਨਿਸ਼ਚਿੰਤ ਤੇ ਬੇਪ੍ਰਵਾਹੀ ਵਿਚ ਗਲਤਾਨ ਹੈ। ਕਈ ਵਾਰੀ ਨਿਰਾਸ਼ਾ ਦੇ ਆਲਮ ਵਿਚ ਡੁੱਬਿਆ ਬਸੰਤ ਕੁਮਾਰ ਆਪਣੇ ਮਿੱਤਰਾਂ ਦੀ ਦਗੇਬਾਜ਼ੀ ਅਤੇ ਯਾਰਮਾਰੀ ਤੇ ਹੰਝੂ ਕੇਰਦਾ ਹੋਇਆ ਉਦਾਸੀਨ ਮੁਦਰਾ ਵਿਚ ਉਨ੍ਹਾਂ ਦਾ ਨਿੰਦਕ ਬਣ ਬਹਿੰਦਾ ਹੈ ਪਰ ਖੁੰਦਕੀ ਨਹੀਂ।

ਬਸੰਤ ਕੁਮਾਰ ਫ਼ਰਵਰੀ 1937 ਵਿਚ ਬਠਿੰਡੇ ਜਨਮਿਆ ਤੇ ਨਾਨਕਿਆਂ ਨੇ ਇਸ ਦਾ ਨਾਂ ਸੋਮ ਦੱਤ ਧਰਿਆ ਜੋ ਦਾਦਕਿਆਂ ਨੂੰ ਨਹੀਂ ਭਾਇਆ। ਉਸ ਦੇ ਪਿਤਾ ਪੰਡਿਤ ਅਮਰ ਨਾਥ ਰਤਨ ਜੋ ਕਿੱਤੇ ਵਜੋਂ ਹਲਵਾਈ ਦੀ ਦੁਕਾਨ ਕਰਿਆ ਕਰਦੇ ਸਨ ਨੂੰ ਜਦੋਂ ਬਠਿੰਡੇ ਤੋਂ ਹਲਦੀ ਦੇ ਛਿੜਕਾ ਵਾਲੀ ਮੁੰਡਾ ਜੰਮਣ ਦੀ ਸ਼ਗਨਾਂ ਵਾਲੀ ਚਿੱਠੀ ਮਿਲੀ ਤਾਂ ਉਨ੍ਹਾਂ ਉਸ ਦਾ ਨਾਂ ਬਦਲ ਕੇ ਬਸੰਤ ਧਰ ਦਿੱਤਾ ਕਿਉਂਕਿ ਉਸ ਦਿਨ ਬਸੰਤ ਪੰਚਮੀ ਦਾ ਤਿਉਹਾਰ ਸੀ। 'ਕੁਮਾਰ' ਇਸ ਨੇ ਆਪਣੇ ਨਾਂ ਨਾਲ ਬਾਅਦ ਵਿਚ ਜੋੜ ਲਿਆ। ਬਸੰਤ ਕੁਮਾਰ ਭਾਵੇਂ ਖ਼ੁਦ ਨੂੰ ਕਿਸਮਤ ਦਾ ਮਾਰਿਆ ਸਮਝਦਾ ਹੋਵੇ ਪਰ ਉਸ ਤੋਂ ਇਹ ਕਦੀ ਹਾਰਿਆ ਨਹੀਂ। ਇਸ ਵਿਚ ਹੀ ਉਸ ਨੂੰ ਖ਼ੁਸ਼ੀ ਅਤੇ ਤਸੱਲੀ ਮਿਲਦੀ ਹੈ। ਉਸ ਨੇ ਸ਼ੁਹਰਤ ਅਤੇ ਦੌਲਤ ਨੂੰ ਕਦੀ ਵੀ ਆਪਣਾ ਉਦੇਸ਼ ਨਹੀਂ ਮਿਥਿਆ ਪ੍ਰੰਤੂ ਗਿਆਨ, ਅਧਿਐਨ ਅਤੇ ਸਿਜਰਣਾ ਨੂੰ ਹੀ ਆਪਣਾ ਮਨੋਰਥ ਬਣਾਇਆ। ਇਹ ਜਜ਼ਬਾ 'ਤੇ ਬੇਪਰਵਾਹੀ ਉਸ ਦੀ ਸਾਹਿਤਕ ਅਤੇ ਹੁਨਰਮੰਦ ਪ੍ਰਤਿਭਾ ਨੂੰ ਖ਼ੂਬਸੂਰਤ ਬਣਾਉਣ ਦਾ ਸਬੱਬ ਬਣੀ।

ਬਸੰਤ ਸਾਡੇ ਬਰਨਾਲਵੀ ਲੇਖਕ ਭਾਈਚਾਰੇ ਦਾ ਰਤਨ ਹੈ। ਨਗੀਨਾ, ਬਸੰਤੀ ਰੁੱਤ ਵਰਗਾ ਜਿਸ ਦੀ ਸੂਰਤ ਵਿੱਚੋਂ ਸਰ੍ਹੋਂ ਰੰਗੇ ਫੁੱਲ ਦੀ ਭਾਹ ਆਉਂਦੀ ਹੈ ਤੇ ਸੀਰਤ ਕਿਸੇ ਫ਼ਰਿਸ਼ਤੇ ਵਰਗੀ। ਇਹ ਤਸ਼ਬੀਹ ਮੈਥੋਂ ਸੁਭਾਵਕ ਹੀ ਉਸ ਦੇ ਨਾਂ 'ਬਸੰਤ' ਕਰਕੇ ਦਿੱਤੀ ਗਈ। ਅਸਲ 'ਚ ਉਹ ਬਸੰਤੀ ਨਹੀਂ, ਬੱਤਖ਼ ਦੇ ਖੰਭਾਂ ਵਰਗੀ ਪੁਸ਼ਾਕ ਪਹਿਨਣ ਵਾਲਾ ਸਾਧੂ ਸੁਭਾਅ ਦਾ ਲੇਖਕ ਹੈ। ਉਸ ਦੀ ਮੂਰਤ ਗੋਲ-ਮਟੋਲ ਹੈ ਅਤੇ ਸੂਰਤ ਕੈਂਚੀ ਨਾਲ ਕੁਤਰੀ ਦਾੜ੍ਹੀ ਬੜੀ ਜਚਵੀਂ ਨਜ਼ਰ ਆਉਂਦੀ ਹੈ। ਮੈਂ ਉਸ ਨੂੰ ਸੱਤਰਵਿਆਂ ਤੋਂ ਇਸੇ ਤਰ੍ਹਾਂ ਹੀ ਦੇਖਦਾ ਆਇਆ ਹਾਂ।

ਬਸੰਤ ਕੁਮਾਰ ਸਾਹਿਤਕ ਗੋਸ਼ਟੀਆਂ ਵਿਚ ਜਾਂ ਆਮ ਸਧਾਰਣ ਰੂਪ ਵਿਚ ਜਦੋਂ ਵੀ ਬੋਲਦਾ ਹੈ ਤਾਂ ਮੁੱਲ ਦੀ ਗੱਲ ਕਰਦਾ ਹੈ। ਸੈਂਕੋਚਵੀਂ ਪ੍ਰੈਸੀ ਨੁਮਾ ਭਾਸ਼ਾ ਵਿਚ, ਚੰਗੀ ਤਰ੍ਹਾਂ ਤੋਲਕੇ ਬੋਲੇਗਾ, ਧੀਮੀ ਗਤੀ ਵਿਚ। ਉਸ ਦਾ ਇਹ ਅੰਦਾਜ਼ ਵੀ ਪਿਆਰਾ ਤੇ ਨਿਆਰਾ ਲੱਗਦਾ ਹੈ। ਉਹ ਵਿਦਵਾਨ ਪੰਡਿਤ ਹੈ। ਭਾਸ਼ਾ ਵਿਗਿਆਨੀ, ਕਈ ਲਿੱਪੀਆਂ ਤੇ ਬੋਲੀਆਂ ਦਾ ਵਾਕਫ਼। ਉਸ ਨੇ ਅਕੈਡਮਿਕ ਤਾਲੀਮ ਸਕੂਲਾਂ-ਕਾਲਜਾਂ ਵਿਚ ਦਾਖ਼ਲਾ ਲੈ ਕੇ ਹਾਸਲ ਨਹੀਂ ਕੀਤੀ ਸਗੋਂ ਤੁਰ ਫਿਰਕੇ ਵਾਇਆ ਬਠਿੰਡਾ ਐਮਏ, ਬੀਐੱਡ ਤਕ ਦੀਆਂ ਡਿਗਰੀਆਂ ਕੁੱਟੀ ਬੈਠਾ ਹੈ। ਉਰਦੂ ਦੀ ਅਦੀਬ, ਅਦੀਬ ਆਲਮ ਅਤੇ ਅਦੀਬ ਫਾਜ਼ਲ, ਪੰਜਾਬੀ ਦੀ ਵਿਦਵਾਨੀ, ਬੁੱਧੀਮਾਨੀ ਅਤੇ ਗਿਆਨੀ, ਹਿੰਦੀ ਦੀ ਰਤਨ, ਭੂਸ਼ਣ ਅਤੇ ਪ੍ਰਭਾਕਰ। ਅਲਾਹਾਬਾਦ ਯੂਨੀਵਰਸਿਟੀ ਤੋਂ ਧਰਮ ਰਤਨ ਅਤੇ ਆਯੁਰਵੈਦ ਦੀਆਂ ਪ੍ਰੀਖਿਆਵਾਂ ਵੀ ਪਾਸ ਕਰ ਰੱਖੀਆਂ ਹਨ।



ਉਨ੍ਹਾਂ ਦੇ ਪਿਤਾ ਪੰਡਤ ਅਮਰਨਾਥ ਰਤਨ ਆਪਣੇ ਵੇਲੇ ਦੇ ਮੰਨੇ-ਪ੍ਰਮੰਨੇ ਕਲਾਕਾਰ ਸਨ ਤੇ ਥੀਏਟਰ ਨਾਲ ਜੁੜੇ ਹੋਣ ਕਰਕੇ ਹਰ ਵਰ੍ਹੇ ਦੁਸਹਿਰੇ ਦੇ ਦਿਨਾਂ ਵੇਲੇ 'ਰਾਮ ਲੀਲਾ' ਵਿਚ ਵੀ ਕੰਮ ਕਰਿਆ ਕਰਦੇ ਸਨ। ਕਵਿਤਾਵਾਂ ਵੀ ਲਿਖਦੇ, ਕਥਾ ਵਾਚਕ, ਸੰਗੀਤ ਅਤੇ ਗਾਇਕੀ ਦੇ ਸ਼ੌਕ ਨੂੰ ਪਾਲਦੇ ਪ੍ਰੰਤੂ ਉਨ੍ਹਾਂ ਦੀ ਹਲਵਾਈ ਦੀ ਛੋਟੀ ਪਰ ਪ੍ਰਸਿੱਧ ਹੱਟੀ ਸੀ ਜਿਸ ਦੀ ਖੱਟੀ ਆਪਣੀ ਵੱਡੀ ਕਬੀਲਦਾਰੀ ਨੂੰ ਮਸਾਂ ਤੋਰਨ ਜੋਗੀ ਸੀ। ਪਿਤਾ ਚਾਹੁੰਦਾ ਸੀ ਕਿ ਉਸ ਦਾ ਪੁੱਤਰ ਵੀ ਪਿਤਾ-ਪੁਰਖ਼ੀ ਹਲਵਾਈ ਦੇ ਕਾਰੋਬਾਰ ਨੂੰ ਅੱਗੇ ਤੋਰੇ ਪਰ ਬਸੰਤ ਦਾ ਮਨ ਇਸ ਕਿੱਤੇ ਤੋਂ ਉਚਾਟ ਸੀ। ਪਿਤਾ ਨੇ ਆਪਣੇ ਪੁੱਤਰ ਦੀ ਮਾਨਸਿਕਤਾ ਨੂੰ ਵਰਗਲਾਉਣ ਲਈ ਸਿਖਾ ਕੇ ਭੇਜੇ ਜੋਤਸ਼ੀ ਮੂੰਹੋਂ ਵੀ ਕਹਾਇਆ ਕਿ ਬਸੰਤ ਨਾ ਹੀ ਤੇਰੇ ਕਰਮਾਂ ਵਿਚ ਪੜ੍ਹਾਈ ਹੈ ਅਤੇ ਨਾ ਹੀ ਸਰਕਾਰੀ ਨੌਕਰੀ ਪਰ ਉਸ ਜੋਤਸ਼ੀ ਤੋਂ ਵੀ ਰਤਨ ਦੀ ਮਨੋਵਿਗਿਆਨਤਾ ਛਲੀ ਨਹੀਂ ਜਾ ਸਕੀ ਤੇ ਉਸ ਨੇ ਉੱਚ ਦਰਜੇ ਦੀ ਪੜ੍ਹਾਈ ਕਰ ਕੇ ਅਧਿਆਪਕ ਦੀ ਸਰਕਾਰੀ ਨੌਕਰੀ ਲੈ ਕੇ ਹੀ ਦਮ ਲਿਆ।

ਬਸੰਤ ਕੁਮਾਰ ਰਤਨ ਸੁਲਝਿਆ ਨਾਵਲਕਾਰ, ਕਥਾ ਲੇਖਕ ਅਤੇ ਕਵੀ ਹੈ। ਉਸ ਦੀਆਂ ਰਚਨਾਵਾਂ ਪੜ੍ਹਕੇ ਹੈਰਾਨ ਹੋ ਜਾਈਦਾ ਕਿ ਉਹ ਐਨਾ ਕੁਝ ਕਿੱਥੋਂ ਤੇ ਕਿਵੇਂ ਸਿਖ ਗਿਆ। ਕਿਸੇ ਵਿਸ਼ਵਵਿਦਿਆਲੇ ਦਾ ਖੋਜੀ ਵਿਦਿਆਰਥੀ ਤਾਂ ਕਦੀ ਰਿਹਾ ਨਹੀਂ, ਸਾਡੇ ਵਰਗੇ ਹੀ ਵਿੱਦਿਅਕ ਮਾਹੌਲ ਵਿਚ ਪਲ਼ਿਆ ਤੇ ਸਾਡੇ ਵਰਗੀ ਤਾਲੀਮ ਉਸ ਨੇ ਹਾਸਲ ਕਰ ਰੱਖੀ ਹੈ ਫਿਰ ਉਸ ਦਾ ਦਿਮਾਗ਼ ਐਨਾ ਤੇਜ਼ ਤੇ ਉਪਜਾਊ ਕਿਵੇਂ ਬਣ ਗਿਆ। ਭਾਸ਼ਾ ਵਿਗਿਆਨੀਆਂ ਨੂੰ ਮਾਤ ਪਾਉਂਦਾ ਤੇ ਭਾਸ਼ਾਵਾਂ ਦੀਆਂ ਬਾਰੀਕੀਆਂ ਦਾ ਜਾਣਕਾਰ ਬਸੰਤ ਕਹਿੰਦਾ ਕਹਾਉਂਦਾ ਭਾਸ਼ਾਵਾਂ ਦਾ ਮਾਹਰ ਹੈ। ਐਡੀ ਅਕਲ ਦਾ ਮਾਲਕ ਲੇਖਕ ਪਤਾ ਨਹੀਂ ਕਿਉਂ ਮਧੋਲਿਆ ਪਿਆ ਹੈ।

ਉਰਦੂ, ਹਿੰਦੀ, ਪੰਜਾਬੀ ਅਤੇ ਸੰਸਕ੍ਰਿਤ ਆਦਿ ਭਾਸ਼ਾਵਾਂ ਨੂੰ ਤਹਿ ਤਕ ਜਾਣਦਾ ਹੈ। ਅੰਗਰੇਜ਼ੀ ਨੂੰ ਵੀ ਬਾਖ਼ੂਬੀ ਪਛਾਣਦਾ ਹੈ। ਸਾਹਿਤ ਦੇ ਖੇਤਰ ਵਿਚ ਵੀ ਆਪਣੇ ਸਮਕਾਲੀਆਂ ਦੇ ਹਾਣ ਦਾ ਹੈ। ਪਰ ਫਿਰ ਵੀ ਕਦੀ ਪੰਜਾਬੀ ਵਿਦਵਾਨਾਂ ਦੀ ਪਕੜ ਵਿਚ ਉਹ ਨਹੀਂ ਆਇਆ, ਉਨ੍ਹਾਂ ਇਸ ਨੂੰ ਸਾਹਿਤ ਵਿਚ ਗਿਠ-ਮੁੱਠੀਆ ਹੀ ਬਣਾ ਛੱਡਿਆ ਹੈ।

ਬਸੰਤ ਕੁਮਾਰ ਦੀ ਵਿਦਵਤਾ ਦਾ ਕਦਰਦਾਨ ਬਣਨ ਦਾ ਯਤਨ ਕਿਸੇ ਵੀ ਨਹੀਂ ਕੀਤਾ। ਇਸ ਵਿਚ ਉਸ ਦੇ ਸੰਗਾਊ ਸੁਭਾਅ ਅਤੇ ਛੁਪੇ ਰਹਿਣ ਦੀ ਚਾਹ ਦਾ ਵੀ ਕਸੂਰ ਹੈ, ਉਹ ਤਿਕੜਮਬਾਜ਼ ਨਹੀਂ। ਜੇ ਅਜਿਹਾ ਹੁੰਦਾ ਤਾਂ ਹੁਣ ਨੂੰ ਕਿਨੇ ਈ ਮਾਣ-ਸਨਮਾਨ ਮੁੱਛ ਲੈਂਦਾ ਪਰ ਉਸ ਨੂੰ ਤਾਂ ਅਜੇ ਤਕ ਕਿਸੇ ਸੰਸਥਾ ਨੇ ਨਿੱਕੇ ਮੋਟੇ ਸਨਮਾਨ ਨਾਲ ਵੀ ਨਹੀਂ ਨਿਵਾਜ਼ਿਆ। ਇਕ ਗੱਲ ਸਮਝੋਂ ਬਾਹਰ ਹੈ ਕਿ 1971 ਦੀ ਮਰਦਮਸ਼ੁਮਾਰੀ ਸਮੇਂ ਉਸ ਦੀ ਭੇਜੀ ਚੰਗੀ ਕਾਰਗੁਜ਼ਾਰੀ ਕਰਕੇ ਰਾਸ਼ਟਰਪਤੀ ਵੱਲੋਂ ਘੱਲੇ 'ਸਿਲਵਰ ਮੈਡਲ' ਨਾਲ ਸਰਕਾਰੀ ਤੌਰ 'ਤੇ ਕਿਵੇਂ ਸਨਮਾਨਤ ਕਰ ਦਿੱਤਾ। ਆਰੀਆ ਸਮਾਜ ਦੇ ਬਾਨੀ 'ਮਹਾਂਰਿਸ਼ੀ ਦਯਾਨੰਦ ਸਰਸਵਤੀ' ਦੇ ਜੀਵਨ ਅਤੇ ਉਸ ਦੀ ਵਿਚਾਰਧਾਰਾ ਨੂੰ ਪੇਸ਼ ਕਰਦਾ ਨਾਟਕ 'ਭਾਰਤ ਭਾਗਯ ਵਿਧਾਤਾ' ਹੁਣ ਤਕ ਲਿਖੀਆਂ ਉਨ੍ਹਾਂ ਦੀਆਂ ਜੀਵਨੀਆਂ ਨਾਲੋਂ ਕਿਤੇ ਉੱਤਮ ਅੰਦਾਜ਼ ਵਿਚ ਰਚਿਆ ਗਿਆ ਨਾਟਕ ਹੈ ਪਰ ਆਰੀਆ ਸਮਾਜੀਆਂ ਉਸ ਦੀ ਇਸ ਕਿਰਤ ਦੀ ਕਦਰ ਨਹੀਂ ਪਾਈ। ਉਹ ਸਾਹਿਤ ਆਚਾਰੀਆ ਹੈ, ਸਿੱਖਿਆ ਸ਼ਾਸਤਰੀ ਹੈ, ਸਾਹਿਤ ਦੀਆਂ ਕਈ ਵਿਧਾਵਾਂ ਤੇ ਅੱਧੀ ਦਰਜਨ ਤੋਂ ਵੱਧ ਕਿਤਾਬਾਂ ਛਪਵਾ ਚੁੱਕਿਆ ਹੈ ਪਰ ਉਹ ਗੋਦੜੀ ਦਾ ਲਾਲ ਰੂੜੀਆਂ ਤੇ ਹੀ ਰੁਲ਼ ਰਿਹਾ ਹੈ। ਜਾਗਦੀ ਜ਼ਮੀਰ ਵਾਲਾ ਬਸੰਤ ਕੁਮਾਰ ਮੁਫ਼ਲਿਸੀ ਵਿਚ ਹੀ ਗੁਜ਼ਾਰਾ ਕਰਨ ਨੂੰ ਤਰਜੀਹ ਦੇ ਰਿਹਾ ਹੈ। ਸੰਘਰਸ਼ਾਂ ਤੋਂ ਕੰਨੀਂ ਨਾ ਕੁਤਰਾਉਣ ਵਾਲਾ ਬਸੰਤ ਕੁਮਾਰ ਰਤਨ ਆਪਣੇ ਗ਼ੈਰਤਮੰਦ ਸੁਭਾਅ ਸਦਕਾ ਇਨਾਮਾਂ ਖਨਾਮਾਂ ਲਈ ਤਰਲੋ ਮੱਛੀ ਹੁੰਦਾ ਤਾਂ ਨਹੀਂ ਦੇਖਿਆ ਪਰ ਪਤਾ ਨਹੀਂ ਕਿਉਂ ਅਜੇ ਤਕ ਉਸ ਨੇ ਆਪਣੇ 'ਆਤਮ' 'ਤੇ 'ਵਿਸ਼ਵਾਸ' ਨਹੀਂ ਕੀਤਾ ਅਤੇ ਲਾਗੀ ਜਿਹਾ ਬਣਿਆ ਬੈਠਾ ਹੈ।

1964-65 ਵਿਚ ਜਦੋਂ ਮੈਂ ਆਪਣਾ ਜੱਦੀ ਪਿੰਡ ਟੂਸੇ ਛੱਡਕੇ ਤਪੇ ਆਇਆ ਤਾਂ ਬਸੰਤ ਕੁਮਾਰ ਰਤਨ ਉਨ੍ਹਾਂ ਦਿਨਾਂ ਵਿਚ ਕਿਸੇ ਸਕੂਲ ਵਿਚ ਸਰਕਾਰੀ ਮਾਸਟਰ ਲੱਗਿਆ ਹੋਇਆ ਸੀ। ਮੈਂ ਵੀ 1966 ਵਿਚ ਆਰੀਆ ਸਕੂਲ ਵਿਚ ਅਧਿਆਪਕ ਲੱਗ ਗਿਆ। ਉਨ੍ਹਾਂ ਦਿਨਾਂ ਵਿਚ ਸਾਡਾ ਸਕੂਲ ਸੱਭਿਆਚਾਰਕ ਅਤੇ ਸਾਹਿਤਕ ਸਰਗਰਮੀਆਂ ਦਾ ਕੇਂਦਰ ਹੁੰਦਾ ਸੀ ਇੱਥੇ ਵੱਡੇ-ਵੱਡੇ ਲੇਖਕ ਪੁੱਜਿਆ ਕਰਦੇ ਸਨ। ਉਨ੍ਹਾਂ ਵਿਚ ਬਸੰਤ ਕੁਮਾਰ ਰਤਨ ਵੀ ਹੁੰਦਾ। ਉਦੋਂ ਮੈਂ ਉਸ ਨੂੰ ਬਹੁਤਾ ਨੇੜਿਓਂ ਨਹੀਂ ਸੀ ਤੱਕਿਆ ਅਤੇ ਨਾ ਹੀ ਕਦੀ ਉਸ ਦੀਆਂ ਲਿਖਤਾਂ ਨੂੰ ਬਹੁਤਾ ਗੌਲਿਆ ਸੀ। ਉਹ ਵੀ ਸੰਗਾਊ ਜਿਹਾ ਹੈ ਤੇ ਮੇਰਾ ਸੁਭਾਅ ਤੇ ਆਦਤਾਂ ਵੀ ਥੋੜ੍ਹੀਆਂ ਬਹੁਤੀਆਂ ਉਸ ਨਾਲ ਮਿਲਦੀਆਂ ਜੁਲਦੀਆਂ ਹਨ, ਜਿਸ ਕਰਕੇ ਅਸੀਂ ਇਕ-ਦੂਜੇ ਦੇ ਅੰਦਰਲੇ ਭੇਤੀ ਨਹੀਂ ਬਣੇ।

ਬਸੰਤ ਕੁਮਾਰ ਰਤਨ ਬਹੁਪੱਖੀ ਪ੍ਰਤਿਭਾ ਦਾ ਮਾਲਕ ਹੈ। ਜੋ ਬੇਦਰਦ ਹਨੇਰੀਆਂ ਤੇ ਝੱਖੜਾਂ ਦਾ ਝੰਬਿਆ ਪਿਆ ਹੈ ਪਰ ਫਿਰ ਵੀ ਉਸ ਨੇ ਆਪੇ ਨੂੰ ਸੰਭਾਲਿਆ ਹੋਇਆ ਹੈ ਤੇ ਡੋਲਣ ਨਹੀਂ ਦਿੱਤਾ। ਉਸ ਦੇ ਨਾਵਲ ਬਿਸ਼ਨੀ, ਸੂਫ਼ ਦਾ ਘੱਗਰਾ, ਸੱਤ ਵਿੱਢਾ ਖੂਹ, ਰਾਤ ਦਾ ਕਿਨਾਰਾ ਅਤੇ ਨਿੱਕੀ ਝਨਾਂ ਵਰਗੇ ਪੰਜਾਬੀ ਨਾਵਲ ਸ਼ਾਹਕਾਰ ਹਨ। ਉਸ ਦਾ ਹਿੰਦੀ ਉਪਨਿਆਸ 'ਰੇਤ ਮੇ ਤੈਰਤੀ ਮਛਲੀਆਂ' ਅਤੇ ਸਵੈ ਜੀਵਨੀ 'ਕਾਫ਼ਰ' ਬੇਹਤਰੀਨ ਰਚਨਾਵਾਂ ਹਨ। •

---

## ਕਵਿਤਾਵਾਂ

### ਬਚਪਨ


ਚਿਰ ਹੋਇਆ ਮਾਂ ਨੂੰ ਮਿਲਿਆਂ
ਸੋਚਿਆ...
ਮਿਲ ਹੀ ਆਉਂਦੀ ਹਾਂ
ਪਹਿਲਾਂ ਦੱਸ ਕੇ ਨਹੀਂ ਜਾਣਾ
ਅਚੰਭਾ ਦੇਵਾਂਗੀ
ਦੱਬੇ ਪੈਰੀਂ ਜਾ ਖੋਲ੍ਹਦੀ ਹਾਂ ਬੂਹਾ
ਮੇਰੇ ਝਾਤ ਕਰਦਿਆਂ ਹੀ
ਮਾਂ ਦੇ ਹਾਸੇ ਕਿਲਕਾਰੀਆਂ ਨਾਲ
ਹੱਸਣ ਲੱਗੇ
ਬੂਹੇ ਬਾਰੀਆਂ
ਗੂੰਜ ਉੱਠਿਆ ਘਰ
ਮਾਂ ਚੁੰਮਦੀ ਹੈ ਮੇਰਾ ਮੱਥਾ
ਪਿਆਰਦੀ ਹੈ ਗੱਲ੍ਹਾਂ
ਪਲੋਸਦੀ ਹੈ ਸਿਰ
ਘੁੱਟ ਕੇ ਕਲਾਵੇ ਵਿਚ ਲੈ ਲੈਂਦੀ ਹੈ
ਠੀਕ ਉਸ ਤਰ੍ਹਾਂ
ਜਿਵੇਂ ਬਚਪਨ ਵਿਚ
ਮਿਲਦੀ ਸਾਂ ਮਾਂ ਨੂੰ
ਨੌਕਰੀ ਤੋਂ ਘਰ ਵਾਪਸ ਆਉਣ 'ਤੇ
ਸਮਾਂ ਕਿੰਜ ਕਰਵਟ ਬਦਲਦਾ ਹੈ
ਮਾਂ ਦੀਆਂ ਕਿਲਕਾਰੀਆਂ ਵਿੱਚੋਂ
ਮੈਨੂੰ ਆਪਣਾ ਬਚਪਨ ਨਜ਼ਰ ਆਇਆ...।



ਜਸ ਪ੍ਰੀਤ

### ਔਰਤ

ਚਾਨਣੀ ਰਾਤ ਵਿਚ
ਚੰਨ ਵੱਲ ਉਂਗਲ ਕਰ
ਮੇਰੇ ਵਲ ਵੇਖ
ਉਹ ਬੜੇ ਪਿਆਰ ਨਾਲ ਆਖਦਾ ਹੈ
ਕਿ ਇਸ ਚੰਨ ਨੂੰ ਮੈਂ
ਉਸ ਚੰਨ ਦੀ ਸੈਰ ਕਰਾਵਾਂਗਾ
ਤੇ ਮੈਂ
ਚੰਨ 'ਤੇ ਪੈਲ੍ਹਾਂ ਪਾਉਣ ਦੇ
ਸੁਪਨੇ ਵੇਖਣ ਲੱਗੀ।
ਤੂੰ ਔਰਤ ਏ
ਔਰਤ ਬਣ ਕੇ ਰਹਿ
ਹੁਣ ਉਹ
ਪੈਰਾਂ 'ਚ ਪਾਈ ਜੁੱਤੀ ਵੱਲ
ਇਸ਼ਾਰਾ ਕਰ ਆਖਦਾ ਹੈ।



ਕਮਲ ਸੇਖੋਂ

### ਬੋਲ ਸਮੇਂ ਦੇ ਰਾਜਿਆ

ਬੋਲ ਸਮੇਂ ਦੇ ਰਾਜਿਆ, ਕੀ ਤੇਰੀ ਸਰਕਾਰ।
ਚਾਰੇ ਪਾਸੇ ਵੇਖ ਲੈ ਮੱਚੀ ਹਾਹਾਕਾਰ।

ਬੋਲ ਸਮੇਂ ਦੇ ਰਾਜਿਆ ਕੀ ਤੇਰੀ ਸਰਕਾਰ।
ਗੱਦੀ ਮਿਲ ਗਈ ਭੁੱਲਿਆ ਕੀਤੇ ਕੌਲ ਕਰਾਰ।

ਬੋਲ ਸਮੇਂ ਦੇ ਰਾਜਿਆ ਕੀ ਤੇਰੀ ਸਰਕਾਰ।
ਦੇਣੀ ਕੀ ਸੀ ਨੌਕਰੀ ਖੋਂ ਲਏ ਨੇ ਰੁਜ਼ਗਾਰ।

ਬੋਲ ਸਮੇਂ ਦੇ ਰਾਜਿਆ ਕੀ ਤੇਰੀ ਸਰਕਾਰ।
ਕਿਰਤੀ ਜ਼ਹਿਰਾਂ ਪੀ ਰਹੇ ਵੇਖ ਭਰੇ ਅਖ਼ਬਾਰ।

ਬੋਲ ਸਮੇਂ ਦੇ ਰਾਜਿਆ ਕੀ ਤੇਰੀ ਸਰਕਾਰ।
ਦੇਸ਼ ਤਿਰੇ ਵਿਚ ਹੋ ਰਿਹਾ ਨਸ਼ਿਆਂ ਦਾ ਵਿਉਪਾਰ।

ਬੋਲ ਸਮੇਂ ਦੇ ਰਾਜਿਆ ਕੀ ਤੇਰੀ ਸਰਕਾਰ।
ਸੜਕਾਂ ਉੱਤੇ ਵੇਖ ਲੈ ਰੁਲਦੇ ਬੇਰੁਜ਼ਗਾਰ।



ਜਗਤਾਰ ਪੱਖੋ
9465196946

### ਤੂਫ਼ਾਨ ਦਾ ਮਿਜ਼ਾਜ

ਉਸ ਦਾ ਦਿਲ ਟੁੱਟਿਆ
ਜ਼ਰੂਰ ਹੋਵੇਗਾ।
ਜਦ ਤੂੰ ਉਹਦਾ ਸੁੱਟਿਆ
ਗੁਲਾਬ ਹੋਵੇਗਾ।

ਉਸ ਨੂੰ ਨਾ ਤੱਕਣਾ
ਸਿਰਫ਼ ਤੇਰੀ ਹੀ ਸੀ ਜ਼ਿੱਦ
ਉਸ ਜਾਣ ਲੱਗਿਆਂ ਤੈਨੂੰ
ਤੱਕਿਆ ਜ਼ਰੂਰ ਹੋਵੇਗਾ।

ਸ਼ਾਇਦ ਬਦਲ ਗਿਆ ਹੋਵੇ
ਹੁਣ ਤੂਫ਼ਾਨ ਦਾ ਮਿਜ਼ਾਜ
ਉਸ ਬਾਲ਼ ਦੀਵਾ ਫਿਰ ਤੋਂ
ਰੱਖਿਆ ਜ਼ਰੂਰ ਹੋਵੇਗਾ।

ਮੁਹੱਬਤ, ਵਫ਼ਾ, ਯਕੀਨ ਤੇ ਉਮੀਦ
ਸਿਰਫ਼ ਹਰਫ਼ਾਂ ਦਾ ਜੋੜ ਸੀ
ਇਹ ਸੱਚ ਜਾਣ ਉਹ ਮੇਰੇ 'ਤੇ
ਹੱਸਿਆ ਜ਼ਰੂਰ ਹੋਵੇਗਾ।



ਡਾ. ਇੰਦਰਜੀਤ ਸਿੰਘ ਸੰਧੂ
95011-05656

### ਦੁਖਾਂਤ

ਬੱਚੇ ਨੂੰ ਮਾਫ਼ ਕਰ ਸਕਦੇ ਹਾਂ
ਹਨੇਰੇ ਤੋਂ ਡਰਨ ਲਈ
ਪਰ ਦੁਖਾਂਤ ਹੈ
ਕਿਸੇ ਜਾਗੇ ਮਨੁੱਖ ਦਾ
ਰੌਸ਼ਨੀ ਤੋਂ ਡਰ ਜਾਣਾ।

ਅਸੀਂ ਮਾਫ਼ ਕਰ ਸਕਦੇ ਹਾਂ
ਲਾਪਰਵਾਹ ਲੋਕਾਂ 'ਤੇ ਹੁੰਦੇ ਸ਼ੋਸ਼ਣ ਨੂੰ
ਪਰ ਦੁਖਾਂਤ ਹੈ
ਵਿਦਵਾਨਾਂ ਦਾ ਚੁੱਪ ਰਹਿਣਾ
ਉਨ੍ਹਾਂ ਦੀ ਜ਼ਮੀਰ ਦਾ ਮਰ ਜਾਣਾ।

ਅਕਸਰ ਦੇਖਿਆ ਹੈ
ਕਿਰਤੀਆਂ ਨੂੰ ਭੁੱਖੇ ਪਿਆਸੇ
ਖ਼ੁਦਕੁਸ਼ੀਆਂ ਕਰਦੇ, ਫਾਹੇ ਲੈਂਦੇ
ਪਰ ਦੁਖਾਂਤ ਹੈ
ਨੇਤਾਵਾਂ ਦੇ ਲਾਰਿਆਂ ਦਾ ਜਿੱਤਣਾ
ਤੇ ਕਿਰਤੀਆਂ ਦੇ ਹਉਕਿਆਂ ਦਾ ਹਰ ਜਾਣਾ।

ਵਿੱਦਿਆ ਉਹ ਹੈ
ਜੋ ਸੋਚਣਾ, ਜਾਚਣਾ, ਪਰਖ਼ਣਾ ਸਿਖਾਏ
ਪਰਉਪਕਾਰੀ ਹੋ
ਅਗਿਆਨਤਾ ਦੇ ਹਨੇਰੇ ਨੂੰ ਭਜਾਏ
ਪਰ ਦੁਖਾਂਤ ਹੈ
ਵਿਚਾਰੀ ਵਿੱਦਿਆ ਦਾ ਵਪਾਰ ਬਣ ਜਾਣਾ।
ਸਭ ਤੋਂ ਵੱਡਾ ਦੁੱਖਾਂਤ ਹੈ
ਕਿਸੇ ਜਾਗੇ ਮਨੁੱਖ ਦਾ
ਰੌਸ਼ਨੀ ਤੋਂ ਡਰ ਜਾਣਾ।

• ਦਿਲਰਾਜ ਸਿੰਘ ਬਾਜਵਾ
95015-26264

---

ਕਹਾਣੀ

# ਲਕਸ਼ਮੀ



ਰੋਹਿਤ ਸੋਨੀ ਸਾਦਿਕ
92574-01900

*ਜਗਸੀਰ ਜਿੰਨੀ ਫੁਰਤੀ ਨਾਲ ਡਾਕਟਰ ਦੇ ਕੈਬਿਨ ਵੱਲ ਦੌੜਿਆ ਸੀ ਓਨੇ ਹੀ ਹੌਲੀ ਕਦਮਾਂ ਨਾਲ ਵਾਪਸ ਮੁੜ ਆਇਆ। ਦਵਾਈ ਮਿਲ ਜਾਣ ਦੀ ਆਸ 'ਚ ਔਰਤ ਨੇ ਮੁੜੇ ਆਉਂਦੇ ਜਗਸੀਰ ਨੂੰ ਪਰਚੀ ਫੜਾਉਂਦਿਆਂ ਆਖਿਆ, "ਲੈ ਮੇਰਾ ਵੀਰ ਹੁਣ ਡਾਕਟਰ ਨੂੰ ਦਿਖਾਕੇ ਦਵਾਈ ਵੀ ਦਵਾ ਦੇ, ਰੱਬ ਤੇਰੀ ਹਰ ਮੁਰਾਦ ਪੂਰੀ ਕਰੂ"...*

ਦੀਵਾਲੀ ਵਾਲੀ ਰਾਤ ਸੀ। ਮੱਸਿਆ ਹੋਣ ਕਾਰਨ ਚੰਨ ਵੀ ਨਹੀਂ ਸੀ ਚੜ੍ਹਿਆ ਜਿਸ ਕਾਰਨ ਆਸਮਾਨ ਵਿਚ ਹਨੇਰਾ ਸੀ ਪਰ ਚਾਰੇ ਪਾਸੇ ਘਰਾਂ 'ਚ ਲੱਗੀਆਂ ਲੜੀਆਂ, ਜਗ ਰਹੇ ਦੀਵਿਆਂ ਨੇ ਸ਼ਹਿਰ ਵਿਚ ਚਾਨਣ ਹੀ ਚਾਨਣ ਕੀਤਾ ਹੋਇਆ ਸੀ। ਪਟਾਕਿਆਂ ਦੀ ਅਵਾਜ਼ ਸਾਰੇ ਆਸਮਾਨ 'ਚ ਗੂੰਜ ਰਹੀ ਸੀ। ਰਾਤ ਸਾਢੇ ਕੁ ਅੱਠ ਵਜੇ ਨਿੱਕੇ ਜਿਹੇ ਕਸਬੇ ਵਿਚ ਬਣੇ ਹਸਪਤਾਲ ਦੇ ਕੰਪਾਊਡਰ ਤੋਂ ਪਰਚੀ ਕਟਵਾ ਕੇ ਕੈਬਿਨ 'ਚ ਡਾਕਟਰ ਕੋਲ ਬੈਠ ਜਗਸੀਰ ਨੇ ਆਪਣੀ ਤਕਲੀਫ਼ ਦੱਸਦਿਆਂ ਕਿਹਾ, "ਡਾ. ਸਾਹਿਬ ਕੱਲ੍ਹ ਦਾ ਖੰਘ, ਜ਼ੁਕਾਮ ਹੋਇਆ ਹੈ, ਸਾਹ ਵੀ ਔਖਾ ਜਿਹਾ ਆਉਂਦੈ"।

ਸਟੈਥੋਸਕੋਪ ਨਾਲ ਜਗਸੀਰ ਦੀ ਛਾਤੀ ਚੈੱਕ ਕਰਦਿਆਂ ਡਾਕਟਰ ਕਹਿਣ ਲੱਗਾ "ਕੋਈ ਗੱਲ ਨਹੀਂ ਇਨ੍ਹਾਂ ਦਿਨਾਂ ਵਿਚ ਪ੍ਰਦੂਸ਼ਣ ਜ਼ਿਆਦਾ ਹੁੰਦਾ ਹੈ, ਜਿਸ ਕਰਕੇ ਇਹ ਤਕਲੀਫ਼ ਹਰ ਇਕ ਨੂੰ ਹੋਈ ਪਈ ਹੈ, ਮੈਂ ਕੁਝ ਦਵਾਈ ਦੇ ਦਿੰਦਾ ਹਾਂ, ਇਕ ਖ਼ੁਰਾਕ ਹੁਣ ਲੈ ਲਵੀਂ, ਤੇਰੀ ਰਾਤ ਸੌਖੀ ਲੰਘ ਜਾਊ ਪਰ ਸਵੇਰੇ ਆ ਜਾਵੀਂ ਟੀਕਾ ਲਾਉਣਾ ਪੈਣਾ, ਫਿਰ ਠੀਕ ਹੋਊ"। ਡਾਕਟਰ ਨੇ ਜਲਦੀ ਨਾਲ ਡੱਬੇ 'ਚੋਂ ਤਿੰਨ ਚਾਰ ਗੋਲੀਆਂ ਦਿੰਦਿਆਂ ਜਗਸੀਰ ਨੂੰ ਆਖਿਆ।

"ਡਾ. ਸਾਹਿਬ ਜੇ ਟੀਕਾ ਲਾਉਣਾ ਹੀ ਹੈ ਤਾਂ ਹੁਣੇ ਲਾ ਦਿਉ, ਸਵੇਰ ਤਕ ਕੁਝ ਠੀਕ ਹੋ ਜਾਵਾਂਗਾ"। ਜਗਸੀਰ ਨੇ ਆਪਣੀ ਤਕਲੀਫ਼ ਮਹਿਸੂਸ ਕਰਦਿਆਂ ਆਖਿਆ। "ਨਹੀਂ ਹੁਣ ਨਹੀਂ, ਅੱਜ ਮੈਂ ਘਰੇ ਜਲਦੀ ਜਾਣਾ ਹੈ, ਲਕਸ਼ਮੀ ਦੀ ਪੂਜਾ ਕਰਨੀ ਹੈ। ਮੈਂ ਲੇਟ ਹੋ ਗਿਆ ਪਹਿਲਾਂ ਹੀ, ਨਹੀਂ ਤਾਂ ਹੁਣੇ ਲਾ ਦੇਣਾ ਸੀ। ਤੂੰ ਸਵੇਰੇ ਆ ਜਾਵੀਂ"। ਡਾਕਟਰ ਨੇ ਅੱਜ ਜਲਦੀ ਘਰ ਜਾਣ ਦਾ ਕਾਰਨ ਦੱਸਦਿਆਂ ਆਖਿਆ।

ਜਗਸੀਰ ਦਵਾਈ ਲੈ ਕੇ ਅਜੇ ਉੱਠਿਆ ਹੀ ਸੀ ਕਿ ਏਨੇ ਨੂੰ ਇਕ ਗ਼ਰੀਬ ਜਿਹੀ ਔਰਤ ਇਕ ਚਾਰ ਕੁ ਸਾਲਾਂ ਦੀ ਕੁੜੀ ਨੂੰ ਕੁੱਛੜ ਚੁੱਕੀ ਹਸਪਤਾਲ ਵਿਚ ਆਣ ਵੜੀ। ਜਿਸ ਨੂੰ ਸ਼ੀਸ਼ੇ ਵਿੱਚੋਂ ਦੇਖਦਿਆਂ ਹੀ ਡਾਕਟਰ ਮੂੰਹ ਵਿਚ ਬੁੜਬੁੜਾ ਕੇ ਬੋਲਿਆ, "ਲੈ ਫਿਰ ਆ ਗਈ ਇਹ, ਕਿੰਨੀ ਵਾਰ ਸਮਝਾਇਆ ਪਰ ਇਹ ਲੋਕ ਕਿੱਥੇ ਮੰਨਦੇ ਨੇ? ਹੁਣ ਇਨ੍ਹੇ ਦਿਮਾਗ਼ ਖਾ ਜਾਣਾ।' ਬੁੜਬੁੜ ਕਰਦਾ ਡਾਕਟਰ ਆਪਣੀ ਕੁਰਸੀ ਤੋਂ ਉੱਠ ਖਲੋਤਾ ਤੇ ਜਗਸੀਰ ਵੀ ਡਾਕਟਰ ਦੇ ਕੈਬਿਨ 'ਚੋਂ ਬਾਹਰ ਆ ਗਿਆ।

"ਤੂੰ ਫਿਰ ਆ ਗਈ ਏਂ, ਤੈਨੂੰ ਕਿਹਾ ਬਈ ਜੇ ਦਵਾਈ ਲੈਣੀ ਆ ਤਾਂ ਪੈਸੇ ਲੈ ਕੇ ਆ, ਬਿਨਾਂ ਪੈਸਿਆਂ ਤੋਂ ਦਵਾਈ ਨਹੀਂ ਮਿਲਣੀ, ਡਾਕਟਰ ਸਾਹਿਬ ਨੇ ਮਨ੍ਹਾ ਕੀਤਾ ਹੋਇਆ"। ਡਾਕਟਰ ਦੇ ਕੰਪਾਊਡਰ ਨੇ ਔਰਤ ਨੂੰ ਵਰਜਦਿਆਂ ਬਾਹਰ ਜਾਣ ਲਈ ਕਿਹਾ। "ਨਾ ਮੇਰਾ ਵੀਰ ਇੰਜ ਨਾ ਕਰ, ਮੇਰੀ ਕੁੜੀ ਨੂੰ ਬਹੁਤ ਜ਼ਿਆਦਾ ਬੁਖ਼ਾਰ ਹੈ, ਮੈਂ ਥੋੜੀ ਪਰਚੀ ਤੇ ਦਵਾਈ ਦੇ ਪੈਸੇ ਸਵੇਰੇ ਦੇ ਦੇਊਂ, ਮੇਰੀ ਬੱਚੀ ਨੂੰ ਦਵਾਈ ਦੇ ਦਿਉ, ਤੁਹਾਡੀ ਬਹੁਤ ਮਿਹਰਬਾਨੀ ਹੋਵੇਗੀ। ਪਰਮਾਤਮਾ ਥੋਨੂੰ ਬਾਹਲਾ-ਬਾਹਲਾ ਦਊ"। ਪੈਸੇ ਨਾ ਹੋਣ ਕਾਰਨ ਆਪਣੀ ਬੱਚੀ ਦੀ ਦਵਾਈ ਲਈ ਕੰਪਾਊਡਰ ਦੇ ਮਿੰਨਤਾਂ ਤਰਲੇ ਕਰ ਰਹੀ ਔਰਤ ਨੇ ਜਗਸੀਰ ਨੂੰ ਬਾਹਰ ਆਉਂਦਿਆਂ ਦੇਖਿਆ ਤਾਂ ਉਹ ਉਹਦੀਆਂ ਵੀ ਮਿੰਨਤਾਂ ਕਰਦਿਆਂ ਆਖਣ ਲੱਗੀ, "ਮੇਰੀ ਧੀ ਨੂੰ ਦਵਾਈ ਦਵਾ ਦੇ ਮੇਰਾ ਵੀਰ, ਵੇਖ ਕਿਵੇਂ ਬੁਖ਼ਾਰ ਨਾਲ ਤਪ ਰਹੀ ਆ, ਮਾਹਰਾਜ ਤੇਰੀ ਉਮਰ ਲੰਮੀ ਕਰੂ। ਤੇਰੇ ਬੱਚੇ ਜੀਣਗੇ"।

ਜਗਸੀਰ ਨੂੰ ਕੁਝ ਸਮਝ ਨਾ ਆਇਆ ਤਾਂ ਉਹਨੇ ਕੰਪਾਊਡਰ ਵੱਲ ਸਵਾਲੀਆ ਨਿਗਾਹ ਨਾਲ ਵੇਖਿਆ ਤਾਂ ਕੰਪਾਊਡਰ ਨੇ ਦੱਸਿਆ ਕਿ ਇਹਦੀ ਕੁੜੀ ਨੂੰ ਬੁਖ਼ਾਰ ਹੈ ਪਰ ਇਸ ਕੋਲ ਦਵਾਈ ਤੇ ਪਰਚੀ ਕਟਵਾਉਣ ਲਈ ਪੈਸੇ ਨਹੀਂ ਹਨ। ਮੈਂ ਡਾਕਟਰ ਨੂੰ ਵੀ ਪੁੱਛਿਆ ਸੀ, ਉਨ੍ਹਾਂ ਵੀ ਬਿਨਾਂ ਪਰਚੀ ਕਟਵਾਏ ਦਵਾਈ ਦੇਣ ਤੋਂ ਮਨ੍ਹਾ ਕਰ ਦਿੱਤਾ। ਇਸ ਲਈ ਮੈਂ ਇਸ ਨੂੰ ਅੰਦਰ ਨਹੀਂ ਜਾਣ ਦੇ ਸਕਦਾ"। ਕੰਪਾਊਡਰ ਨੇ ਆਪਣੀ ਮਜਬੂਰੀ ਦੱਸਦਿਆਂ ਜਗਸੀਰ ਨੂੰ ਸਾਰੀ ਗੱਲ ਦੱਸੀ। ਜਗਸੀਰ ਨੇ ਗ਼ਰੀਬ ਮਾਂ ਦੀ ਕੁੱਛੜ ਚੁੱਕੀ ਨਿੱਕੀ ਬਾਲੜੀ ਦੀ ਬਾਂਹ ਫੜ੍ਹਕੇ ਦੇਖਿਆ ਤਾਂ ਉਸ ਨੂੰ ਸੱਚਮੁੱਚ ਹੀ ਬਹੁਤ ਤੇਜ਼ ਬੁਖ਼ਾਰ ਸੀ ਤੇ ਉਹ ਬੇਸੁਰਤ ਆਪਣੀ ਮਾਂ ਦੇ ਮੋਢੇ ਨਾਲ ਲੱਗੀ ਹੋਈ ਸੀ। ਜਗਸੀਰ ਨੇ ਬਿਨਾਂ ਕਿਸੇ ਦੇਰੀ ਦੇ ਆਪਣੀ ਜੇਬ 'ਚੋਂ ਸੌ ਦਾ ਨੋਟ ਕੱਢ ਕੇ ਕੰਪਾਊਡਰ ਨੂੰ ਦਿੰਦਿਆਂ ਕਿਹਾ, "ਤੂੰ ਇਨ੍ਹਾਂ ਦੀ ਪਰਚੀ ਕੱਟ, ਮੈਂ ਡਾਕਟਰ ਸਾਹਿਬ ਨੂੰ ਰੋਕਦਾ, ਉਨ੍ਹਾਂ ਨੇ ਘਰ ਲਕਸ਼ਮੀ ਪੂਜਾ ਲਈ ਜਾਣਾ ਸੀ, ਕਿਤੇ ਚਲੇ ਹੀ ਨਾ ਜਾਣ"।

ਜਗਸੀਰ ਜਿੰਨੀ ਫੁਰਤੀ ਨਾਲ ਡਾਕਟਰ ਦੇ ਕੈਬਿਨ ਵੱਲ ਦੌੜਿਆ ਸੀ ਓਨੇ ਹੀ ਹੌਲੀ ਕਦਮਾਂ ਨਾਲ ਵਾਪਸ ਮੁੜ ਆਇਆ। ਦਵਾਈ ਮਿਲ ਜਾਣ ਦੀ ਆਸ 'ਚ ਔਰਤ ਨੇ ਮੁੜੇ ਆਉਂਦੇ ਜਗਸੀਰ ਨੂੰ ਪਰਚੀ ਫੜਾਉਂਦਿਆਂ ਆਖਿਆ, "ਲੈ ਮੇਰਾ ਵੀਰ ਹੁਣ ਡਾਕਟਰ ਨੂੰ ਦਿਖਾਕੇ ਦਵਾਈ ਵੀ ਦਵਾ ਦੇ, ਰੱਬ ਤੇਰੀ ਹਰ ਮੁਰਾਦ ਪੂਰੀ ਕਰੂ"।

ਜਗਸੀਰ ਨੇ ਦੁਆਵਾਂ ਦਿੰਦੀ ਉਸ ਗ਼ਰੀਬ ਤੇ ਲਾਚਾਰ ਮਾਂ ਤੋਂ ਪਰਚੀ ਫੜਦਿਆਂ ਨਿਰਾਸ਼ ਨਿਗਾਹਾਂ ਨਾਲ ਪਹਿਲਾਂ ਉਸ ਔਰਤ ਵੱਲ ਵੇਖਿਆ ਤੇ ਫਿਰ ਉਸ ਦੀ ਨਿਗ੍ਹਾ ਜਿਉਂ ਹੀ ਹੱਥ ਵਿਚ ਫੜੀ ਪਰਚੀ 'ਤੇ ਪਈ ਤਾਂ ਉਸ ਉੱਤੇ ਬਿਮਾਰ ਕੁੜੀ ਦਾ ਨਾਂ ਲਿਖਿਆ ਸੀ, 'ਲਕਸ਼ਮੀ' । ਪਰ ਡਾ. ਸਾਹਿਬ ਤਾਂ ਆਪਣੀ ਕਾਰ 'ਚ ਬੈਠ ਕੇ ਲਕਸ਼ਮੀ ਦੀ ਪੂਜਾ ਲਈ ਕਿਤੇ ਹੋਰ ਹੀ ਜਾ ਚੁੱਕੇ ਸਨ। •



---

ਮਿੰਨੀ ਕਹਾਣੀਆਂ

## ਗੱਲੀਂ ਬਾਤੀਂ ਮਹਾਨ

ਦੀਪਾ ਪਿੰਡ ਦੀ ਪੰਚਾਇਤ ਦਾ ਸਿਰਕੱਢ ਮੈਂਬਰ ਸੀ। ਸਾਰੇ ਪਿੰਡ ਵਿਚ ਉਸ ਦਾ ਚੰਗਾ ਮਾਣ- ਸਤਿਕਾਰ ਸੀ। ਆਪਣੀਆਂ ਗੱਲਾਂ ਨਾਲ ਠੱਗਣਾ ਦੀਪੇ ਦੀ ਕਾਬਲੀਅਤ ਸੀ। ਕੁਝ ਲੋਕ ਤਾਂ ਉਸ ਨੂੰ 'ਗਿਆਨੀ ਜੀ' ਆਖ ਬੁਲਾਉਂਦੇ। ਅੱਜ ਦੀਪੇ ਨੇ ਆਪਣੇ ਪਿੰਡ ਵਿਚ ਹੋਏ ਪ੍ਰੋਗਰਾਮ 'ਇਸਤਰੀ ਦਾ ਸਤਿਕਾਰ ਕਰੋ' ਵਿਚ ਬਹੁਤ ਹੀ ਸੋਹਣਾ ਭਾਸ਼ਣ ਦਿੱਤਾ।

ਭਾਸ਼ਣ ਤੋਂ ਬਾਅਦ ਜਦੋਂ ਦੀਪਾ ਘਰ ਆਇਆ ਤਾਂ ਉਸ ਦੀ ਘਰ ਵਾਲੀ ਨੇ ਬੜੇ ਪਿਆਰ ਨਾਲ ਰੋਟੀ ਪਾ ਕੇ ਉਸ ਦੇ ਅੱਗੇ ਰੱਖੀ ਪਰ ਸਬਜ਼ੀ ਵਿਚ ਨਮਕ ਥੋੜ੍ਹਾ ਜ਼ਿਆਦਾ ਹੋਣ ਕਾਰਨ ਦੀਪੇ ਨੇ ਗੁੱਸੇ 'ਚ ਆ ਥਾਲ਼ੀ ਚੁੱਕ ਕੇ ਪਰਾ ਸੁੱਟ ਦਿਆਂ ਕਿਹਾ, "ਤੇਰੀ ਮਾਂ ਨੇ ਤੈਨੂੰ ਸਬਜ਼ੀ ਬਣਾਉਣੀ ਨਹੀਂ ਸਿਖਾਈ"। ਸਾਡੇ ਘਰ ਵੱਡੇ ਲੋਕਾਂ ਦਾ ਆਉਣਾ ਜਾਣਾ ਰਹਿੰਦਾ ਹੈ। ਕੰਮ ਤਾਂ ਚੱਜ ਨਾਲ ਕਰਨਾ ਸਿੱਖ ਲੈ"!!!



• ਕਿਰਨਪ੍ਰੀਤ ਕੌਰ
0068864013133

## ਸਤੌਲ਼



ਗਰਮੀਆਂ ਦੀਆਂ ਛੁੱਟੀਆਂ ਹੋਣ ਪਿੱਛੋਂ ਸ਼ਿੰਦਰ ਨੇ ਆਪਣੇ ਦੋਵੇਂ ਬੱਚਿਆਂ ਨੂੰ ਕਿਹਾ ਕਿ 'ਜਿੱਦਣ ਤੁਸੀਂ ਛੁੱਟੀਆਂ ਦਾ ਕੰਮ ਪੂਰਾ ਕਰ ਲਿਆ ਉੱਦਣ ਹੀ ਮੈਂ ਥੋਨੂੰ ਨਾਨਕੇ ਘਰ ਭੇਜ ਦੇਊਂ" । ਇਹ ਸੁਣਦੇ ਹੀ ਬੱਚਿਆਂ ਦੇ ਚਿਹਰੇ ਫੁੱਲਾਂ ਵਾਂਗ ਖਿੜ ਗਏ। ਉਨ੍ਹਾਂ ਨੂੰ ਚਾਂਈ- ਚਾਂਈ ਸਕੂਲ ਦਾ ਕੰਮ ਕਰਦੇ ਵੇਖ ਸ਼ਿੰਦਰ ਦਾ ਪਤੀ ਬੋਲਿਆ, "ਸ਼ਿੰਦਰ! ਆਹ ਅੱਜ ਕਿਵੇਂ ਚੁੱਪ-ਚਾਪ ਕੰਮ ਕਰੀ ਜਾਂਦੇ ਐ, ਕੀ ਲਾਲਚ ਦੇ ਤਾ ਐਹੋ ਜਿਹਾ ਤੈਂ, ਕਮਾਲ ਈ ਹੋਈ ਪਈ ਐ ਐਹ ਤਾਂ"।

ਇਹ ਸੁਣਕੇ ਸ਼ਿੰਦਰ ਆਖਣ ਲੱਗੀ, "ਮਾਮੇ ਪਿੰਡ ਜਾਣਾ, ਤਾਹੀਂਓ ਫੁੱਲੇ ਨੀਂ ਸਮਾਉਂਦੇ। ਨਾਨਕੇ ਘਰ ਜਾਣ ਦਾ ਕੀਹਨੂੰ ਨੀਂ ਚਾਅ ਹੁੰਦੈ"।

ਛੁੱਟੀਆਂ ਦਾ ਕੰਮ ਮੁਕਾ ਕੇ ਬੱਚੇ ਆਪਣੇ ਮਾਮੇ ਨਾਲ ਖ਼ੁਸ਼ੀ-ਖ਼ੁਸ਼ੀ ਨਾਨਕੇ ਚਲੇ ਗਏ। ਕੁਝ ਕੁ ਦਿਨਾਂ ਮਗਰੋਂ ਜਦੋਂ ਉਹਦੀ ਨਣਦ ਆਪਣੇ ਬੱਚੇ ਲੈ ਕੇ ਪੇਕੇ ਆਈ ਤਾਂ ਸ਼ਿੰਦਰ ਮੱਥੇ ਤਿਉੜੀ ਪਾ ਕੇ ਬੋਲੀ, "ਆਹੀਓ ਤਾਂ ਦੋ ਦਿਨ ਆਰਾਮ ਕਰਨ ਦੇ ਸੀ, ਹੁਣ ਔਹ ਆ ਗਈ ਐ ਸਤੌਲ਼ ਲੈ ਕੇ"।

• ਮਾ. ਸੁਖਵਿੰਦਰ ਦਾਨਗੜ੍ਹ, 94171 80205

---

• ਹਾਕਮ ਸਿੰਘ ਮੀਤ

## ਅਣਮੁੱਲੇ ਹੰਝੂ

ਅੱਜ ਮਹਿਲਾ ਦਿਵਸ ਸੀ ਜਗ੍ਹਾ ਜਗ੍ਹਾ ਮਹਿਲਾ ਕਲਿਆਣ ਦੇ ਪ੍ਰੋਗਰਾਮ ਹੋ ਰਹੇ ਸਨ। ਸਵੇਰ ਦੇ ਨੌਂ ਕੁ ਵਜੇ ਦਾ ਟਾਈਮ ਸੀ ਇਕ ਭਿਖਾਰਣ ਔਰਤ ਆਪਣੇ ਬੱਚੇ ਸਮੇਤ ਬਜ਼ਾਰ ਵਿੱਚੋਂ ਗੁਜ਼ਰ ਰਹੀ ਸੀ ਤਾਂ ਕੀ ਦੇਖ ਦੀ ਹੈ ਟੀਵੀ ਵਾਲੀਆਂ ਦੁਕਾਨਾਂ ਤੇ ਟੀਵੀ ਬਾਹਰ ਕੱਢਕੇ ਲਗਾਏ ਹੋਏ ਸਨ।

ਭਿਖਾਰਣ ਔਰਤ ਆਪਣੇ ਬੱਚੇ ਸਮੇਤ ਇਕ ਦੁਕਾਨ ਅੱਗੇ ਖੜ੍ਹਕੇ ਟੀਵੀ ਦੇਖਣ ਲੱਗੀ ਜਿਸ ਵਿਚ ਮਹਿਲਾ ਦਿਵਸ ਦਾ ਪ੍ਰੋਗਰਾਮ ਚੱਲ ਰਿਹਾ ਸੀ। ਮੰਤਰੀ ਜੀ ਭਾਸ਼ਣ ਦਿੰਦੇ ਕਹਿ ਰਹੇ ਸਨ ਕਿ 'ਔਰਤ ਜਗ ਦੀ ਜਨਣੀ ਹੈ। ਔਰਤ ਮਰਦ ਦੇ ਸਿਰ ਦਾ ਤਾਜ ਹੈ। ਆਓ ਸਾਰੇ ਆਪਾਂ ਹਰ ਇਕ ਔਰਤ ਨੂੰ ਸਤਿਕਾਰੀਏ ਅਤੇ ਉਸ ਦੀ ਇੱਜ਼ਤ ਕਰਨਾ ਸਿੱਖੀਏ' ਇਹ ਦੇਖਕੇ ਉਸ ਭਿਖਾਰਣ ਔਰਤ ਸੋਚਣ ਲੱਗੀ ਕਿ ਕਦੇ ਝੌਂਪੜੀਆਂ ਵਿਚ ਰਹਿਣ ਵਾਲੀਆਂ ਔਰਤਾਂ ਦਾ ਵੀ ਸਤਿਕਾਰ ਹੋਵੇਗਾ। ਕੀ ਕਦੇ ਸਾਡੀ ਭੁੱਖ ਮਰੀ ਖ਼ਤਮ ਹੋਵੇਗੀ'। ਉਦੋਂ ਹੀ ਦੁਕਾਨਦਾਰ ਗੁੱਸੇ ਨਾਲ ਬਾਹਰ ਆਇਆ, ਭਿਖਾਰਣ ਨੂੰ ਗੁੱਤ ਤੋਂ ਫੜਕੇ ਹਲੂਣਿਆਂ ਅਤੇ ਕਹਿਣ ਲੱਗਾ, 'ਸਵੇਰੇ ਸਵੇਰੇ ਗਾਹਕਾਂ ਦਾ ਟਾਈਮ ਹੁੰਦਾ, ਹਰ ਰੋਜ਼ ਤੂੰ ਦੁਕਾਨ ਦੇ ਮੂਹਰੇ ਆ ਕੇ ਖੜ੍ਹੀ ਹੋ ਜਾਂਦੀ ਏਂ'। ਇਹ ਕਹਿ ਕੇ ਦੁਕਾਨਦਾਰ ਨੇ ਉਸ ਨੂੰ ਅੱਗੇ ਧਕੇਲ ਦਿੱਤਾ। ਭਿਖਾਰਣ ਔਰਤ ਆਪਣੀਆਂ ਅੱਖਾਂ 'ਚੋਂ ਸਮੁੰਦਰ ਦੀਆਂ ਛੱਲਾਂ ਦੀ ਤਰ੍ਹਾਂ ਅਣਮੁੱਲੇ ਹੰਝੂ ਵਹਾਉਂਦੀ ਆਪਣੇ ਬੱਚੇ ਸਮੇਤ ਕੁਝ ਸੋਚਦੀ-ਸੋਚਦੀ ਅੱਗੇ ਤੁਰ ਪਈ ਸੀ। •



ਕੌਮੀ ਪੱਤ੍ਰਿਕਾ

## ਵਿਧਾਇਕ ਕੋਹਲੀ ਅਤੇ ਮੇਅਰ ਗੋਗੀਆ ਵੱਲੋਂ ਪਟਿਆਲਾ 'ਚ ਕਰੀਬ 6 ਕਰੋੜ ਰੁਪਏ ਦੇ ਵਿਕਾਸ ਕਾਰਜ

# ਹਰ ਵਾਰਡ 'ਚ ਸਮਾਨ ਤੌਰ 'ਤੇ ਵਿਕਾਸ: ਵਿਧਾਇਕ ਕੋਹਲੀ



ਪਟਿਆਲਾ, 25 ਫਰਵਰੀ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਅਜੀਤਪਾਲ ਸਿੰਘ ਕੋਹਲੀ ਅਤੇ ਕੁੰਦਨ ਗੋਗੀਆ ਦੀ ਅਗਵਾਈ ਹੇਠ ਪਟਿਆਲਾ ਸ਼ਹਿਰ ਦੇ ਵੱਖ ਵੱਖ ਇਲਾਕਿਆਂ ਵਿੱਚ ਕਰੀਬ 6 ਕਰੋੜ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜ ਕਰਵਾਏ ਗਏ । ਇਹ ਕੰਮ ਵਾਰਡ ਨੰਬਰ 58 ਮਾਡਲ ਟਾਊਨ ਤੋਂ ਸ਼ੁਰੂ ਕਰਵਾਏ ਗਏ।

ਵਿਧਾਇਕ ਨੇ ਕਿਹਾ ਕਿ ਇਹ ਸਾਰੇ ਪ੍ਰੋਜੈਕਟ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਲੋਕ-ਹਿਤੈਸ਼ੀ ਅਤੇ ਵਿਕਾਸ ਕੇਂਦਰਿਤ ਸੋਚ ਦੇ ਤਹਿਤ ਅਮਲ ਵਿੱਚ ਲਿਆਂਦੇ ਗਏ ਹਨ।

ਕੋਹਲੀ ਨੇ ਕਿਹਾ ਕਿ ਵਿਕਾਸ ਕਾਰਜਾਂ ਤਹਿਤ ਕੈਪੀਟਲ ਥੀਏਟਰ ਤੋਂ ਕੋਹਲੀ ਟਰਾਂਸਪੋਰਟ, ਸਰਹਿੰਦੀ ਗੇਟ, ਟੀ.ਬੀ. ਹਸਪਤਾਲ ਰੋਡ, ਸੀ.ਆਈ.ਏ ਸਟਾਫ ਤੋਂ ਸਦਰ ਬਜ਼ਾਰ, ਮਾਡਲ ਟਾਊਨ, ਮਜੀਠੀਆ ਇਨਕਲੇਵ, ਡੀ.ਐਲ.ਐਫ ਕਲੋਨੀ ਦੀ ਮੇਨ ਰੋਡ, ਹੀਰਾ ਬਾਗ, ਰਣਜੀਤ ਨਗਰ ਅਤੇ ਆਦਰਸ਼ ਨਗਰ ਸਮੇਤ ਕਈ ਪ੍ਰਮੁੱਖ ਇਲਾਕਿਆਂ ਵਿੱਚ ਸੜਕਾਂ ਦੀ ਨਵੀਂ ਬਣਤ, ਰੀਕਾਰਪੇਟਿੰਗ, ਇੰਟਰਲਾਕਿੰਗ ਟਾਈਲਾਂ, ਡਰੇਨੇਜ ਸੁਧਾਰ ਅਤੇ ਆਵਾਜਾਈ ਸੁਵਿਧਾਵਾਂ ਵਿੱਚ ਵਾਧਾ ਕੀਤਾ ਗਿਆ ਹੈ। ਇਨ੍ਹਾਂ ਕਾਰਜਾਂ ਨਾਲ ਨਾ ਸਿਰਫ ਟ੍ਰੈਫਿਕ ਪ੍ਰਬੰਧਨ ਸੁਧਰੇਗਾ, ਸਗੋਂ ਇਲਾਕੇ ਦੀ ਸੂਰਤ ਵੀ ਨਿਖਰੇਗੀ।

ਇਸ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਵਿੱਚ ਇਤਿਹਾਸਕ ਵਿਕਾਸ ਦੀ ਲਹਿਰ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਹਰ ਹਿੱਸੇ ਵਿੱਚ ਬਿਨਾਂ ਕਿਸੇ ਭੇਦਭਾਵ ਦੇ ਵਿਕਾਸ ਕਰਨਾ ਉਨ੍ਹਾਂ ਦੀ ਪਹਿਲ ਹੈ ਅਤੇ ਲੋਕਾਂ ਨਾਲ ਕੀਤੇ ਵਾਅਦੇ ਲਗਾਤਾਰ ਪੂਰੇ ਕੀਤੇ ਜਾ ਰਹੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਹੋਰ ਨਵੇਂ ਪ੍ਰੋਜੈਕਟਾਂ ਦੀ ਘੋਸ਼ਣਾ ਕੀਤੀ ਜਾਵੇਗੀ ਤਾਂ ਜੋ ਸ਼ਹਿਰ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕੀਤਾ ਜਾ ਸਕੇ।

ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਸਾਰੇ ਵਿਕਾਸ ਕਾਰਜ ਮਿਆਰੀ ਤਰੀਕੇ ਨਾਲ ਅਤੇ ਸਮੇਂ ਸਿਰ ਮੁਕੰਮਲ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਰਹਿਨੁਮਾਈ ਹੇਠ ਨਗਰ ਨਿਗਮ ਸ਼ਹਿਰ ਦੀ ਸਫ਼ਾਈ, ਸੜਕਾਂ ਦੀ ਮੁਰੰਮਤ ਅਤੇ ਬੁਨਿਆਦੀ ਢਾਂਚੇ ਦੇ ਮਜ਼ਬੂਤੀਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਵਿਕਾਸ ਦੇ ਨਾਲ-ਨਾਲ ਹਰੇ-ਭਰੇ ਅਤੇ ਸੁੰਦਰ ਸ਼ਹਿਰ ਦੀ ਦ੍ਰਿਸ਼ਟੀ ਨੂੰ ਵੀ ਸਾਕਾਰ ਕੀਤਾ ਜਾ ਰਿਹਾ ਹੈ।

ਵਿਧਾਇਕ ਨੇ ਸ਼ਹਿਰ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਲੋਕਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ ਪਾਰਦਰਸ਼ੀ ਪ੍ਰਸ਼ਾਸਨ ਅਤੇ ਤੇਜ਼ ਗਤੀ ਨਾਲ ਵਿਕਾਸ ਕਾਰਜ ਜਾਰੀ ਰਹਿਣਗੇ। ਸ਼ਹਿਰ ਵਾਸੀਆਂ ਨੇ ਵੀ ਇਨ੍ਹਾਂ ਉਪਰਾਲਿਆਂ ਦੀ ਸਰਾਹਨਾ ਕਰਦਿਆਂ ਕਿਹਾ ਕਿ ਵਿਕਾਸ ਕਾਰਜਾਂ ਨਾਲ ਦਿਨਚਰੀ ਜੀਵਨ ਵਿੱਚ ਸੁਵਿਧਾਵਾਂ ਵਿੱਚ ਵਾਧਾ ਹੋਇਆ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਸੁਧਾਰ ਦੀ ਉਮੀਦ ਹੈ।

ਇਸ ਮੌਕੇ ਐਮ ਸੀ ਗੁਰਜੀਤ ਸਿੰਘ ਸਾਹਨੀ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਇਲਾਕਾ ਵਾਸੀ ਮੌਜੂਦ ਸਨ।

# ਸਿਵਲ ਡਿਫੈਂਸ ਸਿਖਲਾਈ ਅਤੇ ਸਮਰੱਥਾ ਨਿਰਮਾਣ ਯੋਜਨਾ ਤਹਿਤ ਦੂਸਰੇ ਸੱਤ ਰੋਜਾ ਕੈਂਪ ਦੀ ਸ਼ੁਰੂਆਤ

## ਵਲੰਟੀਅਰਜ਼ ਨੂੰ ਸਵੈ ਰੱਖਿਆ ਲਈ ਸਿੱਖਿਅਤ ਕਰਨਾ ਸ਼ਲਾਘਾਯੋਗ :ਸਤੀਸ਼ ਚੰਦਰ



ਪਟਿਆਲਾ, 25 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਹੋਮ ਗਾਰਡਜ ਅਤੇ ਨਾਗਰਿਕ ਸੁਰੱਖਿਆ ਵੱਲੋਂ ਸਰਕਾਰੀ ਕਾਲਜ ਆਫ ਨਰਸਿੰਗ ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਦੂਸਰਾ 7 ਰੋਜ਼ਾ ਸਿਵਲ ਡਿਫੈਂਸ ਸਿਖਲਾਈ ਅਤੇ ਸਮਰੱਥਾ ਨਿਰਮਾਣ ਯੋਜਨਾ ਕੈਂਪ ਲਗਾਇਆ ਗਿਆ।

ਪੰਜਾਬ ਹੋਮ ਗਾਰਡਜ ਦੇ ਡਾਇਰੈਕਟਰ ਜਰਨਲ ਆਫ ਪੁਲਿਸ ਤੇ ਸਿਵਲ ਡਿਫੈਂਸ ਪੰਜਾਬ ਦੇ ਡਾਇਰੈਕਟਰ ਸੰਜੀਵ ਕਾਲੜਾ ਅਤੇ ਜ਼ਿਲ੍ਹਾ ਕਮਾਂਡਰ ਗਗਨਪ੍ਰੀਤ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਲਗਾਏ ਗਏ ਕੈਂਪ ਦਾ ਉਦਘਾਟਨ ਮੁੱਖ ਮੰਤਰੀ ਫੀਲਡ ਅਫਸਰ ਸਤੀਸ਼ ਚੰਦਰ, ਜ਼ਿਲ੍ਹਾ ਕਮਾਂਡਰ ਗਗਨਪ੍ਰੀਤ ਸਿੰਘ ਢਿੱਲੋਂ ਅਤੇ ਕਾਲਜ ਆਫ ਨਰਸਿੰਗ ਦੇ ਪ੍ਰਿੰਸੀਪਲ ਡਾ. ਬਲਵਿੰਦਰ ਕੌਰ ਨੇ ਸ਼ਮਾ ਰੌਸ਼ਨ ਕਰਕੇ ਕੀਤਾ।

ਸਤੀਸ਼ ਚੰਦਰ ਨੇ ਕਿਹਾ ਕਿ ਕੈਂਪ ਵਿੱਚ ਵਲੰਟੀਅਰਜ਼ ਨੂੰ ਸਵੈ ਰੱਖਿਆ ਲਈ ਸਿੱਖਿਅਤ ਕਰਨਾ ਸ਼ਲਾਘਾਯੋਗ ਹੈ।

ਇਸ ਮੌਕੇ ਸਿਵਲ ਡਿਫੈਂਸ ਦੇ ਨੋਡਲ ਅਫਸਰ ਅਤੇ ਕੰਪਨੀ ਕਮਾਂਡਰ ਮੋਹਨਦੀਪ ਸਿੰਘ, ਕੰਪਨੀ ਕਮਾਂਡਰ ਕਰਮਜੀਤ ਸਿੰਘ ਭਿੰਡਰ, ਕੰਪਨੀ ਕਮਾਂਡਰ ਮਨਜਿੰਦਰ ਅੱਤਰੀ ਸਿਵਲ ਡਿਫੈਂਸ ਪਟਿਆਲਾ ਦੇ ਚੀਫ਼ ਵਾਰਡਨ ਕੇ.ਐਸ. ਸੇਖੋਂ ਅਤੇ ਪਲਟੂਨ ਕਮਾਂਡਰ ਤਰਵਿੰਦਰ ਸਿੰਘ ਨਾਲ 180 ਵਲੰਟੀਅਰਜ ਮੌਜੂਦ ਸਨ। ਜ਼ਿਲ੍ਹਾ ਕਮਾਂਡਰ ਗਗਨਪ੍ਰੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਕੈਂਪ ਦੌਰਾਨ ਸਿਖਿਆਰਥੀਆਂ ਨੂੰ ਨਾਗਰਿਕ ਸੁਰੱਖਿਆ ਦੀਆਂ 12 ਵਾਰਡਨ ਸਰਵਿਸ, ਫਾਇਰ ਸੇਫਟੀ, ਮੁਢਲੀ ਸਹਾਇਤਾ, ਸੀਪੀਆਰ, ਡੁਬਦੇ ਨੂੰ ਬਚਾਉਣਾ, ਕੁਦਰਤੀ ਆਫਤਾਂ, ਰੋਡ ਸੇਫਟੀ, ਲਿਫਟਿੰਗ-ਸ਼ਿਫਟਿੰਗ, ਸੁਰੱਖਿਆ ਕਰਦੇ ਹੋਏ ਰਾਹਤ ਕਾਰਜਾਂ ਵਿੱਚ ਹਿੱਸਾ ਲੈਣਾ ਆਦਿ ਬਾਰੇ ਦੱਸਦੇ ਹੋਏ ਅਭਿਆਸ ਕਰਵਾਇਆ ਜਾਵੇਗਾ। ਇਨ੍ਹਾਂ ਸਾਰੇ ਵਲੰਟੀਅਰਜ ਨੂੰ ਆਖਿਰ ਵਿੱਚ ਸਰਟੀਫਿਕੇਟ, ਟਰੈਕ ਸੂਟ, ਟੀ-ਸ਼ਰਟ ਅਤੇ ਸਿਵਲ ਡਿਫੈਂਸ ਦੀਆਂ ਕਿਤਾਬਾਂ ਵੰਡੀਆਂ ਜਾਣਗੀਆਂ।

# ਪੰਜਾਬ ਸਖੀ ਸ਼ਕਤੀ ਕਰਾਫ਼ਟ ਮੇਲੇ 'ਚ 'ਸਿੱਖ ਸਾਮਰਾਜ 1710-1849' ਬਾਰੇ ਲੱਗੀ ਪ੍ਰਦਰਸ਼ਨੀ ਬਣੀ ਖਿੱਚ ਦਾ ਕੇਂਦਰ

## ਪੰਜਾਬ ਰਾਜ ਪੁਰਾਲੇਖ ਵਿਭਾਗ ਦੇ ਸਹਿਯੋਗ ਨਾਲ ਪੰਜਾਬ ਡਿਜ਼ੀਟਲ ਲਾਇਬ੍ਰੇਰੀ ਵੱਲੋਂ ਅਹਿਮ ਉਪਰਾਲਾ



ਪਟਿਆਲਾ, 25 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਇੱਥੇ ਸ਼ੀਸ਼ ਮਹਿਲ ਵਿਖੇ ਚੱਲ ਰਹੇ ਪੰਜਾਬ ਸਖੀ ਸ਼ਕਤੀ ਕਰਾਫ਼ਟ ਮੇਲੇ 'ਚ ਪੰਜਾਬ ਡਿਜ਼ੀਟਲ ਲਾਇਬ੍ਰੇਰੀ ਵੱਲੋਂ ਪੰਜਾਬ ਰਾਜ ਪੁਰਾਲੇਖ ਵਿਭਾਗ ਦੇ ਸਹਿਯੋਗ ਨਾਲ ਲਗਾਈ ਗਈ 'ਦਿ ਸਿੱਖ ਸਾਮਰਾਜ (1710-1849): ਅੰਤਰਰਾਸ਼ਟਰੀ ਕਲਾਕਾਰਾਂ ਅਤੇ ਲੇਖਕਾਂ ਦਾ ਦ੍ਰਿਸ਼ਟੀਕੋਣ' ਪ੍ਰਦਰਸ਼ਨੀ ਨੇ ਦਰਸ਼ਕਾਂ ਦਾ ਧਿਆਨ ਖਿੱਚਿਆ ਹੈ।

ਸ਼ੀਸ਼ ਮਹਿਲ ਵਿਖੇ ਸਥਿਤ ਬਨਾਸਰ ਘਰ ਵਿਖੇ ਲਗਾਈ ਗਈ ਇਹ ਪੰਜਾਬ ਡਿਜ਼ੀਟਲ ਲਾਇਬ੍ਰੇਰੀ ਦੀ 14ਵੀਂ ਪ੍ਰਦਰਸ਼ਨੀ ਹੈ। ਜਦੋਂ ਕਿ ਪੰਜਾਬ ਰਾਜ ਪੁਰਾਲੇਖ ਵਿਭਾਗ ਨੇ ਵੀ ਕਰੀਬ 20 ਸਾਲਾਂ ਅਜਿਹੀ ਪ੍ਰਦਰਸ਼ਨੀ ਲਗਾਈ ਹੈ, ਜਿੱਥੇ ਕਿ ਖ਼ਾਲਸਾ ਦਰਬਾਰ ਦੇ ਅਹਿਮ ਦਸਤਾਵੇਜਾਂ ਸਮੇਤ ਮਹਾਰਾਜਾ ਦਲੀਪ ਸਿੰਘ ਦੀ ਮੁੜ ਸਿੱਖ ਬਣਨ ਦੀ ਇੱਛਾ ਜਤਾਉਂਦੀ ਚਿੱਠੀ, ਪੰਜਾਬ ਦਾ 1857 ਦਾ ਗ਼ਜਟ ਅਤੇ ਹੋਰ ਵਡਮੁੱਲੇ ਦਸਤਾਵੇਜ ਪ੍ਰਦਰਸ਼ਿਤ ਕੀਤੇ ਗਏ ਹਨ।

ਇਸ ਪ੍ਰਦਰਸ਼ਨੀ ਦਾ ਉਦਘਾਟਨ ਕਰਦਿਆਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਸੀ ਕਿ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਇਸ ਮੇਲੇ 'ਚ ਅਜਿਹੀ ਪ੍ਰਦਰਸ਼ਨੀ ਲਗਾਉਣ ਦਾ ਇਹ ਅਹਿਮ ਉਪਰਾਲਾ ਆਪਣੀ ਅਗਲੀ ਪੀੜ੍ਹੀ ਨੂੰ ਆਪਣੇ ਅਮੀਰ ਵਿਰਸੇ ਤੇ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਕੀਤਾ ਹੈ। ਉਨ੍ਹਾਂ ਉਮੀਦ ਜਤਾਈ ਕਿ ਇਹ ਪ੍ਰਦਰਸ਼ਨੀ ਵਿਦਵਾਨਾਂ, ਵਿਦਿਆਰਥੀਆਂ, ਇਤਿਹਾਸਕਾਰਾਂ, ਕਲਾਕਾਰਾਂ ਅਤੇ ਆਮ ਲੋਕਾਂ ਲਈ ਬਹੁਤ ਲਾਭਕਾਰੀ ਸਾਬਤ ਹੋਵੇਗੀ।

ਵਿੱਤ ਮੰਤਰੀ ਚੀਮਾ ਨੇ ਅਫ਼ਸੋਸ ਜਤਾਇਆ ਕਿ ਪਿਛਲੀਆਂ ਸਰਕਾਰਾਂ ਨੇ ਇਸ ਵਿਰਸੇ ਨੂੰ ਲੋਕਾਂ ਤੱਕ ਪਹੁੰਚਾਉਣ ਤੇ ਇਸ ਨੂੰ ਸੰਭਾਲਣ ਦਾ ਕੋਈ ਉਪਰਾਲਾ ਨਹੀਂ ਕੀਤਾ। ਉਨ੍ਹਾਂ ਨੇ ਪਟਿਆਲਾ ਦੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਤੇ ਏ.ਡੀ.ਸੀ. ਦਮਨਜੀਤ ਸਿੰਘ ਮਾਨ ਦੀ ਸ਼ਲਾਘਾ ਕਰਦਿਆਂ ਇਸ ਮੇਲੇ ਦੀ ਸਫ਼ਲਤਾ ਦੀ ਕਾਮਨਾ ਕੀਤੀ।

ਇਸੇ ਦੌਰਾਨ ਪੰਜਾਬ ਰਾਜ ਪੁਰਾਲੇਖ ਵਿਭਾਗ, ਚੰਡੀਗੜ੍ਹ ਤੇ ਪਟਿਆਲਾ ਦੇ ਅਧਿਕਾਰੀਆਂ ਨੇ ਦੱਸਿਆ ਕਿ ਲਗਪਗ 20 ਸਾਲਾਂ ਬਾਅਦ ਅਜਿਹੀ ਪ੍ਰਦਰਸ਼ਨੀ ਲਗਾਈ ਗਈ ਹੈ, ਜਿੱਥੇ ਵਿਭਾਗ ਨੇ ਆਪਣੇ ਵਡਮੁੱਲੇ ਦਸਤਾਵੇਜ ਪ੍ਰਦਰਸ਼ਿਤ ਕੀਤੇ ਹਨ। ਉਨ੍ਹਾਂ ਦੱਸਿਆ ਕਿ ਪੁਰਾਲੇਖ ਵਿਭਾਗ ਨੇ ਖ਼ਾਲਸਾ ਦਰਬਾਰ 1839-1840, 1841-1846 ਦਾ ਪ੍ਰਸ਼ਾਸਨਿਕ ਰਿਕਾਰਡ, ਤੋਸ਼ਾਖਾਨਾ, ਪੰਜਾਬ ਗ਼ਜਟ 1857, ਮਹਾਰਾਜਾ ਰਣਜੀਤ ਸਿੰਘ ਦਾ ਸ਼ਾਹੀ ਦਰਬਾਰ, ਤਵਾਰੀਖ ਰਾਜ ਖ਼ਾਲਸਾ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਨਕਸ਼ਾ, ਮਹਾਰਾਜੇ ਦੀ ਬੰਸਾਵਲੀ, ਖ਼ਾਲਸਾ ਦਰਬਾਰ ਦਾ ਮਿਲਟਰੀ ਰਿਕਾਰਡ, 1840 ਦੀ ਮਹਾਰਾਜਾ ਰਣਜੀਤ ਸਿੰਘ ਬਾਰੇ ਲਿਖੀ ਪਹਿਲੀ ਪੁਸਤਕ ਆਦਿ ਦਸਤਾਵੇਜ ਦਿਖਾਏ ਗਏ ਹਨ।

ਇਸ ਮੌਕੇ ਗ਼ੈਰ ਸਰਕਾਰੀ ਸੰਸਥਾ ਪੰਜਾਬ ਡਿਜ਼ੀਟਲ ਲਾਇਬ੍ਰੇਰੀ, ਚੰਡੀਗੜ੍ਹ ਦੇ ਆਊਟਰੀਚ ਡਾਇਰੈਕਟਰ ਦਲਬੀਰ ਸਿੰਘ ਤੇ ਆਊਟਰੀਚ ਕੋਆਰਡੀਨੇਟਰ ਗੀਤਾਂਜਲੀ ਨੇ ਦੱਸਿਆ ਕਿ ਸਿੱਖ ਰਾਜ ਦੇ ਸਮੇਂ ਜੋ ਵਿਦੇਸ਼ਾਂ ਤੋਂ ਕਲਾਕਾਰ ਤੇ ਲੇਖਕ ਪੰਜਾਬ ਆਏ ਅਤੇ ਉਨ੍ਹਾਂ ਨੇ ਜੋ ਕੁਝ ਸਿੱਖ ਰਾਜ ਬਾਰੇ ਦੇਖ ਕੇ ਲਿਖਿਆ ਤੇ ਚਿਤਰਿਆ ਅਤੇ ਆਪਣਾ ਦ੍ਰਿਸ਼ਟੀਕੋਣ ਬਣਾਇਆ, ਉਸ ਬਾਰੇ ਇਹ ਪ੍ਰਦਰਸ਼ਨੀ ਦਰਸ਼ਕਾਂ ਨੂੰ ਜਾਣੂ ਕਰਵਾਉਣ ਦਾ ਉਪਰਾਲਾ ਹੈ। ਉਨ੍ਹਾਂ ਦੱਸਿਆ ਕਿ ਇਹ ਪ੍ਰਦਰਸ਼ਨੀ ਦੁਰਲੱਭ ਮੂਲ ਪੁਰਾਲੇਖ ਸਮੱਗਰੀ ਨੂੰ ਪ੍ਰਦਰਸ਼ਿਤ ਕਰਦੀ ਹੋਈ ਪੰਜਾਬ ਤੇ ਸਿੱਖ ਸਾਮਰਾਜ ਨਾਲ ਅੰਤਰਰਾਸ਼ਟਰੀ ਕਲਾਤਮਕ ਅਤੇ ਸਾਹਿਤਕ ਰੁਝੇਵਿਆਂ ਨੂੰ ਦਰਸਾਉਂਦੀ ਹੈ।

ਉਨ੍ਹਾਂ ਦੱਸਿਆ ਕਿ ਸੰਯੁਕਤ ਰਾਜ ਅਮਰੀਕਾ ਅਤੇ ਪੰਜਾਬ ਦੇ ਪੰਜਾਬ ਡਿਜੀਟਲ ਲਾਇਬ੍ਰੇਰੀ ਇੰਟਰਨਾਂ ਦੁਆਰਾ ਤਿਆਰ ਕੀਤੀ ਇਹ ਪ੍ਰਦਰਸ਼ਨੀ ਸੈਲਾਨੀਆਂ ਨੂੰ ਪੰਜਾਬ ਦੀ ਸ਼ਾਹੀ ਵਿਰਾਸਤੀ ਮਾਹੌਲ ਵਿੱਚ ਮੂਲ ਦਸਤਾਵੇਜ਼ਾਂ, ਇਤਿਹਾਸਕ ਕਲਾਕ੍ਰਿਤੀਆਂ ਅਤੇ ਘੱਟ ਵੇਖੇ ਜਾਣ ਵਾਲੇ ਦ੍ਰਿਸ਼ਟੀਕੋਣਾਂ ਦਾ ਅਨੁਭਵ ਕਰਨ ਦਾ ਇੱਕ ਵਿਲੱਖਣ ਮੌਕਾ ਪ੍ਰਦਾਨ ਕਰਦੀ ਹੈ, ਜਿਸ ਨਾਲ ਅਤੀਤ ਅਤੇ ਵਰਤਮਾਨ ਵਿਚਕਾਰ ਇੱਕ ਅਰਥਪੂਰਨ ਸਬੰਧ ਬਣਦਾ ਹੈ।

ਦਲਬੀਰ ਸਿੰਘ ਨੇ ਹੋਰ ਦੱਸਿਆ ਕਿ ਪੰਜਾਬ ਡਿਜੀਟਲ ਲਾਇਬ੍ਰੇਰੀ ਪੰਜਾਬ ਦੀ ਅਮੀਰ ਸੱਭਿਆਚਾਰਕ ਅਤੇ ਇਤਿਹਾਸਕ ਵਿਰਾਸਤ ਦੀ ਸੰਭਾਲ ਅਤੇ ਪ੍ਰਸਾਰ ਨੂੰ ਸਮਰਪਿਤ ਹੈ ਅਤੇ ਸਾਡੇ ਕੋਲ 100 ਮਿਲੀਅਨ ਪੰਨਿਆਂ ਦੇ ਡਿਜੀਟਾਈਜ਼ੇਸ਼ਨ ਦੇ ਨਾਲ, ਪੀਡੀਐਲ ਦੁਨੀਆ ਵਿੱਚ ਪੰਜਾਬ ਦਾ ਸਭ ਤੋਂ ਵੱਡਾ ਭੰਡਾਰ ਹੈ।

# ਯੋਗ ਭਾਰਤ ਦੀ ਪ੍ਰਾਚੀਨ ਵੈਦਿਕ ਪਰੰਪਰਾ ਦਾ ਅਨਮੋਲ ਤੋਹਫਾ ਹੈ: ਸਵਾਮੀ ਵਿਗਿਆਨਾਨੰਦ



ਸੁਨਾਮ ਊਧਮ ਸਿੰਘ ਵਾਲਾ, 25 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਵੱਲੋਂ ਸਥਾਨਕ ਆਸ਼ਰਮ ਵਿਖੇ ਆਪਣੇ ਸਿਹਤ ਜਾਗਰੂਕਤਾ ਪ੍ਰੋਗਰਾਮ ਆਰੋਗਯ ਤਹਿਤ ਵਿਸ਼ਾਲ ਵਿਲੱਖਣ ਯੋਗ ਅਤੇ ਧਿਆਨ ਸਾਧਨਾ ਸ਼ਿਵਿਰ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਸੰਸਥਾਨ ਵੱਲੋਂ ਸ਼੍ਰੀ ਆਸ਼ੂਤੋਸ਼ ਮਹਾਰਾਜ ਜੀ ਦੇ ਸ਼ਿਸ਼ ਸਵਾਮੀ ਵਿਗਿਆਨਾਨੰਦ ਜੀ ਨੇ ਭਾਰਤੀ ਸੰਸਕ੍ਰਿਤੀ ਦੀ ਮਹਾਨ ਵਿਰਾਸਤ ਯੋਗ ਤੋਂ ਜਾਣੂ ਕਰਵਾਉਂਦੇ ਹੋਏ ਯੋਗ ਸਾਧਕਾਂ ਨੂੰ ਦੱਸਿਆ ਕਿ ਯੋਗ ਭਾਰਤ ਦੀ ਪ੍ਰਾਚੀਨ ਪਰੰਪਰਾ ਵਿੱਚੋਂ ਇੱਕ ਹੈ। ਇਹ ਇੱਕ ਅਨਮੋਲ ਤੋਹਫ਼ਾ ਹੈ, ਇਹ ਸਰੀਰ, ਮਨ ਅਤੇ ਆਤਮਾ ਦੀ ਇੱਕ ਅਵਸਥਾ, ਮਨੁੱਖ ਅਤੇ ਕੁਦਰਤ ਵਿਚਕਾਰ ਏਕਤਾ, ਸੰਜਮ ਅਤੇ ਪੂਰਤੀ ਪ੍ਰਦਾਨ ਕਰਦਾ ਹੈ ਅਤੇ ਸਿਹਤ ਅਤੇ ਤੰਦਰੁਸਤੀ ਲਈ ਇੱਕ ਸੰਪੂਰਨ ਪਹੁੰਚ ਨੂੰ ਦਰਸਾਉਂਦਾ ਹੈ। ਇਹ ਕੇਵਲ ਕਸਰਤ ਬਾਰੇ ਨਹੀਂ ਹੈ, ਸਗੋਂ ਆਪਣੇ ਅੰਦਰ ਏਕਤਾ ਦੀ ਭਾਵਨਾ, ਸੰਸਾਰ ਅਤੇ ਕੁਦਰਤ ਦੀ ਖੋਜ ਹੈ। ਸਾਡੀ ਬਦਲਦੀ ਜੀਵਨਸ਼ੈਲੀ ਵਿੱਚ ਇਹ ਚੇਤਨਾ ਬਣ ਕੇ ਇਹ ਸਾਨੂੰ ਜਲਵਾਯੂ ਤਬਦੀਲੀ ਨਾਲ ਨਜਿੱਠਣ ਵਿੱਚ ਮਦਦ ਕਰ ਸਕਦਾ ਹੈ। ਇਸੇ ਲਈ ਇਹ ਬੜੇ ਮਾਣ ਨਾਲ ਕਿਹਾ ਜਾ ਸਕਦਾ ਹੈ ਕਿ ਭਾਰਤੀ ਯੋਗ ਰਿਸ਼ੀਆਂ ਵੱਲੋਂ ਦਿੱਤੀ ਗਈ ਯੋਗ ਵਿਧੀ ਨੂੰ ਸਾਰੇ ਸੰਸਾਰ ਵਿੱਚ ਅਗਵਾਈ ਕਰਨ ਵਾਲੀਆਂ ਸਾਰੀਆਂ ਕੌਮਾਂ ਨੇ ਸਰਬਸੰਮਤੀ ਨਾਲ ਇੱਕ ਉੱਤਮ ਨਿਧੀ ਵਜੋਂ ਸਵੀਕਾਰ ਕੀਤਾ ਸੀ। ਇਸ ਲਈ ਦਸੰਬਰ 2014 ਵਿੱਚ ਸੰਯੁਕਤ ਰਾਸ਼ਟਰ ਸੰਘ ਦੀ ਮਹਾਂਸਭਾ ਨੇ ਹਰ ਸਾਲ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਵਜੋਂ ਮਨਾਉਣ ਦਾ ਮਤਾ ਪਾਸ ਕੀਤਾ ਸੀ।

ਯੋਗ ਦੀ ਰਹੱਸਮਈ ਵਿਆਖਿਆ 'ਤੇ ਚਾਨਣਾ ਪਾਉਂਦੇ ਹੋਏ ਸਵਾਮੀ ਜੀ ਨੇ ਕਿਹਾ ਕਿ ਅੱਜ ਮੂਲ ਰੂਪ ਵਿੱਚ ਸਿਰਫ ਕੁਝ ਯੋਗਾਸਨਾਂ ਅਤੇ ਪ੍ਰਾਣਾਯਾਮ ਨੂੰ ਸੰਪੂਰਨ ਯੋਗ ਪ੍ਰਣਾਲੀ ਵਜੋਂ ਸਵੀਕਾਰ ਕੀਤਾ ਜਾਂਦਾ ਹੈ। ਹਾਲਾਂਕਿ, ਅਜਿਹਾ ਨਹੀਂ ਹੈ। ਯੋਗ ਸ਼ਬਦ ਸੰਸਕ੍ਰਿਤ ਦੇ ਮੂਲ ਯੁਜ ਤੋਂ ਲਿਆ ਗਿਆ ਹੈ, ਜਿਸਦਾ ਅਰਥ ਹੈ ਮਿਲਾਪ ਹੋਣਾ। ਯਾਨੀ ਸਾਡੇ ਸਰੀਰ, ਮਨ ਅਤੇ ਆਤਮਾ ਦਾ ਮਿਲਾਪ ਹੀ ਯੋਗ ਹੈ। ਮਹਾਰਿਸ਼ੀ ਪਤੰਜਲੀ ਨੇ ਯੋਗ ਦੀ ਪਰਿਭਾਸ਼ਾ ਦਿੰਦੇ ਹੋਏ ਕਿਹਾ ਹੈ ਕਿ ਯੋਗ: ਚਿਤ ਵਿਰਤਿ ਨਿਰੋਧ ਜਿਸਦਾ ਅਰਥ ਹੈ ਮਨ ਦੀਆਂ ਪ੍ਰਵਿਰਤੀਆਂ ਦਾ ਖਾਤਮਾ ਹੀ ਯੋਗ ਹੈ। ਤਦ ਹੀ ਯੋਗਹ ਕਰਮਸੁ ਕੌਸ਼ਲਮ ਦਾ ਸੰਕਲਪ ਸਿੱਧ ਹੁੰਦਾ ਹੈ। ਪਤੰਜਲੀ ਯੋਗ ਸੂਤਰ ਦੇ ਅਨੁਸਾਰ ਸਾਧਕਾਂ ਨੂੰ ਉਨ੍ਹਾਂ ਦੇ ਵਿਗਿਆਨਕ ਪੱਖ ਦੁਆਰਾ ਸਰੀਰਕ ਲਾਭਾਂ ਤੋਂ ਜਾਣੂ ਕਰਵਾਇਆ ਗਿਆ ਜਦੋਂ ਕਿ ਉਨ੍ਹਾਂ ਨੂੰ ਤਾੜਾਸਨ, ਦੰਡਾਸਨ, ਕਟੀਚਕ੍ਰਾਸਨ, ਅਰਧ ਚੰਦਰਾਸਨ, ਦਵਿਚਕ੍ਰਾਸਨ, ਭੁਜੰਗਾਸਨ, ਨਾੜੀ ਸ਼ੋਧਨ, ਅਨੁਲੋਮ ਵਿਲੋਮ ਪ੍ਰਾਣਾਯਾਮ ਆਦਿ ਦਾ ਅਭਿਆਸ ਕਰਵਾਇਆ ਗਿਆ। ਧਿਆਨ ਦੇਣ ਯੋਗ ਹੈ ਕਿ ਅੱਜ ਸੰਸਥਾਨ ਵੱਲੋਂ ਆਪਣੇ ਸੰਜੀਵਿਕਾ ਪ੍ਰੋਜੈਕਟ ਦੇ ਅੰਤਰਗਤ ਆਯੁਰਵੈਦਿਕ ਸ਼ਿਵਿਰ ਵੀ ਆਯੋਜਿਤ ਕੀਤਾ ਗਿਆ, ਜਿਸ ਵਿੱਚ ਵੈਦ ਰਾਜ ਕੁਮਾਰ ਨੇ ਯੋਗ ਸਾਧਕਾਂ ਦਾ ਨਾੜੀ ਪਰੀਖਣ ਕਰਕੇ ਉਨ੍ਹਾਂ ਨੂੰ ਆਯੁਰਵੈਦਿਕ ਦਵਾਈਆਂ ਵੀ ਉਪਲਬਧ ਕਰਵਾਈਆਂ। ਸਾਰੇ ਹੀ ਸਾਧਕਾਂ ਨੇ ਸਰੀਰਕ ਸਿਹਤ ਨਾਲ ਭਰਪੂਰ ਪ੍ਰੋਗਰਾਮ ਦਾ ਭਰਪੂਰ ਲਾਭ ਉਠਾਇਆ।

# ਹਰਚੰਦ ਸਿੰਘ ਬਰਸਟ ਨਾਲ ਡੇਢ ਦਰਜ਼ਨ ਪੰਚਾਇਤਾਂ ਨੇ ਕੀਤੀ ਮੁਲਾਕਾਤ, ਸੁਣੀਆਂ ਮੁਸ਼ਕਲਾਂ



ਸਮਾਣਾ, 25 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਅੱਜ ਪਟਿਆਲਾ ਦਫ਼ਤਰ ਵਿਖੇ ਆਯੋਜਿਤ ਲੋਕ ਮਿਲਣੀ ਪ੍ਰੋਗਰਾਮ ਦੌਰਾਨ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ। ਇਸ ਲੋਕ ਮਿਲਣੀ ਪ੍ਰੋਗਰਾਮ ਦੌਰਾਨ ਕਰੀਬ ਦੇਢ ਦਰਜ਼ਨ ਪਿੰਡਾਂ ਦੀਆਂ ਪੰਚਾਇਤਾਂ ਅਤੇ ਹੋਰ ਮੋਹਤਬਰ ਸੱਜਣਾਂ ਵੱਲੋਂ ਸ. ਹਰਚੰਦ ਸਿੰਘ ਬਰਸਟ ਨਾਲ ਮੁਲਾਕਾਤ ਕੀਤੀ ਗਈ। ਸ. ਬਰਸਟ ਨੇ ਸਾਰਿਆਂ ਦੀਆਂ ਮੁਸ਼ਕਲਾਂ ਅਤੇ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ ਅਤੇ ਮੌਕੇ ਤੇ ਹੀ ਇਨ੍ਹਾਂ ਦਾ ਨਿਪਟਾਰਾ ਕੀਤਾ। ਇਸ ਮੌਕੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪਿੰਡਾਂ ਅਤੇ ਸ਼ਹਿਰਾਂ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਦੌਰਾਨ ਸ. ਹਰਚੰਦ ਸਿੰਘ ਬਰਸਟ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਉਹ ਹਰ ਸਮੇਂ ਲੋਕਾਂ ਦੇ ਨਾਲ ਖੜੇ ਹਨ। ਉਨ੍ਹਾਂ ਦੀ ਹਮੇਸ਼ਾ ਇਹੀ ਕੋਸ਼ਿਸ ਰਹੀ ਹੈ ਕਿ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਪੇਸ਼ ਨਾ ਆਵੇ, ਜਿਸ ਲਈ ਉਹ ਖੁਦ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਲੋਕ ਮਿਲਣ ਪ੍ਰੋਗਰਾਮ ਭਵਿੱਖ ਵਿੱਚ ਵੀ ਪੰਜਾਬ ਸਰਕਾਰ ਦੀਆਂ ਨੀਤੀਆਂ ਅਤੇ ਲੋਕ ਹਿਤੈਸ਼ੀ ਕਾਰਜਾਂ ਤੋਂ ਲੋਕ ਬਹੁਤ ਖੁਸ਼ : ਚੇਅਰਮੈਨ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਅਤੇ ਸਿੱਖਿਆ ਪ੍ਰਦਾਨ ਕਰਨ ਲਈ ਵਿਸ਼ੇਸ਼ ਪੱਧਰ ਤੇ ਕਾਰਜ ਕੀਤੇ ਜਾ ਰਹੇ ਹਨ। ਇਸਦੇ ਨਾਲ ਹੀ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ।

# ਪੰਜਾਬ ਪਬਲਿਕ ਸਕੂਲ ਨਾਭਾ ਨੇ ਆਰਮੀ ਕੋਰ ਆਫ਼ ਸਿਗਨਲਜ਼ ਵੱਲੋਂ ਆਯੋਜਿਤ ਮੋਟਰਸਾਈਕਲ ਰੈਲੀ ਦੀ ਕੀਤੀ ਮੇਜ਼ਬਾਨੀ



ਨਾਭਾ, 25 ਫਰਵਰੀ/-ਸੁਧੀਰ ਜੈਨ-
-ਕੌਮੀ ਪੱਤ੍ਰਿਕਾ ਬਿਊਰੋ-

ਆਰਮੀ ਕੋਰ ਆਫ਼ ਸਿਗਨਲਜ਼ ਦੇ 116ਵੇਂ ਸਥਾਪਨਾ ਦਿਵਸ ਦੀ ਯਾਦ ਵਿੱਚ ਇੱਕ ਮੋਟਰਸਾਈਕਲ ਰੈਲੀ ਸਾਬਕਾ ਸੈਨਿਕਾਂ ਅਤੇ ਯੁੱਧ ਨਾਇਕਾਂ ਦਾ ਸਨਮਾਨ ਕਰਨ ਅਤੇ ਨੌਜਵਾਨਾਂ ਨੂੰ ਹਥਿਆਰਬੰਦ ਸੈਨਾਵਾਂ ਦੀ ਬਹਾਦਰੀ ਅਤੇ ਕੁਰਬਾਨੀ ਨੂੰ ਯਾਦ ਕਰਨ ਲਈ ਪ੍ਰੇਰਿਤ ਕਰਨ ਲਈ ਚੱਲ ਰਹੀ ਹੈ। ਕਰਨਲ ਰਾਜੀਵ ਕੁਮਾਰ ਦੀ ਅਗਵਾਈ ਵਿੱਚ ਦਸ ਫੌਜ ਦੇ ਜਵਾਨਾਂ ਦੀ ਇੱਕ ਟੀਮ ਲਗਭਗ 2000 ਕਿਲੋਮੀਟਰ ਦੀ ਦੂਰੀ ਤੈਅ ਕਰ ਰਹੀ ਹੈ। ਇਹ ਰੈਲੀ 15 ਫਰਵਰੀ, 2026 ਨੂੰ ਦਿੱਲੀ ਤੋਂ ਸ਼ੁਰੂ ਹੋਈ ਸੀ, ਅਤੇ ਹਿਸਾਰ, ਮੰਡੀ ਡੱਬਵਾਲੀ, ਅਬੋਹਰ, ਅੰਮ੍ਰਿਤਸਰ, ਨਾਭਾ, ਚੰਡੀਗੜ੍ਹ ਅਤੇ ਦੇਹਰਾਦੂਨ ਵਿੱਚੋਂ ਲੰਘਦੀ ਹੋਈ ਮੇਰਠ ਵਿਖੇ ਸਮਾਪਤ ਹੋਵੇਗੀ। ਇਹ ਰੈਲੀ 21 ਫਰਵਰੀ, 2026 ਨੂੰ ਪੰਜਾਬ ਪਬਲਿਕ ਸਕੂਲ, ਨਾਭਾ ਪਹੁੰਚੀ। ਲੈਫਟੀਨੈਂਟ ਕਰਨਲ ਅਰਚਨਾ ਸਿੰਘ ਨੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਕੋਰ ਆਫ਼ ਸਿਗਨਲਜ਼ ਦੀ ਮਹੱਤਵਪੂਰਨ ਭੂਮਿਕਾ ਅਤੇ ਕਾਰਜਸ਼ੀਲਤਾ ਤੋਂ ਜਾਣੂ ਕਰਵਾਇਆ। ਉਨ੍ਹਾਂ ਨੇ ਭਾਰਤੀ ਫੌਜ ਦੀ ਤਾਕਤ ਅਤੇ ਪੇਸ਼ੇਵਰਤਾ 'ਤੇ ਚਾਨਣਾ ਪਾਇਆ ਅਤੇ ਨੌਜਵਾਨਾਂ ਨੂੰ ਦੇਸ਼ ਦੀ ਸੇਵਾ ਲਈ ਫੌਜ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ।

ਸਕੂਲ ਹੈਡਮਾਸਟਰ ਡਾ. ਡੀ.ਸੀ. ਸ਼ਰਮਾ ਨੇ ਟੀਮ ਮੈਂਬਰਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤੇ ਅਤੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਲਈ ਟੀਮ ਦਾ ਧੰਨਵਾਦ ਪ੍ਰਗਟ ਕੀਤਾ।

# ਨਸ਼ਿਆਂ ਅਤੇ ਮਾੜੇ ਅਨਸਰਾਂ ਖ਼ਿਲਾਫ਼ ਜਾਗਰੂਕਤਾ ਮਾਰਚ ਕੱਢਿਆ




ਲੁਧਿਆਣਾ, 25 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਪੰਥ ਅਕਾਲੀ ਅਰਬਾਂ ਖਰਬਾਂ ਤਰਨਾ ਦੱਲ ਵੱਲੋਂ ਦੱਲ ਦੇ ਮੁਖੀ ਬਾਬਾ ਰਾਜਾ ਰਾਜ ਸਿੰਘ ਦੀ ਰਹਿਨੁਮਾਈ ਹੇਠ ਨਸ਼ਿਆਂ ਅਤੇ ਮਾੜੇ ਅਨਸਰਾਂ ਖ਼ਿਲਾਫ਼ ਇਕ ਜਾਗਰੂਕਤਾ ਮਾਰਚ ਕੱਢਿਆ ਗਿਆ। ਮਾਰਚ ਦੀ ਅਗਵਾਈ ਜ਼ਿਲ੍ਹਾ ਲੁਧਿਆਣਾ ਦੇ ਜਥੇਦਾਰ ਬਾਬਾ ਪ੍ਰਗਟ ਸਿੰਘ ਅਤੇ ਲੁਧਿਆਣਾ ਦਿਹਾਤੀ ਦੇ ਜਥੇਦਾਰ ਬਾਬਾ ਕੁਲਵੰਤ ਸਿੰਘ ਨੇ ਕੀਤੀ।

ਪੈਦਲ ਮਾਰਚ ਦੌਰਾਨ ਆਮ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਜੇਕਰ ਕਿਸੇ ਨੂੰ ਨਸ਼ਿਆਂ ਦੀ ਤਸਕਰੀ ਬਾਰੇ ਜਾਣਕਾਰੀ ਹੋਵੇ ਤਾਂ ਦੱਲ ਨਾਲ ਸਾਂਝੀ ਕੀਤੀ ਜਾਵੇ ਅਤੇ ਸੂਚਨਾ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ।

ਮਾਰਚ ਵਿੱਚ ਹਲਕਾ ਦੱਖਣੀ ਦੀ ਵਿਧਾਇਕ ਰਜਿੰਦਰ ਪਾਲ ਕੌਰ ਛੀਨਾ ਨੇ ਵੀ ਸ਼ਿਰਕਤ ਕਰਦੇ ਹੋਏ ਇਸ ਉਪਰਾਲੇ ਦੀ ਸਰਾਹਨਾ ਕੀਤੀ ਅਤੇ ਨਸ਼ਿਆਂ ਖ਼ਿਲਾਫ਼ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ।

ਇਸ ਮੌਕੇ ਇਲਾਕਾ ਨਿਵਾਸੀਆਂ ਅਤੇ ਵੱਡੀ ਗਿਣਤੀ ਵਿੱਚ ਦੱਲ ਦੇ ਮੈਂਬਰਾਂ ਨੇ ਹਾਜ਼ਰੀ ਲਗਵਾ ਕੇ ਮਾਰਚ ਨੂੰ ਸਫਲ ਬਣਾਇਆ।

# ਓਪਨ ਯੂਨੀਵਰਸਿਟੀ ਵਿਖੇ ਇੱਕ ਰੋਜ਼ਾ ਪ੍ਰੋਗਰਾਮ ਦਾ ਆਯੋਜਨ

ਪਟਿਆਲਾ, 25 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਅੰਗਰੇਜ਼ੀ ਵਿਭਾਗ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਵਿਖੇ ਪ੍ਰੋ. (ਡਾ.) ਰਤਨ ਸਿੰਘ, ਵਾਈਸ-ਚਾਂਸਲਰ, ਦੀ ਯੋਗ ਅਗਵਾਈ ਹੇਠ ਅਤੇ PSOU ਰੀਜਨਲ ਸੈਂਟਰ ਜ਼ੋਨ 05, ਲਾਇਲਪੁਰ ਖਾਲਸਾ ਕਾਲਜ, ਕਪੂਰਥਲਾ ਦੇ ਸਹਿਯੋਗ ਨਾਲ ਇਮੋਸ਼ਨਲ ਰੈਗੂਲੇਸ਼ਨ: ਦਾ ਅਲਟੀਮੇਟ ਲਾਈਫ ਸਕਿਲ ਵਿਸ਼ੇ ਤੇ ਇੱਕ ਰੋਜ਼ਾ ਰਾਸ਼ਟਰੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਡਾ. ਜੈਸਮੀਨ ਕੌਰ, ਕੌਂਸਲਰ, ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ, ਪੰਜਾਬ, ਇਸ ਵਰਕਸ਼ਾਪ ਦੇ ਰਿਸੋਰਸ ਪਰਸਨ ਸਨ। ਉਨਾਂ ਨੇ ਕਿਹਾ ਕਿ ਭਾਵਨਾਤਮਕ ਸੰਯਮ (Emotional Regulation) ਜੀਵਨ ਦੀ ਅਹਿਮ ਕਲਾ ਵਿਅਕਤੀ ਨੂੰ ਆਪਣੇ ਵਿਚਾਰਾਂ ਅਤੇ ਭਾਵਨਾਵਾਂ ਨੂੰ ਨਿਯੰਤਰਿਤ ਕਰਨ ਵਿੱਚ ਸਹਾਈ ਹੁੰਦੀ ਹੈ। ਡਾ. ਨਵਲੀਨ ਮੁਲਤਾਨੀ, ਮੁਖੀ, ਅੰਗਰੇਜ਼ੀ ਵਿਭਾਗ ਨੇ ਕਿਹਾ ਕਿ ਅਜਿਹੇ ਸੈਸ਼ਨ ਵਿਦਿਆਰਥੀਆਂ ਦੇ ਵਿਕਾਸ ਲਈ ਬਹੁਤ ਲਾਭਦਾਇਕ ਸਾਬਤ ਹੁੰਦੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਿੱਖਿਆ ਦੇ ਨਾਲ-ਨਾਲ ਮਾਨਸਿਕ ਅਤੇ ਸਕਾਰਾਤਮਕ ਸੋਚ ਅਪਨਾਉਣ ਦੀ ਪ੍ਰੇਰਣਾ ਦਿੱਤੀ। ਮੰਚ ਸੰਚਾਲਨ ਗਗਨਪ੍ਰੀਤ ਕੌਰ ਹੰਜਰਾ ਵੱਲੋਂ ਕੀਤਾ ਗਿਆ। ਵਰਕਸ਼ਾਪ ਦੌਰਾਨ 55 ਵਿਦਿਆਰਥੀਆਂ ਅਤੇ ਫੈਕਲਟੀ ਨੇ ਹਿੱਸਾ ਲਿਆ।

# ਕੌਂਸਲਰਾਂ ਨੂੰ 'ਈ-ਨਿਗਮ ਪੋਰਟਲ' ਦੀ ਟ੍ਰੇਨਿੰਗ ਲਈ ਦੋ ਰੋਜ਼ਾ ਸੈਸ਼ਨ ਸ਼ੁਰੂ

## ਡਿਜੀਟਲ ਹੋਣ ਨਾਲ ਕੰਮਾਂ ਦੀ ਵਧੇਗੀ ਰਫਤਾਰ : ਮੇਅਰ, ਕਮਿਸ਼ਨਰ



ਪਟਿਆਲਾ, 25 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਨਗਰ ਨਿਗਮ ਪਟਿਆਲਾ ਦੇ ਕੰਮਕਾਜ ਨੂੰ ਆਧੁਨਿਕ ਲੀਹਾਂ 'ਤੇ ਪਾਉਣ ਅਤੇ ਪਾਰਦਰਸ਼ਤਾ ਲਿਆਉਣ ਲਈ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਜੀਤ ਸਿੰਘ ਦੀ ਅਗਵਾਈ ਹੇਠ ਇੱਕ ਅਹਿਮ ਡਿਜੀਟਲ ਪਹਿਲਕਦਮੀ ਕੀਤੀ ਗਈ ਹੈ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੁਣ ਜਨਰਲ ਹਾਊਸ ਦੀਆਂ ਮੀਟਿੰਗਾਂ ਨੂੰ ਪੂਰੀ ਤਰ੍ਹਾਂ 'ਈ-ਨਿਗਮ ਪੋਰਟਲ' ਰਾਹੀਂ ਡਿਜੀਟਲ ਕਰਨ ਦੀ ਤਿਆਰੀ ਕਰ ਲਈ ਗਈ ਹੈ। ਇਸ ਪ੍ਰਣਾਲੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਸਮੂਹ ਕੌਂਸਲਰਾਂ ਨੂੰ ਟੈਬਲੇਟ ਰਾਹੀਂ ਪੋਰਟਲ ਦੀ ਵਰਤੋਂ ਕਰਨ ਦੀ ਸਿਖਲਾਈ ਦੇਣ ਲਈ ਦੋ ਰੋਜ਼ਾ ਵਿਸ਼ੇਸ਼ ਸੈਸ਼ਨ ਅੱਜ ਤੋਂ ਸ਼ੁਰੂ ਹੋ ਗਿਆ ਹੈ।

ਇਸ ਮੌਕੇ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਜੀਤ ਸਿੰਘ ਨੇ ਸਾਂਝੇ ਤੌਰ ਤੇ ਦੱਸਿਆ ਕਿ ਨੇ ਕਿਹਾ ਕਿ ਨਗਰ ਨਿਗਮ ਦੇ ਕੰਮਕਾਜ ਨੂੰ ਡਿਜੀਟਲ ਕਰਨ ਨਾਲ ਜਿੱਥੇ ਕਾਗਜ਼ੀ ਕਾਰਵਾਈ ਘਟੇਗੀ, ਉਥੇ ਹੀ ਮੀਟਿੰਗਾਂ ਦਾ ਰਿਕਾਰਡ ਵੀ ਸੁਰੱਖਿਅਤ ਅਤੇ ਡਿਜੀਟਲ ਰੂਪ ਵਿੱਚ ਉਪਲਬਧ ਰਹੇਗਾ। ਇਸ ਦੇ ਨਾਲ ਹੀ ਇਸ ਉੱਦਮ ਨਾਲ ਵਿਕਾਸ ਕਾਰਜਾਂ ਅਤੇ ਮਤਿਆਂ ਦੀ ਪ੍ਰਵਾਨਗੀ ਦੀ ਰਫ਼ਤਾਰ ਵਿੱਚ ਵੀ ਵੱਡਾ ਵਾਧਾ ਹੋਵੇਗਾ। ਉਨ੍ਹਾਂ ਦੱਸਿਆ ਕਿ ਫਰਵਰੀ 2026 ਤੋਂ ਬਾਅਦ ਜਨਰਲ ਹਾਊਸ ਦੀਆਂ ਸਾਰੀਆਂ ਮੀਟਿੰਗਾਂ ਈ-ਨਿਗਮ ਪੋਰਟਲ 'ਤੇ ਹੀ ਕੀਤੀਆਂ ਜਾਣੀਆਂ ਹਨ, ਜਿਸ ਨਾਲ ਸ਼ਹਿਰ ਦੇ ਵਿਕਾਸ ਕਾਰਜਾਂ ਦੀ ਨਿਗਰਾਨੀ ਹੋਰ ਵੀ ਬਿਹਤਰ ਤਰੀਕੇ ਨਾਲ ਹੋ ਸਕੇਗੀ।

ਉਨ੍ਹਾਂ ਕਿਹਾ ਕਿ ਜਾਰੀ ਕੀਤੇ ਗਏ ਸ਼ਡਿਊਲ ਅਨੁਸਾਰ, ਕੌਂਸਲਰਾਂ ਦੀ ਸਹੂਲਤ ਲਈ ਡਾ. ਅੰਬੇਡਕਰ ਸਾਹਿਬ ਹਾਲ, ਨਗਰ ਨਿਗਮ ਪਟਿਆਲਾ ਵਿਖੇ ਟ੍ਰੇਨਿੰਗ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ. ਪਹਿਲਾ 23 ਫਰਵਰੀ ਨੂੰ ਵਾਰਡ ਨੰਬਰ 1 ਤੋਂ 30 ਤੱਕ ਦੇ ਕੌਂਸਲਰਾਂ ਲਈ ਸਵੇਰੇ 10:30 ਤੋਂ 11:30 ਵਜੇ ਤੱਕ ਅਤੇ ਦੂਜ ਦਿਨ ਵਾਰਡ ਨੰਬਰ 31 ਤੋਂ 60 ਤੱਕ ਦੇ ਕੌਂਸਲਰਾਂ ਲਈ ਭਲਕੇ ਸਵੇਰੇ 10:30 ਤੋਂ 11:30 ਵਜੇ ਤੱਕ ਟ੍ਰੇਨਿੰਗ ਸੈਸ਼ਨ ਰੱਖਿਆ ਗਿਆ ਹੈ ।

ਮੇਅਰ ਨੇ ਕਿਹਾ ਕਿ ਫਰਵਰੀ 2026 ਤੋਂ ਬਾਅਦ ਹੋਣ ਵਾਲੀਆਂ ਜਨਰਲ ਹਾਊਸ ਦੀਆਂ ਮੀਟਿੰਗਾਂ ਈ-ਨਿਗਮ ਪੋਰਟਲ 'ਤੇ ਹੀ ਕਰਵਾਈਆਂ ਜਾਣੀਆਂ ਹਨ। ਇਸ ਲਈ ਇਹ ਸਿਖਲਾਈ ਬੇਹੱਦ ਜ਼ਰੂਰੀ ਹੈ ਤਾਂ ਜੋ ਮੀਟਿੰਗ ਦੌਰਾਨ ਕੌਂਸਲਰਾਂ ਨੂੰ ਕਿਸੇ ਤਕਨੀਕੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

# ਸਰਕਾਰ ਦੇ ਖਿਲਾਫ ਮੁੜ ਗਰਜੇ ਕਾਂਗਰਸੀ; ਆਪ ਸਰਪੰਚ ਦੇ ਕਾਤਲ ਪੁੱਤਰ ਖ਼ਿਲਾਫ਼ ਕਾਰਵਾਈ ਨਾ ਹੋਣ 'ਤੇ ਭੜਕਿਆ ਰੋਸ

## ਮੋਹਿਤ ਮੋਹਿੰਦਰਾ ਅਤੇ ਪੀੜਤ ਪਰਿਵਾਰ ਦੇ ਮੈਂਬਰਾ ਨੇ ਰਜਿੰਦਰਾ ਹਸਪਤਾਲ ਅੱਗੇ ਦਿੱਤਾ ਧਰਨਾ



ਪਟਿਆਲਾ, 25 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਸ਼੍ਰੀ ਮੋਹਿਤ ਮੋਹਿੰਦਰਾ ਨੇ ਅੱਜ ਪਟਿਆਲਾ ਦੇ ਰਜਿੰਦਰਾ ਹਸਪਤਾਲ ਦੇ ਬਾਹਰ ਪਿੰਡ ਰੋਂਗਲਾ ਦੀ ਬਜ਼ੁਰਗ ਮਹਿਲਾ ਬਲਜੀਤ ਕੌਰ ਦੇ ਕਤਲ ਦੇ ਮੁੱਖ ਮੁਲਜ਼ਮ ਆਮ ਆਦਮੀ ਪਾਰਟੀ ਨਾਲ ਸਬੰਧਤ ਸਰਪੰਚ ਦੇ ਪੁੱਤਰ ਦੀ ਗ੍ਰਿਫ਼ਤਾਰੀ ਨਾ ਹੋਣ ਦੇ ਵਿਰੋਧ ਵਿੱਚ ਪੀੜਤ ਪਰਿਵਾਰ ਅਤੇ ਕਾਂਗਰਸੀ ਵਰਕਰਾਂ ਨਾਲ ਮਿਲ ਕੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ। ਕਾਂਗਰਸੀਆਂ ਨੇ ਹਸਪਤਾਲ ਦੇ ਬਾਹਰ ਸੜਕ ਜਾਮ ਕਰਕੇ ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਦੀ ਢਿੱਲੀ ਕਾਰਗੁਜ਼ਾਰੀ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ।

ਬੀਤੇ ਕੁਝ ਦਿਨ ਪਹਿਲਾ ਪਟਿਆਲਾ ਦੇ ਪਿੰਡ ਰੋਂਗਲਾ ਵਿੱਚ ਇੱਕ ਨਿਹੱਥੀ ਬਜ਼ੁਰਗ ਮਹਿਲਾ ਬਲਜੀਤ ਕੌਰ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ। ਪਰਿਵਾਰ ਦੇ ਇਲਜ਼ਾਮਾਂ ਮੁਤਾਬਕ, ਪਿੰਡ ਦੇ ਸਰਪੰਚ ਦੇ ਲੜਕੇ ਗੋਲਡੀ ਨੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਹੈ। ਦੱਸਿਆ ਜਾ ਰਹੀ ਹੈ ਕਿ ਇਹ ਹਮਲਾ ਪੁਰਾਣੀ ਰੰਜਿਸ਼ ਅਤੇ 1.5 ਲੱਖ ਰੁਪਏ ਦੇ ਵਿੱਤੀ ਲੈਣ-ਦੇਣ ਦੇ ਵਿਵਾਦ ਕਾਰਨ ਹੋਇਆ, ਜੋ ਪਿਛਲੇ ਕਾਫੀ ਸਮੇਂ ਤੋਂ ਚੱਲ ਰਿਹਾ ਸੀ। ਪੀੜਤ ਪਰਿਵਾਰ ਨੇ ਦੱਸਿਆ ਕਿ ਮੁਲਜ਼ਮ ਲਗਾਤਾਰ ਉਨ੍ਹਾਂ ਨੂੰ ਡਰਾ-ਧਮਕਾ ਰਿਹਾ ਸੀ। ਧਰਨੇ ਨੂੰ ਸੰਬੋਧਨ ਕਰਦਿਆਂ ਮੋਹਿਤ ਮੋਹਿੰਦਰਾ ਨੇ ਕਿਹਾ ਕਿ ਅਪਰਾਧ ਦੀ ਗੰਭੀਰਤਾ ਦੇ ਬਾਵਜੂਦ ਪੁਲਿਸ ਗ੍ਰਿਫ਼ਤਾਰ ਕਰਨ ਵਿੱਚ ਨਾਕਾਮ ਰਹੀ ਹੈ। ਉਨ੍ਹਾਂ ਕਿਹਾ, ਐਫ.ਆਈ.ਆਰ. ਦਰਜ ਹੋਣ ਦੇ ਬਾਵਜੂਦ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ। ਸਿਰਫ਼ ਇਸ ਲਈ ਕਿ ਮੁਲਜ਼ਮ ਸੱਤਾਧਾਰੀ ਪਾਰਟੀ ਦੇ ਆਗੂ ਦਾ ਪੁੱਤਰ ਹੈ, ਪ੍ਰਸ਼ਾਸਨ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਿਛਲੇ ਤਿੰਨ ਦਿਨਾਂ ਤੋਂ ਬਜ਼ੁਰਗ ਮਾਤਾ ਦੀ ਦੇਹ ਮੁਰਦਾਘਰ ਵਿੱਚ ਪਈ ਹੈ, ਪਰਿਵਾਰ ਇਨਸਾਫ਼ ਦੀ ਮੰਗ ਕਰ ਰਿਹਾ ਹੈ ਅਤੇ ਜਦੋਂ ਤੱਕ ਮੁਲਜ਼ਮ ਫੜਿਆ ਨਹੀਂ ਜਾਂਦਾ, ਅੰਤਿਮ ਸੰਸਕਾਰ ਨਹੀਂ ਕੀਤਾ ਜਾਵੇਗਾ। ਮੋਹਿਤ ਮੋਹਿੰਦਰਾ ਨੇ ਪੰਜਾਬ ਦੀ ਕਾਨੂੰਨ ਵਿਵਸਥਾ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਅੱਜ ਪੰਜਾਬ ਵਿੱਚ ਅਪਰਾਧੀਆਂ ਨੂੰ ਸਰਕਾਰ ਦੀ ਸਰਪ੍ਰਸਤੀ ਹਾਸਲ ਹੈ। ਉਨ੍ਹਾਂ ਸਵਾਲ ਕੀਤਾ ਕਿ ਜੇਕਰ ਨਾਮਜ਼ਦ ਮੁਲਜ਼ਮ ਸ਼ਰੇਆਮ ਘੁੰਮ ਰਹੇ ਹਨ, ਤਾਂ ਪੁਲਿਸ ਦੀ ਕੀ ਭੂਮਿਕਾ ਰਹਿ ਜਾਂਦੀ ਹੈ ? ਉਨ੍ਹਾਂ ਚੇਤਾਵਨੀ ਦਿੱਤੀ ਕਿ ਅਜਿਹੀ ਨਾਕਾਮੀ ਜਨਤਾ ਦਾ ਨਿਆਂ ਪ੍ਰਣਾਲੀ ਤੋਂ ਭਰੋਸਾ ਚੁੱਕ ਦੇਵੇਗੀ।


ਉਨ੍ਹਾਂ ਅੱਗੇ ਕਿਹਾ ਕਿ ਜੇਕਰ ਆਉਣ ਵਾਲੇ ਦਿਨਾਂ ਵਿੱਚ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਪੀੜਤ ਪਰਿਵਾਰ ਨੂੰ ਇਨਸਾਫ਼ ਨਾ ਦਿੱਤਾ ਗਿਆ, ਤਾਂ ਕਾਂਗਰਸ ਪਾਰਟੀ ਇਸ ਸੰਘਰਸ਼ ਨੂੰ ਹੋਰ ਤੇਜ਼ ਕਰੇਗੀ ਅਤੇ ਵੱਡੇ ਪੱਧਰ 'ਤੇ ਪ੍ਰਦਰਸ਼ਨ ਕੀਤੇ ਜਾਣਗੇ।

ਇਸ ਮੌਕੇ ਪੀੜਤ ਪਰਿਵਾਰ ਦੇ ਮੈਂਬਰਾਂ ਤੋਂ ਇਲਾਵਾ ਸਥਾਨਕ ਨਿਵਾਸੀਆਂ ਅਤੇ ਕਾਂਗਰਸੀ ਵਰਕਰਾਂ ਨੇ ਸ਼ਮੂਲੀਅਤ ਕੀਤੀ।

# ਕੈਨੇਡਾ ਨੇ ਤਹੱਵੁਰ ਰਾਣਾ ਦੀ ਨਾਗਰਿਕਤਾ ਰੱਦ ਕਰਨ ਦੀ ਪ੍ਰਕਿਰਿਆ ਤੇਜ਼ ਕੀਤੀ

ਟੋਰਾਂਟੋ, 25 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਕੈਨੇਡਾ ਸਰਕਾਰ ਨੇ 2008 ਦੇ ਮੁੰਬਈ ਅਤਿਵਾਦੀ ਹਮਲਿਆਂ ਦੇ ਮੁੱਖ ਸਾਜ਼ਿਸ਼ਕਰਤਾਵਾਂ ਵਿੱਚੋਂ ਇੱਕ, ਪਾਕਿਸਤਾਨੀ ਮੂਲ ਦੇ ਤਹੱਵੁਰ ਰਾਣਾ ਹੁਸੈਨ ਦੀ ਨਾਗਰਿਕਤਾ ਰੱਦ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਹ ਕਦਮ ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ 26 ਫਰਵਰੀ ਤੋਂ ਸ਼ੁਰੂ ਹੋਣ ਵਾਲੇ ਭਾਰਤ ਦੌਰੇ ਤੋਂ ਠੀਕ ਪਹਿਲਾਂ ਚੁੱਕਿਆ ਗਿਆ ਹੈ, ਜਿਸ ਨੂੰ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਸੁਧਾਰ ਦੇ ਸੰਕੇਤ ਵਜੋਂ ਦੇਖਿਆ ਜਾ ਰਿਹਾ ਹੈ।



64 ਸਾਲਾ ਰਾਣਾ, ਜੋ ਡੇਵਿਡ ਹੈਡਲੀ ਦਾ ਕਰੀਬੀ ਰਿਹਾ ਹੈ, ਨੂੰ ਅਪਰੈਲ 2025 ਵਿੱਚ ਅਮਰੀਕਾ ਤੋਂ ਭਾਰਤ ਹਵਾਲੇ ਕੀਤਾ ਗਿਆ ਸੀ ਅਤੇ ਉਹ ਫਿਲਹਾਲ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਬੰਦ ਹੈ। ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ ਅਨੁਸਾਰ, ਰਾਣਾ ਦੀ ਨਾਗਰਿਕਤਾ ਅਤਿਵਾਦ ਦੇ ਦੋਸ਼ਾਂ ਕਾਰਨ ਨਹੀਂ, ਸਗੋਂ ਉਸ ਦੀ ਅਰਜ਼ੀ ਵਿੱਚ ਦਿੱਤੀ ਗਈ ਗਲਤ ਜਾਣਕਾਰੀ ਕਾਰਨ ਰੱਦ ਕੀਤੀ ਜਾ ਰਹੀ ਹੈ।

ਜਾਂਚ ਵਿੱਚ ਸਾਹਮਣੇ ਆਇਆ ਹੈ ਕਿ 2000 ਵਿੱਚ ਨਾਗਰਿਕਤਾ ਲਈ ਅਪਲਾਈ ਕਰਦੇ ਸਮੇਂ ਰਾਣਾ ਨੇ ਝੂਠ ਬੋਲਿਆ ਸੀ ਕਿ ਉਹ ਪਿਛਲੇ ਚਾਰ ਸਾਲਾਂ ਤੋਂ ਕੈਨੇਡਾ ਵਿੱਚ ਰਹਿ ਰਿਹਾ ਸੀ, ਜਦੋਂ ਕਿ ਅਸਲ ਵਿੱਚ ਉਹ ਸ਼ਿਕਾਗੋ (ਅਮਰੀਕਾ) ਵਿੱਚ ਆਪਣੇ ਕਾਰੋਬਾਰ ਚਲਾ ਰਿਹਾ ਸੀ। ਕੈਨੇਡੀਅਨ ਅਧਿਕਾਰੀਆਂ ਨੇ ਇਸ ਨੂੰ 'ਗੰਭੀਰ ਅਤੇ ਜਾਣਬੁੱਝ ਕੇ ਕੀਤੀ ਗਈ ਧੋਖਾਧੜੀ' ਕਰਾਰ ਦਿੱਤਾ ਹੈ। ਮਾਮਲਾ ਹੁਣ ਫੈਡਰਲ ਕੋਰਟ ਵਿੱਚ ਹੈ, ਜਿੱਥੇ ਰਾਣਾ ਦੇ ਵਕੀਲ ਨੇ ਇਸ ਫੈਸਲੇ ਵਿਰੁੱਧ ਅਪੀਲ ਕੀਤੀ ਹੈ।

# ਮੁੱਖ ਮੰਤਰੀ ਮਾਨ ਨੇ ਆਈਟੀਆਈ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਣ ਮੌਕੇ ਵਿਰੋਧੀਆਂ ਨੂੰ ਘੇਰਿਆ; ਪਿਛਲੀਆਂ ਸਰਕਾਰਾਂ 'ਤੇ ਅਣਗਹਿਲੀ ਦਾ ਦੋਸ਼ ਲਇਆ

ਚੰਡੀਗੜ੍ਹ, 25 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇੱਥੇ ਸਰਦੂਲਗੜ੍ਹ ਵਿਧਾਨ ਸਭਾ ਹਲਕੇ ਦੇ ਪਿੰਡ ਫਤਿਹਗੜ੍ਹ ਸਹਿਣੀਆਂਵਾਲੀ ਵਿਖੇ 24.5 ਕਰੋੜ ਰੁਪਏ ਦੀ ਲਾਗਤ ਵਾਲੇ ਉਦਯੋਗਿਕ ਸਿਖਲਾਈ ਸੰਸਥਾ (ਆਈਟੀਆਈ) ਦਾ ਨੀਂਹ ਪੱਥਰ ਰੱਖਦਿਆਂ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ 'ਤੇ ਤਿੱਖਾ ਸਿਆਸੀ ਹਮਲਾ ਕੀਤਾ।

ਆਪਣੇ 35 ਮਿੰਟ ਲੰਬੇ ਭਾਸ਼ਣ ਵਿੱਚ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਵਿਕਾਸ ਯਕੀਨੀ ਬਣਾਉਣ ਦੀ ਬਜਾਏ ਇਸ ਇਲਾਕੇ ਨੂੰ ਪੱਛੜਿਆ ਦੱਸ ਕੇ ਸਰਟੀਫਿਕੇਟ ਵੰਡੇ ਸਨ। ਅਕਾਲੀ ਦਲ 'ਤੇ ਤਨਜ਼ ਕੱਸਦਿਆਂ ਉਨ੍ਹਾਂ ਸੁਖਬੀਰ ਸਿੰਘ ਬਾਦਲ ਦੇ ਬਿਆਨਾਂ ਦਾ ਹਵਾਲਾ ਦਿੱਤਾ ਅਤੇ ਦੋਸ਼ ਲਾਇਆ ਕਿ ਪਿਛਲੀ ਸਰਕਾਰ ਦੀਆਂ ਸਿੱਖਿਆ ਨੀਤੀਆਂ ਨੇ ਅਕਾਦਮਿਕ ਮਿਆਰ ਕਮਜ਼ੋਰ ਕੀਤੇ ਸਨ। ਉਨ੍ਹਾਂ ਅਕਾਲੀਆਂ ਅਤੇ ਕਾਂਗਰਸ ਦੋਵਾਂ 'ਤੇ ਮੈਂ, ਮੇਰਾ ਪੁੱਤ, ਮੇਰਾ ਭਤੀਜਾ ਅਤੇ ਮੇਰਾ ਜੀਜਾ 'ਤੇ ਕੇਂਦਰਿਤ ਸੀਮਤ ਚਾਰ ਨੁਕਾਤੀ ਪ੍ਰੋਗਰਾਮਾਂ ਰਾਹੀਂ ਸਰਕਾਰਾਂ ਚਲਾਉਣ ਦਾ ਦੋਸ਼ ਲਾਇਆ ਅਤੇ ਕਿਹਾ ਕਿ ਉਨ੍ਹਾਂ ਨੇ ਸਿਰਫ਼ ਪਰਿਵਾਰਕ ਹਿੱਤਾਂ ਨੂੰ ਪ੍ਰਮੁੱਖ ਰੱਖਿਆ।

ਵਿਸ਼ੇਸ਼ ਆਗੂਆਂ ਦਾ ਨਾਂ ਲਏ ਬਿਨਾਂ ਮਾਨ ਨੇ ਭਾਜਪਾ 'ਤੇ ਹਮਲਾ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਪਾਰਟੀ ਦਾ ਕੋਈ ਅਸਲ ਆਧਾਰ ਨਹੀਂ ਹੈ। ਉਨ੍ਹਾਂ ਨੇ 'ਆਪ' ਦੇ ਇੰਜਣ ਨੂੰ ਨਵੀਨਤਮ ਤਕਨਾਲੋਜੀ ਇੰਜਣ ਦੱਸਦਿਆਂ ਟਿੱਪਣੀ ਕੀਤੀ, ਇੱਕ ਇੰਜਣ ਬਚੇ ਹੋਏ ਪੁਰਜ਼ਿਆਂ ਨਾਲ ਨਹੀਂ ਚੱਲ ਸਕਦਾ।

ਤਿੰਨ ਖੇਤੀ ਕਾਨੂੰਨਾਂ ਵਿਰੁੱਧ ਕਿਸਾਨਾਂ ਦੇ ਅੰਦੋਲਨ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਨੇ ਅਕਾਲੀ ਦਲ 'ਤੇ ਲੋਕਾਂ ਨੂੰ ਗੁਮਰਾਹ ਕਰਨ ਦਾ ਦੋਸ਼ ਲਾਇਆ ਅਤੇ ਤਤਕਾਲੀ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਅਸਤੀਫੇ ਨੂੰ ਕੁਰਬਾਨੀ ਦੀ ਬਜਾਏ ਸਿਆਸੀ ਮਜਬੂਰੀ ਕਰਾਰ ਦਿੱਤਾ। ਉਨ੍ਹਾਂ ਅੱਗੇ ਪਿਛਲੀਆਂ ਸਰਕਾਰਾਂ ਦੌਰਾਨ ਰੇਤ ਮਾਈਨਿੰਗ ਅਤੇ ਜਨਤਕ ਕੰਮਾਂ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ ਲਾਉਂਦਿਆਂ ਕਿਹਾ, ਮੈਂ ਇਕ ਰੁਪਿਆ ਵੀ ਇੱਧਰ-ਉੱਧਰ ਨਹੀਂ ਹੋਣ ਦੇਵਾਂਗਾ। ਜੇ ਅਸੀਂ ਕਿਸੇ ਕਾਲੀ ਭੇਡ ਨੂੰ ਬਖਸ਼ਦੇ ਹਾਂ, ਤਾਂ ਅਸੀਂ ਜ਼ਿੰਮੇਵਾਰ ਹਾਂ।



ਪ੍ਰਾਪਤੀਆਂ 'ਤੇ ਚਾਨਣਾ ਪਾਉਂਦਿਆਂ ਮਾਨ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਨੇ 63,000 ਨੌਕਰੀਆਂ ਦਿੱਤੀਆਂ ਹਨ ਅਤੇ ਨਹਿਰੀ ਸਿੰਚਾਈ ਦਾ ਘੇਰਾ 2022 ਵਿੱਚ 21-22 ਫੀਸਦੀ ਤੋਂ ਵਧਾ ਕੇ ਚਾਰ ਸਾਲਾਂ ਤੋਂ ਵੀ ਘੱਟ ਸਮੇਂ ਵਿੱਚ 68 ਫੀਸਦੀ ਕਰ ਦਿੱਤਾ ਹੈ। ਉਨ੍ਹਾਂ ਨੇ 31.2 ਕਰੋੜ ਰੁਪਏ ਦੀ ਲਾਗਤ ਨਾਲ ਮਾਨਸਾ-ਤਲਵੰਡੀ ਸੜਕ ਨੂੰ ਅਪਗ੍ਰੇਡ ਕਰਨ, 33.07 ਕਰੋੜ ਰੁਪਏ ਦੀ ਲਾਗਤ ਨਾਲ 158 ਕਿਲੋਮੀਟਰ ਲੰਬੀਆਂ ਨਵੀਆਂ ਸਿੰਚਾਈ ਨਹਿਰਾਂ, 12 ਕਰੋੜ ਰੁਪਏ ਤੋਂ ਵੱਧ ਦੇ ਤਿੰਨ ਨਵੇਂ ਪਾਵਰ ਗਰਿੱਡ ਅਤੇ ਸਰਦੂਲਗੜ੍ਹ ਦੇ ਸੀਵਰੇਜ ਸਿਸਟਮ ਲਈ 14.76 ਕਰੋੜ ਰੁਪਏ ਦਾ ਐਲਾਨ ਕੀਤਾ। ਇਸ ਤੋਂ ਪਹਿਲਾਂ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਦੱਸਿਆ ਕਿ ਪਿੰਡ ਦੀ ਪੰਚਾਇਤ ਨੇ ਆਈਟੀਆਈ ਲਈ ਜ਼ਮੀਨ ਦਿੱਤੀ ਹੈ ਅਤੇ ਕਿਹਾ ਕਿ 'ਆਪ' ਦਾ ਗਠਨ ਦੇਸ਼ ਭਰ ਦੀ ਰਾਜਨੀਤੀ ਵਿੱਚ ਸਿੱਖਿਆ ਦੇ ਬੀਜ ਬੀਜਣ ਲਈ ਹੋਇਆ ਹੈ। ਰਾਜ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ 240 ਸੀਟਾਂ ਅਤੇ ਪੰਜ ਟ੍ਰੇਨਰਾਂ ਵਾਲਾ ਇਹ ਸੰਸਥਾ ਵਿਦਿਆਰਥੀਆਂ ਲਈ ਨੌਕਰੀਆਂ ਜਾਂ ਉੱਦਮਤਾ ਦੇ ਮੌਕੇ ਯਕੀਨੀ ਬਣਾਏਗਾ। ਇਸ ਮੌਕੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ, ਡਾ: ਵਿਜੇ ਸਿੰਗਲਾ ਅਤੇ ਬੁੱਧ ਰਾਮ ਹਾਜ਼ਰ ਸਨ।


ਸਮਾਗਮ ਵਿੱਚ ਪੰਜਾਬੀ ਗਾਇਕ ਆਰ ਨੇਤ ਨੇ ਆਪਣੀ ਪੇਸ਼ਕਾਰੀ ਦਿੱਤੀ। ਕੁਝ ਪਿੰਡਾਂ ਦੀਆਂ ਪੰਚਾਇਤਾਂ ਨੇ ਮੁੱਖ ਮੰਤਰੀ ਨੂੰ ਹਲ ਭੇਟ ਕੀਤਾ।

# ਫਰੀਦਕੋਟ ਪੁਲਿਸ ਵੱਲੋਂ 2 ਲੱਖ ਦੀ ਫਿਰੌਤੀ ਮੰਗਣ ਮਾਮਲੇ ਦਾ ਮੁੱਖ ਮਾਸ਼ਟਰਮਾਈਂਡ ਮੁੰਬਈ ਤੋ ਕਾਬੂ

## ਦੋਸ਼ੀ ਵੱਲੋਂ ਇੰਸਟਾਗ੍ਰਾਮ ਰਾਹੀਂ ਦਿੱਤੀਆ ਜਾ ਰਹੀਆ ਸਨ ਜਾਨੋਂ ਮਾਰਨ ਦੀਆਂ ਧਮਕੀਆਂ

ਜੈਤੋਂ,25 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਡਾ. ਪ੍ਰਗਿਆ ਜੈਨ ਆਈ.ਪੀ.ਐਸ ਐਸ.ਐਸ.ਪੀ ਫਰੀਦਕੋਟ ਜੀ ਦੀ ਅਗਵਾਈ ਹੇਠ ਫਰੀਦਕੋਟ ਪੁਲਿਸ ਵੱਲੋਂ ਮਾੜੇ ਅਨਸਰਾਂ ਖਿਲਾਫ ਜੀਰੋ ਟੌਲਰੈਂਸ ਦੀ ਨੀਤੀ ਅਪਣਾਈ ਹੋਈ ਹੈ। ਜਿਸਦੇ ਤਹਿਤ ਮਾੜੇ ਅਨਸਰਾਂ ਖਿਲਾਫ ਸਖਤ ਕਾਰਵਾਈ ਅਮਲ ਵਿੱਚ ਲਿਆਦੀ ਜਾ ਰਹੀ ਹੈ। ਇਸੇ ਲੜੀ ਤਹਿਤ ਸ਼੍ਰੀ ਜੋਗੇਸ਼ਵਰ ਸਿੰਘ ਐਸ.ਪੀ (ਇੰਨਵੈਸਟੀਗੇਸ਼ਨ) ਫਰੀਦਕੋਟ ਜੀ ਰਹਿਨੁਮਾਈ ਹੇਠ ਕਾਰਵਾਈ ਕਰਦੇ ਹੋਏ ਫਰੀਦਕੋਟ ਪੁਲਿਸ ਵੱਲੋਂ 02 ਲੱਖ ਰੁਪਏ ਫਿਰੌਤੀ ਮੰਗਣ ਦੇ ਮਾਮਲੇ ਦੇ ਮੁੱਖ ਆਰੋਪੀ ਗ੍ਰਿਫਤਾਰ ਕੀਤਾ ਗਿਆ ਹੈ। ਇਹ ਜਾਣਕਾਰੀ ਸ਼੍ਰੀ ਰਮਨਦੀਪ ਸਿੰਘ ਐਸ.ਪੀ(ਐਨ.ਡੀ.ਪੀ.ਐਸ) ਫਰੀਦਕੋਟ ਵੱਲੋਂ ਪ੍ਰੈਸ ਕਾਨਫਰੰਸ ਦੌਰਾਨ ਸਾਂਝੀ ਕੀਤੀ ਗਈ।



ਗ੍ਰਿਫਤਾਰ ਕੀਤੇ ਮੁੱਖ ਦੋਸ਼ੀ ਦੀ ਪਹਿਚਾਣ ਦੀਪਕ ਸ਼ਰਮਾਂ ਪੁੱਤਰ ਸਤਪਾਲ ਸ਼ਰਮਾ ਵਾਸੀ ਜੋਤਾ ਵਾਲੀ ਗਲੀ ਜੀਵਨ ਨਗਰ, ਕੋਟਕਪੂਰਾ ਵਜੋ ਹੋਈ ਹੈ। ਇਸ ਤੋ ਇਲਾਵਾ ਇਸ ਵਿੱਚ ਉਸ ਦਾ ਸਾਥ ਦੇਣ ਲਈ ਦੋਸ਼ੀ ਦੀਪਕ ਸ਼ਰਮਾ ਦੀ ਮਾਤਾ ਵੀਨਾ ਰਾਣੀ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ।

ਕਾਰਵਾਈ ਦੇ ਵੇਰਵੇ ਸਾਂਝੇ ਕਰਦਿਆ ਉਹਨਾ ਦੱਸਿਆ ਕਿ ਕੋਟਕਪੂਰਾ ਦੇ ਕਾਰੋਬਾਰੀ ਨੂੰ ਉਸ ਪਾਸ ਸਾਲ-2020 ਦੌਰਾਨ ਕੰਮ ਕਰਦੇ ਦੀਪਕ ਸ਼ਰਮਾ ਨਾਮ ਦੇ ਵਿਅਕਤੀ ਨੇ ਆਪਣੀ ਇੰਸਟਾਗ੍ਰਾਮ ਸਟੋਰੀ ਅਤੇ ਵੀਡਿਓ ਪਾ ਕੇ ਉਸ ਕਾਰੋਬਾਰੀ, ਉਸਦੇ ਪਿਤਾ ਅਤੇ ਉਸਦੇ ਜਾਣਕਾਰ ਨੂੰ ਜਾਨੋ ਮਾਰਨ ਦੀਆ ਧਮਕੀਆ ਦੇਣ ਬਾਰੇ ਸੂਚਨਾ ਹਾਸਿਲ ਹੋਈ ਸੀ। ਇਸ ਤੋ ਇਲਾਵਾ ਦੋਸ਼ੀ ਦੀਪਕ ਸ਼ਰਮਾ ਵੱਲੋ ਉਸ ਕਾਰੋਬਾਰੀ ਨੂੰ ਕਰੀਬ 06 ਮਹੀਨੇ ਪਹਿਲਾ ਵੀ ਵੱਟਸ ਅੱਪ ਕਾਲ ਰਾਹੀ 02 ਲੱਖ ਰੁਪਏ ਦੀ ਮੰਗ ਕੀਤੀ ਗਈ ਸੀ। ਜਿਸ ਤੋ ਬਾਅਦ ਦੋਸ਼ੀ ਦੀਪਕ ਸ਼ਰਮਾ ਦੀ ਮਾਤਾ ਵੀਨਾ ਰਾਣੀ ਵੱਲੋ ਵੀ ਉਸਦੇ ਲੜਕੇ ਨੂੰ ਫਿਰੌਤੀ ਦੀ ਰਕਮ ਦੇਣ ਲਈ ਧਮਕਾਇਆ ਗਿਆ ਸੀ।

ਮਾਮਲੇ ਦੀ ਸੂਚਨਾ ਮਿਲਣ ਸਾਰ ਹੀ ਸ਼੍ਰੀ ਜੋਗੇਸ਼ਵਰ ਸਿੰਘ ਐਸ.ਪੀ (ਇੰਨਵੈਸਟੀਗੇਸ਼ਨ) ਫਰੀਦਕੋਟ ਦੇ ਦਿਸ਼ਾ ਨਿਰਦੇਸ਼ਾ ਹੇਠ ਸ਼੍ਰੀ ਸੰਜੀਵ ਕੁਮਾਰ ਡੀ.ਐਸ.ਪੀ(ਕੋਟਕਪੂਰਾ) ਦੀ ਨਿਗਰਾਨੀ ਹੇਠ ਪੁਲਿਸ ਟੀਮਾ ਬਣਾ ਕੇ ਦੋਸ਼ੀਆ ਦੀ ਭਾਲ ਸ਼ੁਰੂ ਕੀਤੀ ਗਈ।

ਜਿਸ ਦੌਰਾਨ ਟੈਕਨੀਕਲ ਇੰਨਪੁੱਟ ਅਤੇ ਹਿਊਮਨ ਇੰਟੈਲੀਜੈਂਸ ਦੇ ਅਧਾਰ ਤੇ ਕਾਰਵਾਈ ਕਰਦੇ ਹੋਏ ਇਸ ਮਾਮਲੇ ਦੋਸ਼ੀ ਵੀਨਾ ਰਾਣੀ ਨੂੰ ਮਿਤੀ 12 ਫਰਵਰੀ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਸੀ। ਜਿਸ ਉਪਰੰਤ ਮੁਕਦਮੇ ਦੇ ਮੁੱਖ ਦੋਸ਼ੀ ਦੀਪਕ ਸ਼ਰਮਾ ਨੂੰ ਮਹਾਰਾਸ਼ਟਰ ਦੇ ਮੁੰਬਈ ਤੋ ਮਿਤੀ 19 ਫਰਵਰੀ ਗ੍ਰਿਫਤਾਰ ਕਰਕੇ ਪੰਜਾਬ ਲਿਆਦਾ ਗਿਆ। ਜਿਸ ਨੂੰ ਕਿ ਕੱਲ ਮਿਤੀ 23 ਫਰਵਰੀ ਨੂੰ ਫਰੀਦਕੋਟ ਦੀ ਅਦਾਲਤ ਵਿੱਚ ਪੇਸ਼ ਕਰਕੇ 02 ਦਿਨ ਦਾ ਪੁਲਿਸ ਰਿਮਾਡ ਹਾਸਿਲ ਕੀਤਾ ਗਿਆ ਹੈ।

ਉਹਨਾ ਦੱਸਿਆ ਕਿ ਮੁੱਢਲੀ ਤਫਤੀਸ਼ ਦੌਰਾਨ ਵਜਾ ਰੰਜਿਸ਼ ਇਹ ਸਾਹਮਣੇ ਆਈ ਹੈ ਕਿ ਮੁੱਖ ਦੋਸ਼ੀ ਦੀਪਕ ਸ਼ਰਮਾ ਕਾਰੋਬਾਰੀ ਪਾਸ ਪੈਟਰੋਲ ਪੰਪ ਪਰ ਬਤੌਰ ਸੇਲਜਮੈਨ ਲੱਗਾ ਹੋਇਆ ਸੀ, ਜਿਸ ਵੱਲੋ ਹਿਸਾਬ ਕਿਤਾਬ ਵਿੱਚ ਹੇਰਾਫੇਰੀ ਸਾਹਮਣੇ ਆਉਣ ਤੇ ਕੰਮ ਤੋ ਹਟਾ ਦਿੱਤਾ ਗਿਆ ਸੀ। ਇਸ ਤੋ ਇਲਾਵਾ ਕਰੋਨਾ ਸਮੇ ਦੌਰਾਨ ਦੋਸ਼ੀ ਵੱਲੋ ਸਰਕਾਰ ਦੀਆ ਹਦਾਇਤਾ ਦੀ ਉਲੰਘਣਾ ਕਰਨ ਤੇ ਮੁਕੱਦਮਾ ਦਰਜ ਕੀਤਾ ਗਿਆ ਸੀ, ਜਿਸ ਵਿੱਚ ਉਹ ਕਾਰੋਬਾਰੀ ਵੀ ਬਤੌਰ ਗਵਾਹ ਸੀ।

# ਜਥੇਦਾਰ ਗੜਗੱਜ ਵੱਲੋਂ ਸੰਤ ਬਾਬਾ ਘਾਲਾ ਸਿੰਘ ਨਾਲ ਮੁਲਾਕਾਤ



ਰਾਏਕੋਟ, 25 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਨਾਨਕਸਰ ਸੰਪਰਦਾਇ ਦੇ ਮੁਖੀ ਸੰਤ ਬਾਬਾ ਘਾਲਾ ਸਿੰਘ ਨਾਲ ਗੁਰਦੁਆਰਾ ਨਾਨਕਸਰ ਤੇਰਾਂ ਮੰਜ਼ਿਲੀ ਠਾਠ ਝੋਰੜਾਂ ਵਿਖੇ ਮੁਲਾਕਾਤ ਵਿਸ਼ੇਸ਼ ਮੁਲਾਕਾਤ ਕੀਤੀ ਹੈ। ਗ਼ੌਰਤਲਬ ਹੈ ਕਿ ਨਾਨਕਸਰ ਸੰਪਰਦਾਇ ਦੇ ਸੰਤ ਬਾਬਾ ਘਾਲਾ ਸਿੰਘ ਦੀ ਸਰਕਾਰੀ ਸੁਰੱਖਿਆ ਹਾਲ ਹੀ ਵਿੱਚ ਵਾਪਸ ਲਈ ਗਈ ਹੈ। ਇਸ ਮੌਕੇ ਜਥੇਦਾਰ ਗੜਗੱਜ ਨਾਲ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਧਨੌਲਾ ਅਤੇ ਐੱਸ ਜੀ ਪੀ ਸੀ ਮੈਂਬਰ ਗੁਰਚਰਨ ਸਿੰਘ ਗਰੇਵਾਲ ਵੀ ਹਾਜ਼ਿਰ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਗੜਗੱਜ ਨੇ ਸੰਤ ਬਾਬਾ ਘਾਲਾ ਸਿੰਘ ਦੀ ਸਰਕਾਰੀ ਸੁਰੱਖਿਆ ਵਾਪਸ ਲੈਣ ਦੇ ਫੈਸਲੇ ਦੀ ਨਿੰਦਾ ਕਰਦਿਆਂ ਇਸ ਕਾਰਵਾਈ ਨੂੰ ਗਲਤ ਅਤੇ ਰਾਜਨੀਤਿਕ ਖੁੰਦਕ ਕਰਾਰ ਦਿੱਤਾ ਹੈ। ਇਸ ਮੌਕੇ ਉਨ੍ਹਾਂ ਸਰਕਾਰ ਨੂੰ ਬਾਬਾ ਘਾਲਾ ਸਿੰਘ ਦੀ ਸੁਰੱਖਿਆ ਮੁੜ ਬਹਾਲ ਕਰਨ ਦੀ ਮੰਗ ਕੀਤੀ।

# ਆਈ.ਡੀ.ਐਫ.ਸੀ. ਫਰਾਫ 24 ਘੰਟਿਆਂ 'ਚ ਵਾਪਸ ਆਏ 556 ਕਰੋੜ : ਨਾਇਬ ਸੈਣੀ

ਚੰਡੀਗੜ੍ਹ, 25 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਰਾਜ ਵਿਧਾਨ ਸਭਾ ਵਿੱਚ ਜਾਣਕਾਰੀ ਦਿੱਤੀ ਕਿ ਸੂਬਾ ਸਰਕਾਰ ਨੇ 9463 ਫਸਟ ਬੈਂਕ ਮਾਮਲੇ ਵਿੱਚ ਆਪਣੇ ਬਣਦੇ ਲਗਪਗ 556 ਕਰੋੜ ਰੁਪਏ ਵਾਪਸ ਪ੍ਰਾਪਤ ਕਰ ਲਏ ਹਨ। ਸੈਣੀ ਨੇ ਸਦਨ ਵਿੱਚ ਕਿਹਾ, 22 ਕਰੋੜ ਰੁਪਏ ਵਿਆਜ ਸਮੇਤ ਲਗਪਗ 556 ਕਰੋੜ ਰੁਪਏ 24 ਘੰਟਿਆਂ ਦੇ ਅੰਦਰ ਵਾਪਸ ਆ ਗਏ ਹਨ।

ਬੈਂਕ ਨੇ ਹਰਿਆਣਾ ਸਰਕਾਰ ਦੇ ਖਾਤਿਆਂ ਵਿੱਚ ਆਪਣੇ ਕਰਮਚਾਰੀਆਂ ਅਤੇ ਹੋਰਾਂ ਵੱਲੋਂ ਕੀਤੀ ਗਈ 590 ਕਰੋੜ ਰੁਪਏ ਦੀ ਧੋਖਾਧੜੀ ਦਾ ਖੁਲਾਸਾ ਕੀਤਾ ਸੀ। ਮੁੱਖ ਮੰਤਰੀ ਨੇ ਸਦਨ ਵਿੱਚ ਕਿਹਾ, ਮੈਂ ਸਦਨ ਦੇ ਸਾਹਮਣੇ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਹਰਿਆਣਾ ਸਰਕਾਰ ਦੇ ਵਿਭਾਗਾਂ ਨਾਲ ਸਬੰਧਤ ਸਾਰੀ ਰਕਮ ਸਾਡੇ ਖਾਤਿਆਂ ਵਿੱਚ ਵਾਪਸ ਜਮ੍ਹਾਂ ਹੋ ਗਈ ਹੈ, ਇਹ ਵਸੂਲੀ 24 ਘੰਟਿਆਂ ਦੇ ਅੰਦਰ ਕੀਤੀ ਗਈ ਹੈ।



ਉਨ੍ਹਾਂ ਦੱਸਿਆ ਕਿ ਬੈਂਕ ਨੇ ਸਰਕਾਰ ਨੂੰ ਜਾਣੂ ਕਰਵਾਇਆ ਹੈ ਕਿ ਇਹ ਘਟਨਾ ਮੁੱਖ ਤੌਰ 'ਤੇ ਚੰਡੀਗੜ੍ਹ ਵਿੱਚ ਬੈਂਕ ਦੀ ਇੱਕ ਖਾਸ ਸ਼ਾਖਾ ਨਾਲ ਸਬੰਧਤ ਹੈ, ਜਿਸ ਵਿੱਚ ਦਰਮਿਆਨੇ ਅਤੇ ਹੇਠਲੇ ਪੱਧਰ ਦੇ ਚਾਰ ਤੋਂ ਪੰਜ ਬੈਂਕ ਕਰਮਚਾਰੀ ਸ਼ਾਮਲ ਸਨ ਜਿਨ੍ਹਾਂ ਨੇ ਇਸ ਪੂਰੀ ਸਾਜ਼ਿਸ਼ ਵਿੱਚ ਮਿਲੀਭੁਗਤ ਕੀਤੀ ਸੀ। ਸੈਣੀ ਨੇ ਕਿਹਾ ਕਿ ਸਰਕਾਰ ਇਹ ਯਕੀਨੀ ਬਣਾਏਗੀ ਕਿ ਇਸ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਤੋਂ ਪਹਿਲਾਂ ਸੈਣੀ ਨੇ ਕਿਹਾ ਸੀ ਕਿ ਸੂਬੇ ਦਾ ਐਂਟੀ-ਕਰੱਪਸ਼ਨ ਬਿਊਰੋ (132) ਇਸ ਧੋਖਾਧੜੀ ਦੀ ਡੂੰਘਾਈ ਨਾਲ ਜਾਂਚ ਕਰੇਗਾ। ਉਨ੍ਹਾਂ ਦੱਸਿਆ ਕਿ ਇਸ ਪੂਰੇ ਮਾਮਲੇ ਦੀ ਜਾਂਚ ਲਈ ਵਿੱਤ ਸਕੱਤਰ ਦੀ ਅਗਵਾਈ ਵਿੱਚ ਇੱਕ ਕਮੇਟੀ ਵੀ ਬਣਾਈ ਗਈ ਹੈ।

ਕਾਂਗਰਸ 'ਤੇ ਟਿਪਣੀ ਕਰਦਿਆਂ ਸੈਣੀ ਨੇ ਕਿਹਾ ਕਿ ਉਨ੍ਹਾਂ ਦੇ ਸਮੇਂ ਘੁਟਾਲਿਆਂ ਨੂੰ ਦਬਾ ਦਿੱਤਾ ਜਾਂਦਾ ਸੀ ਅਤੇ ਕੋਈ ਜਵਾਬਦੇਹੀ ਨਹੀਂ ਹੁੰਦੀ ਸੀ, ਜਦੋਂ ਕਿ ਭਾਜਪਾ ਸਰਕਾਰ ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ ਟਾਲਰੈਂਸ ਨੀਤੀ ਤਹਿਤ ਕੰਮ ਕਰ ਰਹੀ ਹੈ। ਵਿਰੋਧੀ ਧਿਰ ਕਾਂਗਰਸ ਨੇ ਵਿਧਾਨ ਸਭਾ ਵਿੱਚ 9463 ਫਸਟ ਬੈਂਕ ਦਾ ਮੁੱਦਾ ਉਠਾਇਆ ਸੀ।

9463 ਬੈਂਕ ਦੇ ਮੈਨੇਜਿੰਗ ਡਾਇਰੈਕਟਰ ਅਤੇ ਚੀਫ਼ ਐਗਜ਼ੀਕਿਊਟਿਵ ਵੀ. ਵੈਦਿਆਨਾਥਨ ਨੇ ਕਿਹਾ ਸੀ ਕਿ ਹਰਿਆਣਾ ਸਰਕਾਰ ਦੇ ਖਾਤਿਆਂ ਨਾਲ ਜੁੜੀ 590 ਕਰੋੜ ਰੁਪਏ ਦੀ ਧੋਖਾਧੜੀ ਬੈਂਕ ਕਰਮਚਾਰੀਆਂ ਅਤੇ ਬਾਹਰੀ ਧਿਰਾਂ ਵਿਚਕਾਰ ਮਿਲੀਭੁਗਤ ਦਾ ਨਤੀਜਾ ਹੈ।

# ਏਅਰ ਐਂਬੂਲੈਂਸ ਦੀ ਹਾਦਸਾਗ੍ਰਸਤ ਹੋਣ ਕਾਰਨ ਸਵਰਾਜਦੀਪ ਸਿੰਘ ਸਮੇਤ ਜਹਾਜ਼ ਦੇ ਅਮਲੇ ਦੇ ਸੱਤ ਮੈਂਬਰਾਂ ਦੀ ਮੌਤ

ਅੰਮ੍ਰਿਤਸਰ, 25 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਰਾਂਚੀ ਤੋਂ ਦਿੱਲੀ ਆ ਰਹੇ ਏਅਰ ਐਂਬੂਲੈਂਸ ਦੇ ਜਹਾਜ਼ ਦੇ ਝਾਰਖੰਡ ਦੇ ਨੇੜੇ ਹਾਦਸਾਗ੍ਰਸਤ ਹੋਣ ਕਾਰਨ ਸਵਰਾਜਦੀਪ ਸਿੰਘ ਸਮੇਤ ਜਹਾਜ਼ ਦੇ ਅਮਲੇ ਦੇ ਸੱਤ ਮੈਂਬਰਾਂ ਦੀ ਮੌਤ ਹੋ ਗਈ। ਇਸ ਹਾਦਸੇ ਕਾਰਨ ਹਵਾਬਾਜ਼ੀ ਸੁਰੱਖਿਆ (ਏਵੀਏਸ਼ਨ ਸੇਫਟੀ) ਨੂੰ ਲੈ ਕੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ। ਇਸ ਹਾਦਸੇ ਵਿੱਚ ਆਪਣੀ ਜਾਨ ਗੁਆਉਣ ਵਾਲੇ ਸਵਰਾਜਦੀਪ ਦੇ ਘਰ ਵਿੱਚ ਸੋਗ ਹੈ। ਸਵਰਾਜਦੀਪ ਨੇ ਉਡਾਣ ਭਰਨ ਤੋਂ ਕੁਝ ਸਮਾਂ ਪਹਿਲਾਂ ਹੀ ਆਪਣੇ ਮਾਤਾ ਜੀ ਨਾਲ ਫ਼ੋਨ 'ਤੇ ਗੱਲ ਕੀਤੀ ਸੀ। ਉਸ ਨੇ ਬਹੁਤ ਖੁਸ਼ੀ ਨਾਲ ਦੱਸਿਆ ਸੀ ਕਿ ਉਹ ਰਾਂਚੀ ਤੋਂ ਦਿੱਲੀ ਲਈ ਰਵਾਨਾ ਹੋ ਰਹੇ ਹਨ। ਉਸ ਦੇ ਆਖ਼ਰੀ ਸ਼ਬਦ ਸਨ, 'ਲੈਂਡਿੰਗ ਤੋਂ ਬਾਅਦ ਮੈਂ ਮੁੜ ਫ਼ੋਨ ਕਰਾਂਗਾ।' ਪਰ ਕਿਸੇ ਨੂੰ ਨਹੀਂ ਪਤਾ ਸੀ ਕਿ ਇਹ ਉਨ੍ਹਾਂ ਦੀ ਆਖ਼ਰੀ ਗੱਲਬਾਤ ਹੋਵੇਗੀ। ਫ਼ੋਨ ਕੱਟਣ ਤੋਂ ਕੁਝ ਹੀ ਦੇਰ ਬਾਅਦ ਇਹ ਹਾਦਸਾ ਵਾਪਰ ਗਿਆ ਜਿਸ ਨੇ ਹਮੇਸ਼ਾ ਲਈ ਸਵਰਾਜਦੀਪ ਦੀ ਆਵਾਜ਼ ਨੂੰ ਖ਼ਾਮੋਸ਼ ਕਰ ਦਿੱਤਾ। ਅੰਮ੍ਰਿਤਸਰ ਦੇ ਸੁਲਤਾਨਵਿੰਡ ਰੋਡ ਦੇ ਇਲਾਕਾ ਗੋਬਿੰਦ ਨਗਰ ਦੇ ਚੌੜਾ ਬਾਜ਼ਾਰ 'ਚ ਰਹਿਣ ਵਾਲੇ ਸਵਰਾਜਦੀਪ ਸਿੰਘ ਨੇ ਡੇਢ ਸਾਲ ਪਹਿਲਾਂ ਹੀ ਨੌਕਰੀ ਸ਼ੁਰੂ ਕੀਤੀ ਸੀ ਅਤੇ ਉਸ ਦਾ ਇਕ ਛੋਟਾ ਬੱਚਾ ਵੀ ਹੈ। ਸਵਰਾਜਦੀਪ ਦੀ ਮੌਤ ਤੋਂ ਬਾਅਦ ਹੁਣ ਹਵਾਬਾਜ਼ੀ ਵਿਭਾਗ ਦੇ ਉੱਚ ਅਧਿਕਾਰੀ ਅਤੇ ਜਾਂਚ ਟੀਮਾਂ ਇਸ ਹਾਦਸੇ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਵਿੱਚ ਜੁਟ ਗਈਆਂ ਹਨ।

# ਸ਼ਰਟਲੈੱਸ ਪ੍ਰੋਟੈਸਟ, ਯੂਥ ਕਾਂਗਰਸ ਦਾ ਪ੍ਰਧਾਨ ਉਦੈ ਭਾਨੂ ਚਿੱਬ ਗ੍ਰਿਫ਼ਤਾਰ

ਨਵੀਂ ਦਿੱਲੀ, 25 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਪੁਲਿਸ ਨੇ ਭਾਰਤ ਮੰਡਪਮ ਵਿਖੇ ਹੋਏ AI ਇਮਪੈਕਟ ਸਮਿਟ' ਦੌਰਾਨ ਬਿਨਾਂ ਕਮੀਜ਼ਾਂ ਤੋਂ ਪ੍ਰਦਰਸ਼ਨ ਕਰਨ ਦੇ ਮਾਮਲੇ ਵਿੱਚ ਭਾਰਤੀ ਯੂਥ ਕਾਂਗਰਸ (IYC) ਦੇ ਪ੍ਰਧਾਨ ਉਦੈ ਭਾਨੂ ਚਿੱਬ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪਿਛਲੇ ਸ਼ੁੱਕਰਵਾਰ ਹੋਏ ਇਸ ਪ੍ਰਦਰਸ਼ਨ ਦੇ ਸਬੰਧ ਵਿੱਚ ਹੁਣ ਤੱਕ ਕੁੱਲ ਅੱਠ ਗ੍ਰਿਫ਼ਤਾਰੀਆਂ ਹੋ ਚੁੱਕੀਆਂ ਹਨ।

ਪੁਲਿਸ ਨੇ ਇਸ ਤੋਂ ਪਹਿਲਾਂ ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਤੋਂ ਕਈ ਕਾਰਕਰਤਾਵਾਂ ਨੂੰ ਹਿਰਾਸਤ ਵਿੱਚ ਲਿਆ ਸੀ। ਇਨ੍ਹਾਂ ਪ੍ਰਦਰਸ਼ਨਕਾਰੀਆਂ ਨੇ ਸਮਿਟ ਦੌਰਾਨ ਆਪਣੀਆਂ ਕਮੀਜ਼ਾਂ ਉਤਾਰ ਕੇ ਸਰਕਾਰ ਅਤੇ ਭਾਰਤ-ਅਮਰੀਕਾ ਵਪਾਰ ਸਮਝੌਤੇ ਵਿਰੁੱਧ ਨਾਅਰਿਆਂ ਵਾਲੀਆਂ ਟੀ-ਸ਼ਰਟਾਂ ਦਿਖਾਈਆਂ ਸਨ।

ਪੁਲਿਸ ਨੇ ਇਸ ਮਾਮਲੇ ਵਿੱਚ ਭਾਰਤੀ ਨਿਆਂ ਸੰਹਿਤਾ ਦੀਆਂ ਗੰਭੀਰ ਧਾਰਾਵਾਂ, ਜਿਵੇਂ ਕਿ ਵੱਖ-ਵੱਖ ਸਮੂਹਾਂ




ਵਿੱਚ ਦੁਸ਼ਮਣੀ ਵਧਾਉਣਾ ਅਤੇ ਕੌਮੀ ਏਕਤਾ ਨੂੰ ਨੁਕਸਾਨ ਪਹੁੰਚਾਉਣ ਵਾਲੇ ਕਦਮ ਚੁੱਕਣ ਦੇ ਦੋਸ਼ ਆਇਦ ਕੀਤੇ ਹਨ।

ਜਾਂਚਕਰਤਾ ਇਸ ਗੱਲ ਦੀ ਵੀ ਪੜਤਾਲ ਕਰ ਰਹੇ ਹਨ ਕਿ ਇਸ ਪ੍ਰਦਰਸ਼ਨ ਲਈ ਫੰਡਿੰਗ ਕਿੱਥੋਂ ਹੋਈ ਅਤੇ ਟੀ-ਸ਼ਰਟਾਂ ਕਿਸ ਨੇ ਛਪਵਾਈਆਂ। ਜਿੱਥੇ ਭਾਜਪਾ ਨੇ ਇਸ ਨੂੰ ਕੌਮਾਂਤਰੀ ਪੱਧਰ 'ਤੇ ਭਾਰਤ ਦੇ ਅਕਸ ਨੂੰ ਖ਼ਰਾਬ ਕਰਨ ਵਾਲੀ ਹਰਕਤ ਦੱਸਿਆ ਹੈ, ਉੱਥੇ ਹੀ ਯੂਥ ਕਾਂਗਰਸ ਨੇ ਇਸ ਨੂੰ ਕੌਮੀ ਹਿੱਤਾਂ ਦੀ ਰਾਖੀ ਲਈ ਇੱਕ 'ਸ਼ਾਂਤੀਪੂਰਨ' ਪ੍ਰਦਰਸ਼ਨ ਕਰਾਰ ਦਿੱਤਾ ਹੈ।

# ਜਬਰੀ ਵਸੂਲੀ ਨਾਲ ਸਬੰਧਤ ਗੋਲੀਬਾਰੀ ਦੀਆਂ ਘਟਨਾਵਾਂ ਵਿੱਚ ਸ਼ਾਮਲ ਦੋ ਬੀ.ਕੇ.ਆਈ. ਕਾਰਕੁਨ ਜਲੰਧਰ ਤੋਂ ਗ੍ਰਿਫ਼ਤਾਰ; ਪਿਸਤੌਲ ਬਰਾਮਦ*

ਚੰਡੀਗੜ੍ਹ, 25 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ, ਕਾਊਂਟਰ ਇੰਟੈਲੀਜੈਂਸ (ਸੀਆਈ) ਜਲੰਧਰ ਨੇ ਜਬਰੀ ਵਸੂਲੀ ਨਾਲ ਸਬੰਧਤ ਗੋਲੀਬਾਰੀ ਦੀਆਂ ਘਟਨਾਵਾਂ ਵਿੱਚ ਸ਼ਾਮਲ ਬੱਬਰ ਖਾਲਸਾ ਇੰਟਰਨੈਸ਼ਨਲ (ਬੀਕੇਆਈ) ਵੱਲੋਂ ਸਮਰਥਤ ਇੱਕ ਮਾਡਿਊਲ ਦੇ ਦੋ ਮੁੱਖ ਕਾਰਕੁਨਾਂ ਨੂੰ ਇੱਕ .32 ਬੋਰ ਪਿਸਤੌਲ, ਮੈਗਜ਼ੀਨ ਅਤੇ ਅੱਠ ਕਾਰਤੂਸਾਂ ਸਮੇਤ ਗ੍ਰਿਫ਼ਤਾਰ ਕਰਕੇ ਇਸ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਸੁਖਵਿੰਦਰ ਸਿੰਘ ਉਰਫ਼ ਸੰਨੀ ਅਤੇ ਰਾਵਲ ਦੋਵੇਂ ਵਾਸੀ ਪਿੰਡ ਕੁਲਮ, ਐਸਬੀਐਸ ਨਗਰ ਵਜੋਂ ਹੋਈ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਆਪਣੇ ਵਿਦੇਸ਼ੀ ਹੈਂਡਲਰਾਂ - ਗੋਪੀ ਨਵਾਸ਼ਹਿਰੀਆ, ਜੱਸੀ ਕੁਲਮ ਅਤੇ ਸੁਸ਼ਾਂਤ ਚੋਪੜਾ - ਜੋ ਬੀਕੇਆਈ ਨਾਲ ਜੁੜੇ ਹੋਏ ਹਨ, ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ। ਉਨ੍ਹਾਂ ਦੱਸਿਆ ਕਿ ਜਾਂਚ ਮੁਤਾਬਕ, ਮੁਲਜ਼ਮਾਂ ਨੇ ਜਬਰੀ ਵਸੂਲੀ ਲਈ ਗੜ੍ਹਸ਼ੰਕਰ ਖੇਤਰ ਵਿੱਚ ਇੱਕ ਟ੍ਰੈਵਲ ਏਜੰਟ ਦੇ ਘਰ 'ਤੇ ਦੋ ਵਾਰ ਗੋਲੀਬਾਰੀ ਕੀਤੀ ਸੀ।




ਇਸ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ, ਉਨ੍ਹਾਂ ਦੱਸਿਆ ਕਿ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਸੀਆਈ ਜਲੰਧਰ ਦੀਆਂ ਟੀਮਾਂ ਨੇ ਜਲੰਧਰ-ਅੰਮ੍ਰਿਤਸਰ ਹਾਈਵੇਅ ਤੋਂ ਜਲੰਧਰ ਦੇ ਸੁਰਾਨੱਸੀ ਵਿਖੇ ਲਿਧੜਾਂ ਅੰਡਰਬ੍ਰਿਜ ਨੇੜਿਓਂ ਬੀਕੇਆਈ ਨਾਲ ਜੁੜੇ ਦੋਵਾਂ ਮੁਲਜ਼ਮਾਂ ਨੂੰ ਹਥਿਆਰ ਸਮੇਤ ਗ੍ਰਿਫ਼ਤਾਰ ਕਰ ਲਿਆ।

ਡੀਜੀਪੀ ਨੇ ਦੱਸਿਆ ਕਿ ਇਸ ਮਾਡਿਊਲ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਅਤੇ ਇਸ ਦੇ ਹੋਰ ਮੈਂਬਰਾਂ ਦੀ ਪਛਾਣ ਕਰਨ ਲਈ ਜਾਂਚ ਜਾਰੀ ਹੈ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ।

# ਕੈਨੇਡਾ ਨੇ ਜਬਰਨ ਵਸੂਲੀ ਦੇ ਦੋਸ਼ੀ ਪੰਜਾਬੀ ਨੌਜਵਾਨ ਨੂੰ ਕੀਤਾ ਡਿਪੋਰਟ

ਸਰੀ, 25 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਕੈਨੇਡਾ ਸਰਕਾਰ ਨੇ ਜਬਰਨ ਵਸੂਲੀ ਵਰਗੀਆਂ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੇ ਦੋਸ਼ ਹੇਠ 22 ਸਾਲਾ ਪੰਜਾਬੀ ਨੌਜਵਾਨ ਲਵਬੀਰ ਸਿੰਘ ਨੂੰ ਦੇਸ਼ ਵਿੱਚੋਂ ਕੱਢ ਦਿੱਤਾ ਯਾਨੀ ਡਿਪੋਰਟ ਕਰ ਦਿੱਤਾ ਹੈ। ਸਰੀ ਪੁਲੀਸ ਸਰਵਿਸ ਨੇ ਲਵਬੀਰ ਦੀ ਤਸਵੀਰ ਜਾਰੀ ਕਰਦਿਆਂ ਜਨਤਾ ਨੂੰ ਅਪੀਲ ਕੀਤੀ ਹੈ ਕਿ ਉਹ ਉਸ ਦੇ ਸਾਥੀਆਂ ਅਤੇ ਕੈਨੇਡਾ ਵਿੱਚ ਉਸ ਦੇ ਠਹਿਰਾਅ ਦੌਰਾਨ ਕੀਤੀਆਂ ਗਈਆਂ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕਰਨ।

ਦੱਸ ਦਈਏ ਕਿ ਲਵਬੀਰ ਸਾਲ 2023 ਵਿੱਚ ਇੱਕ ਵਿਦੇਸ਼ੀ ਨਾਗਰਿਕ ਵਜੋਂ ਕੈਨੇਡਾ ਆਇਆ ਸੀ ਪਰ 2026 ਦੇ ਸ਼ੁਰੂ ਵਿੱਚ ਪੁਲੀਸ ਨੇ ਉਸ ਨੂੰ ਜਬਰਨ ਵਸੂਲੀ ਦੇ ਮਾਮਲਿਆਂ ਵਿੱਚ ਮੁੱਖ ਸ਼ੱਕੀ ਵਜੋਂ ਨਾਮਜ਼ਦ ਕੀਤਾ।

# ਨਿੱਜੀ ਸਕੂਲ ਦੇ ਅਧਿਆਪਕ ਵੱਲੋਂ 32 ਵਿਦਿਆਰਥੀਆਂ ਦੀ ਬੇਰਿਹਮੀ ਨਾਲ ਕੁੱਟਮਾਰ

ਲਾਤੂਰ, 25 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮਹਾਰਾਸ਼ਟਰ ਦੇ ਲਾਤੂਰ ਜ਼ਿਲ੍ਹੇ ਵਿੱਚ ਇੱਕ ਅਧਿਆਪਕ ਵੱਲੋਂ 32 ਨਾਬਾਲਗ ਵਿਦਿਆਰਥੀਆਂ ਦੀ ਬੇਰਿਹਮੀ ਨਾਲ ਕੁੱਟਮਾਰ ਕਰਨ ਦਾ ਸਦਮੇ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇਹ ਘਟਨਾ 21 ਫਰਵਰੀ ਦੀ ਰਾਤ ਨੂੰ ਅਹਿਮਦਪੁਰ ਨੇੜੇ ਇੱਕ ਨਿੱਜੀ ਸਕੂਲ ਦੇ ਹੋਸਟਲ ਵਿੱਚ ਵਾਪਰੀ।

ਮੁਲਜ਼ਮ ਅਧਿਆਪਕ ਉਜਵਲ ਪ੍ਰਕਾਸ਼ ਸੋਨੀ ਨੂੰ ਸ਼ੱਕ ਸੀ ਕਿ ਵਿਦਿਆਰਥੀਆਂ ਨੇ ਉਸ ਦੇ ਮੋਟਰਸਾਈਕਲ ਨੂੰ ਨੁਕਸਾਨ ਪਹੁੰਚਾਇਆ ਹੈ। ਗੁੱਸੇ ਵਿੱਚ ਆ ਕੇ ਉਸ ਨੇ 5ਵੀਂ ਤੋਂ 10ਵੀਂ ਜਮਾਤ ਦੇ ਦਰਜਨਾਂ ਬੱਚਿਆਂ 'ਤੇ ਬਾਂਸ ਦੀ ਸੋਟੀ ਨਾਲ ਹਮਲਾ ਕਰ ਦਿੱਤਾ, ਜਿਸ ਕਾਰਨ ਕਈ ਵਿਦਿਆਰਥੀ ਜ਼ਖ਼ਮੀ ਹੋ ਗਏ। ਪੁਲੀਸ ਨੇ ਕਾਰਵਾਈ ਕਰਦਿਆਂ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

# ਮਜੀਠੀਆ, ਚੰਦੂਮਾਜਰਾ ਅਤੇ ਰੱਖੜਾ ਦੀ ਅਚਨਚੇਤ ਮੁਲਾਕਾਤ ਨੇ ਛੇੜੀ ਨਵੀਂ ਚਰਚਾ

## ਅਸੀਂ ਅਦਾਲਤ ਵਿੱਚ ਇੱਕ ਕੇਸ ਵਿੱਚ ਪੇਸ਼ ਹੋਣ ਲਈ ਇਕੱਠੇ ਸੀ : ਚੰਦੂਮਾਜਰਾ

ਚੰਡੀਗੜ੍ਹ, 25 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਅਤੇ ਇਸ ਤੋਂ ਵੱਖ ਹੋਏ ਧੜੇ ਦੇ ਇੱਕ ਮੰਚ 'ਤੇ ਇਕੱਠੇ ਹੋਣ ਦੀਆਂ ਅਟਕਲਾਂ ਦੇ ਵਿਚਕਾਰ ਸੋਸ਼ਲ ਮੀਡੀਆ 'ਤੇ ਸਾਹਮਣੇ ਆਈ ਇੱਕ ਵੀਡੀਓ ਕਲਿੱਪ ਚਰਚਾ ਦਾ ਵਿਸ਼ਾ ਬਣ ਗਈ ਹੈ। ਇਸ ਵੀਡੀਓ ਕਲਿੱਪ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ, ਪ੍ਰੇਮ ਸਿੰਘ ਚੰਦੂਮਾਜਰਾ ਅਤੇ ਸੁਰਜੀਤ ਸਿੰਘ ਰੱਖੜਾ, ਜੋ ਵੱਖਰੇ ਧੜੇ 'ਚ ਹਨ, ਇੱਕ ਇਮਾਰਤ ਦੀ ਲਾਬੀ ਵਿੱਚ ਇੱਕ-ਦੂਜੇ ਨਾਲ ਸੁਖ-ਸਾਂਦ ਪੁੱਛਦੇ ਨਜ਼ਰ ਆਏ।ਦਰਅਸਲ, ਇਹ ਤਿੰਨੋਂ ਇੱਕ ਪੁਰਾਣੇ ਕੇਸ ਸਬੰਧੀ ਚੰਡੀਗੜ੍ਹ ਦੀ ਇੱਕ ਅਦਾਲਤ ਵਿੱਚ ਪੇਸ਼ ਹੋਣ ਲਈ ਆਏ ਸਨ। ਚੰਦੂਮਾਜਰਾ ਅਤੇ ਰੱਖੜਾ ਨੇ ਬਾਦਲਾਂ ਦੇ ਖ਼ਿਲਾਫ਼ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ 'ਅਕਾਲੀ ਦਲ ਪੁਨਰ ਸੁਰਜੀਤ' ਦੀ ਪ੍ਰਮੁੱਖਤਾ ਨਾਲ ਅਗਵਾਈ ਕੀਤੀ ਸੀ।



ਇਸ ਦੌਰਾਨ ਚੰਦੂਮਾਜਰਾ ਨੇ ਮਜੀਠੀਆ ਨਾਲ ਗੱਲਬਾਤ ਸ਼ੁਰੂ ਕਰਨ ਲਈ ਪਹਿਲ ਕੀਤੀ, ਜੋ ਇੱਕ ਫੋਨ ਕਾਲ ਸੁਣ ਰਹੇ ਸਨ, ਅਤੇ ਉਨ੍ਹਾਂ ਨੂੰ 'ਆਓ ਜੀ... ਮਾਝੇ ਦੇ ਜਰਨੈਲ ਸਾਹਿਬ' ਕਹਿ ਕੇ ਸੰਬੋਧਨ ਕੀਤਾ। ਤੁਰੰਤ, ਮਜੀਠੀਆ ਨੇ ਵੀ ਉਸੇ ਅੰਦਾਜ਼ ਵਿੱਚ ਜਵਾਬ ਦਿੱਤਾ, ਚੰਦੂਮਾਜਰਾ ਨੂੰ ਮਿਲਣ ਲਈ ਚੱਲ ਰਹੀ ਫੋਨ ਕਾਲ ਤੁਰੰਤ ਕੱਟ ਦਿੱਤੀ। ਬਾਅਦ ਵਿੱਚ, ਉਹ ਦੋਵੇਂ ਇੱਕ ਕੋਨੇ ਵਿੱਚ ਚਲੇ ਗਏ। ਉਸੇ ਥਾਂ 'ਤੇ ਰੱਖੜਾ ਵੀ ਸ਼ਾਮਲ ਹੋ ਗਏ ਅਤੇ ਮਜੀਠੀਆ ਨੂੰ ਨਿੱਘ ਨਾਲ ਮਿਲੇ।

ਆਮਦਨ ਤੋਂ ਵੱਧ ਸੰਪਤੀ ਦੇ ਕੇਸ ਵਿੱਚ ਜ਼ਮਾਨਤ 'ਤੇ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ, ਮਜੀਠੀਆ ਨੇ ਕਿਹਾ ਸੀ ਕਿ ਉਨ੍ਹਾਂ ਦਾ ਮੁੱਖ ਉਦੇਸ਼ ਅਕਾਲੀ ਦਲ ਦੇ ਕੇਡਰ ਨੂੰ ਮਜ਼ਬੂਤ ਕਰਨਾ ਹੋਵੇਗਾ ਅਤੇ ਉਹ ਬਾਗੀ ਅਕਾਲੀਆਂ ਨੂੰ ਪਾਰਟੀ ਵਿੱਚ ਵਾਪਸ ਲਿਆਉਣ ਲਈ ਨੰਗੇ ਪੈਰੀਂ ਜਾਣ ਤੋਂ ਵੀ ਗੁਰੇਜ਼ ਨਹੀਂ ਕਰਨਗੇ।

ਟ੍ਰਿਬਿਊਨ ਨਾਲ ਗੱਲਬਾਤ ਕਰਦਿਆਂ ਚੰਦੂਮਾਜਰਾ ਨੇ ਕਿਹਾ, ਇਹ ਇਤਫ਼ਾਕ ਨਾਲ ਹੋਇਆ ਕਿ ਅਸੀਂ ਇਕੱਠੇ ਸੀ। ਕੋਈ ਰਸਮੀ ਮੀਟਿੰਗ ਜਾਂ ਸਿਆਸੀ ਚਰਚਾ ਨਹੀਂ ਸੀ। ਅਸੀਂ ਉਸ ਸਮੇਂ ਦੇ ਪੰਜਾਬ ਦੇ ਮੁੱਖ ਮੰਤਰੀ ਦੀ ਰਿਹਾਇਸ਼ ਦੇ ਕੋਲ ਹੋਏ ਪ੍ਰਦਰਸ਼ਨ ਨਾਲ ਸਬੰਧਤ ਪੰਜ ਸਾਲ ਪੁਰਾਣੇ ਕੇਸ ਵਿੱਚ ਅਦਾਲਤ ਵਿੱਚ ਪੇਸ਼ੀ ਭੁਗਤਣੀ ਸੀ, ਜਦੋਂ ਅਸੀਂ ਅਕਾਲੀ ਦਲ ਵਿੱਚ ਇਕੱਠੇ ਸੀ।

ਚੰਦੂਮਾਜਰਾ ਨੇ ਕਿਹਾ ਕਿ ਉਹ ਵੀ ਅਕਾਲੀ ਦਲ ਨੂੰ 'ਬਿਨਾਂ ਸ਼ਰਤ' ਮਜ਼ਬੂਤ ਕਰਨ ਲਈ ਇੱਕ ਮੰਚ 'ਤੇ ਹੋਣ ਦੇ ਹੱਕ ਵਿੱਚ ਹਨ। ਉਨ੍ਹਾਂ ਕਿਹਾ, ਏਕਤਾ ਇੱਕ ਚੰਗਾ ਕਦਮ ਹੈ ਅਤੇ ਸਾਨੂੰ ਪੰਜਾਬ ਨੂੰ ਬਚਾਉਣ ਲਈ ਇਸ ਦਿਸ਼ਾ ਵਿੱਚ ਸੋਚਣਾ ਚਾਹੀਦਾ ਹੈ। ਮੈਂ ਮਜੀਠੀਆ ਦੇ ਇਸ ਵਿਚਾਰ ਦਾ ਸਵਾਗਤ ਕਰਦਾ ਹਾਂ, ਪਰ ਹੁਣ ਤੱਕ ਦੂਜੇ ਪਾਸੇ ਤੋਂ ਏਕਤਾ ਲਈ ਕੋਈ ਰਸਮੀ ਸੱਦਾ ਨਹੀਂ ਆਇਆ ਹੈ। ਸ੍ਰੀ ਅਕਾਲ ਤਖ਼ਤ ਦੇ 2 ਦਸੰਬਰ 2024 ਦੇ ਨਿਰਦੇਸ਼ ਵੀ ਮੱਤਭੇਦਾਂ ਨੂੰ ਦੂਰ ਕਰਕੇ ਅਕਾਲੀ ਕੇਡਰ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਦਿੱਤੇ ਗਏ ਸਨ।\

ਦੂਜੇ ਪਾਸੇ 'ਪੁਨਰਸੁਰਜੀਤ' ਗਰੁੱਪ ਦਾ ਹਿੱਸਾ ਰਹੇ ਇੱਕ ਹੋਰ ਬਾਗੀ ਅਕਾਲੀ ਆਗੂ ਕਰਨੈਲ ਸਿੰਘ ਪੀਰ ਮੁਹੰਮਦ (ਪੰਜੋਲੀ) ਨੇ ਅੱਜ ਆਪਣੇ ਸੋਸ਼ਲ ਮੀਡੀਆ ਹੈਂਡਲ 'ਤੇ ਮੌਜੂਦਾ ਲੀਡਰਸ਼ਿਪ ਨਾਲ ਵਿਚਾਰਕ ਮੱਤਭੇਦਾਂ ਦਾ ਹਵਾਲਾ ਦਿੰਦੇ ਹੋਏ ਅਸਤੀਫਾ ਦੇ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਪੰਜੋਲੀ ਨੇ ਬਾਦਲ ਦਾ ਵਿਰੋਧ ਕੀਤਾ ਸੀ। ਉਹ ਉਨ੍ਹਾਂ ਡੈਲੀਗੇਟਾਂ ਵਿੱਚ ਸ਼ਾਮਲ ਸਨ ਜਿਨ੍ਹਾਂ ਨੇ ਅਕਾਲੀ ਦਲ ਦੀ ਮੁੜ ਸੁਰਜੀਤੀ ਲਈ ਮੈਂਬਰਸ਼ਿਪ ਮੁਹਿੰਮ ਚਲਾਈ ਸੀ।

# ਮਜੀਠੀਆ ਵੱਲੋਂ ਪੰਜ ਸਾਲ ਪੁਰਾਣਾ ਮਾਮਲਾ ਰੱਦ ਕਰਨ ਲਈ ਅਰਜ਼ੀ ਦਾਇਰ

ਚੰਡੀਗੜ੍ਹ, 25 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਬਿਕਰਮਜੀਤ ਸਿੰਘ ਮਜੀਠੀਆ ਅੱਜ ਚੰਡੀਗੜ੍ਹ ਦੀ ਅਦਾਲਤ ਵਿੱਚ ਪੇਸ਼ ਹੋਏ। ਉਨ੍ਹਾਂ ਨੇ ਸਾਲ 2021 ਵਿੱਚ ਇੱਕ ਪ੍ਰਦਰਸ਼ਨ ਦੌਰਾਨ ਦਰਜ ਹੋਈ ਐਫ.ਆਈ.ਆਰ. (69♣) ਵਿੱਚ ਖ਼ੁਦ ਨੂੰ ਦੋਸ਼ਮੁਕਤ ਕਰਨ ਲਈ 'ਡਿਸਚਾਰਜ ਐਪਲੀਕੇਸ਼ਨ' (ਕੇਸ ਰੱਦ ਕਰਨ ਲਈ ਅਰਜ਼ੀ) ਦਾਇਰ ਕੀਤੀ ਹੈ।

ਇਹ ਮਾਮਲਾ ਉਦੋਂ ਦਰਜ ਕੀਤਾ ਗਿਆ ਸੀ ਜਦੋਂ ਅਕਾਲੀ ਦਲ ਦੇ ਆਗੂ ਕਿਸਾਨਾਂ ਦੀਆਂ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਮਾਰਚ ਕਰ ਰਹੇ ਸਨ। ਪੁਲੀਸ ਨੇ ਇਲਜ਼ਾਮ ਲਗਾਇਆ ਸੀ ਕਿ ਪ੍ਰਦਰਸ਼ਨਕਾਰੀਆਂ ਨੇ ਸਰਕਾਰੀ ਡਿਊਟੀ ਵਿੱਚ ਅੜਿੱਕਾ ਪਾਇਆ ਅਤੇ ਪੁਲੀਸ ਮੁਲਾਜ਼ਮਾਂ 'ਤੇ ਹਮਲਾ ਕੀਤਾ।

ਆਪਣੇ ਵਕੀਲ ਰਾਹੀਂ ਦਾਇਰ ਅਰਜ਼ੀ ਵਿੱਚ ਮਜੀਠੀਆ ਨੇ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਕਿਹਾ ਕਿ ਇਹ ਪ੍ਰਦਰਸ਼ਨ ਪੂਰੀ ਤਰ੍ਹਾਂ ਸ਼ਾਂਤੀਪੂਰਨ ਸੀ ਅਤੇ ਪੁਲੀਸ ਕੋਲ ਉਨ੍ਹਾਂ ਦੇ ਖ਼ਿਲਾਫ਼ ਕੋਈ ਵੀ ਪੁਖ਼ਤਾ ਸਬੂਤ ਨਹੀਂ ਹੈ।

ਉਨ੍ਹਾਂ ਇਹ ਵੀ ਦਲੀਲ ਦਿੱਤੀ ਕਿ ਇਸੇ ਕੇਸ ਵਿੱਚ ਹੋਰ ਸਹਿ-ਮੁਲਜ਼ਮਾਂ, ਜਿਵੇਂ ਕਿ ਮਹੇਸ਼ ਇੰਦਰ ਸਿੰਘ ਗਰੇਵਾਲ ਅਤੇ ਦਲਜੀਤ ਸਿੰਘ ਚੀਮਾ ਖ਼ਿਲਾਫ਼ ਦਰਜ ਐਫ.ਆਈ.ਆਰ. ਨੂੰ ਹਾਈ ਕੋਰਟ ਪਹਿਲਾਂ ਹੀ ਰੱਦ ਕਰ ਚੁੱਕੀ ਹੈ। ਮਜੀਠੀਆ ਨੇ ਅਦਾਲਤ ਨੂੰ ਬੇਨਤੀ ਕੀਤੀ ਹੈ ਕਿ ਉਨ੍ਹਾਂ ਵਿਰੁੱਧ ਲਗਾਏ ਗਏ ਸਾਰੇ ਦੋਸ਼ ਬੇਬੁਨਿਆਦ ਹਨ, ਇਸ ਲਈ ਇਸ ਕੇਸ ਨੂੰ ਖ਼ਤਮ ਕੀਤਾ ਜਾਵੇ।

# ਸਿਆਸੀ ਚੋਗ਼ਾ: ਪੰਜਾਬ 'ਸਸਤੀ ਰੋਟੀ' ਤੋਂ 'ਮੇਰੀ ਰਸੋਈ' ਤੱਕ ਮੇਰੀ ਰਸੋਈ ਲਈ 950 ਕਰੋੜ ਦਾ ਬਜਟ ਰੱਖੇਗੀ ਸਰਕਾਰ

ਚੰਡੀਗੜ੍ਹ, 25 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਹੁਣ 'ਸਸਤੀ ਰੋਟੀ' ਤੋਂ 'ਮੇਰੀ ਰਸੋਈ' ਤੱਕ ਪੁੱਜ ਗਿਆ ਹੈ, ਜਦੋਂ ਕਾਂਗਰਸੀ ਹਕੂਮਤ ਸੀ ਤਾਂ ਪਹਿਲੀ ਕੈਬਨਿਟ ਮੀਟਿੰਗ 'ਚ ਹੀ 'ਸਸਤੀ ਰੋਟੀ' ਸਕੀਮ ਨੂੰ 18 ਮਾਰਚ 2017 ਨੂੰ ਹਰੀ ਝੰਡੀ ਦਿੱਤੀ ਗਈ ਸੀ। ਅਮਰਿੰਦਰ ਸਰਕਾਰ ਨੇ ਉਸ ਵਕਤ ਲਹਿੰਦੇ ਪੰਜਾਬ ਦੀ ਸਰਕਾਰ ਦੀ ਤਰਜ਼ 'ਤੇ 'ਸਸਤੀ ਰੋਟੀ' ਸਕੀਮ ਲਿਆਂਦੀ ਸੀ, ਜੋ ਥੋੜ੍ਹੇ ਸਮੇਂ ਮਗਰੋਂ ਹੀ ਦਮ ਤੋੜ ਗਈ। ਕਾਂਗਰਸ ਸਰਕਾਰ ਨੇ ਪਹਿਲੇ ਵਿੱਤੀ ਵਰ੍ਹੇ ਦੌਰਾਨ 'ਸਸਤੀ ਰੋਟੀ' ਰੈੱਡ ਕਰਾਸ ਦਫ਼ਤਰਾਂ ਦੇ ਹਵਾਲੇ ਕਰ ਦਿੱਤੀ ਸੀ।

ਕਾਂਗਰਸ ਸਰਕਾਰ ਨੇ ਪਹਿਲੇ ਸਾਲ 'ਚ ਹੀ ਦਾਨੀਆਂ ਦਾ ਆਸਰਾ ਤੱਕਿਆ ਅਤੇ ਰੈੱਡ ਕਰਾਸ ਦਫ਼ਤਰਾਂ ਨੂੰ ਸਸਤੀ ਰੋਟੀ ਸਕੀਮ ਨੂੰ ਜਾਰੀ ਰੱਖਣ ਲਈ ਪਾਪੜ ਵੇਲਣੇ ਪਏ। ਡਿਪਟੀ ਕਮਿਸ਼ਨਰ ਸਰਕਾਰ ਨੂੰ 'ਸਸਤੀ ਰੋਟੀ' ਸਕੀਮ ਲਈ ਫ਼ੰਡ ਲੈਣ ਲਈ ਤਰਲੇ ਮਾਰਦੇ ਰਹੇ ਪ੍ਰੰਤੂ ਜ਼ਿਲ੍ਹਿਆਂ ਨੂੰ ਬਹੁਤੇ ਫ਼ੰਡ ਨਸੀਬ ਨਾ ਹੋਏ। ਡਿਪਟੀ ਕਮਿਸ਼ਨਰਾਂ ਨੇ ਕਾਰੋਬਾਰੀ ਲੋਕਾਂ ਦੇ ਬੂਹੇ ਖੜਕਾਏ ਅਤੇ ਕੁਝ ਸਮਾਂ ਇਹ ਸਕੀਮ ਜਾਰੀ ਰਹਿ ਸਕੀ। ਮੌਜੂਦਾ ਸਰਕਾਰ ਨੇ 'ਮੇਰੀ ਰਸੋਈ' ਸਕੀਮ ਨੂੰ ਅੱਜ ਪ੍ਰਵਾਨਗੀ ਦਿੱਤੀ ਹੈ ਅਤੇ ਸਕੀਮ ਲਈ 950 ਕਰੋੜ ਦਾ ਬਜਟ ਵੀ ਰੱਖਿਆ ਜਾ ਰਿਹਾ ਹੈ। ਪੰਜਾਬ ਦੇ 40 ਲੱਖ ਪਰਿਵਾਰਾਂ ਨੂੰ 'ਮੇਰੀ ਰਸੋਈ' ਸਕੀਮ ਤਹਿਤ ਮੁਫ਼ਤ 'ਚ ਖੰਡ, ਦਾਲ, ਨਮਕ, ਹਲਦੀ ਤੇ ਤੇਲ ਦਿੱਤਾ ਜਾਣਾ ਹੈ। ਅਕਾਲੀ ਭਾਜਪਾ ਗੱਠਜੋੜ ਨੇ ਸਾਲ 2007 'ਚ ਆਟਾ ਦਾਲ ਸਕੀਮ ਸ਼ੁਰੂ ਕੀਤੀ ਸੀ ਅਤੇ ਸਾਲ 2012 'ਚ ਮੁੜ ਸੱਤਾ 'ਚ ਆਉਣ ਲਈ ਗੱਠਜੋੜ ਨੂੰ ਇਹ ਸਕੀਮ ਸਹਾਈ ਹੋਈ ਸੀ। ਇਹ ਵੱਖਰੀ ਗੱਲ ਹੈ ਕਿ ਇਸ ਸਕੀਮ ਨੇ ਖ਼ਰੀਦ ਏਜੰਸੀਆਂ 'ਤੇ 900 ਕਰੋੜ ਤੋਂ ਜ਼ਿਆਦਾ ਦਾ ਕਰਜ਼ਾ ਚਾੜ੍ਹ ਦਿੱਤਾ ਸੀ, ਜਿਸ ਦਾ ਅੱਜ ਸਾਲਾਨਾ ਵਿਆਜ ਵੀ ਕਰੋੜਾਂ 'ਚ ਤਾਰਿਆ ਜਾ ਰਿਹਾ ਹੈ।

ਕਾਂਗਰਸ ਨੇ 2017 'ਚ ਚੋਣਾਂ ਵੇਲੇ ਚਾਹ ਪੱਤੀ ਦੇਣ ਦੀ ਗੱਲ ਕੀਤੀ ਸੀ ਅਤੇ ਫੂਡ ਕੰਟੀਨਾਂ ਖੋਲ੍ਹਣ ਦਾ ਵਾਅਦਾ ਕੀਤਾ ਸੀ ਜਿੱਥੇ ਪੰਜ ਰੁਪਏ ਦੀ ਥਾਲੀ ਮਿਲਣੀ ਸੀ। ਪੰਜਾਬ 'ਚ ਇਸ ਵੇਲੇ 40.48 ਲੱਖ ਰਾਸ਼ਨ ਕਾਰਡ ਹਨ ਜਿਨ੍ਹਾਂ 'ਤੇ 1.52 ਕਰੋੜ ਲਾਭਪਾਤਰੀ ਦਰਜ ਹਨ। ਸਾਲ 2013 'ਚ ਤਾਮਿਲਨਾਡੂ 'ਚ ਜੈਲਲਿਤਾ ਨੇ 'ਅੰਮਾ ਕੰਟੀਨ' ਦੀ ਸ਼ੁਰੂਆਤ ਕੀਤੀ ਸੀ ਅਤੇ ਉੜੀਸਾ ਨੇ 'ਆਹਾਰ' ਨਾਮ ਦੀ ਸਕੀਮ ਦੀ ਸ਼ੁਰੂਆਤ ਕੀਤੀ ਸੀ। ਕਰੀਬ ਇੱਕ ਸਾਲ ਪਹਿਲਾਂ 10 ਜਨਵਰੀ 2025 ਨੂੰ ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ 'ਚ 'ਮਾਂ ਕੀ ਰਸੋਈ' ਨਾਮ ਦੀ ਸਕੀਮ ਦਾ ਉਦਘਾਟਨ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਕੀਤਾ ਸੀ। ਰਾਜਸਥਾਨ 'ਚ ਕਾਂਗਰਸ ਸਰਕਾਰ ਨੇ 'ਕੋਈ ਵੀ ਨਾ ਸੌਵੇਂ ਭੁੱਖਾ' ਦੇ ਨਾਅਰੇ ਹੇਠ 'ਇੰਦਰਾ ਕੰਟੀਨ' ਦੀ ਸ਼ੁਰੂਆਤ ਕੀਤੀ ਸੀ ਜਿਸ ਤਹਿਤ ਅੱਠ ਰੁਪਏ ਪ੍ਰਤੀ ਥਾਲ਼ੀ ਕੀਮਤ ਤੈਅ ਕੀਤੀ ਗਈ ਸੀ।

# ਆਪ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਕਾਂਗਰਸ ਤੋਂ ਚਾਰ ਕਦਮ ਅੱਗੇ : ਨਾਇਬ ਸਿੰਘ ਸੈਣੀ

**ਚੰਡੀਗੜ੍ਹ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਦੀ ਜਨਤਾ ਨਾਲ ਜੋ ਵਾਅਦੇ ਕੀਤੇ ਸਨ ਉਹ 4 ਸਾਲ ਬੀਤ ਜਾਣ ਦੇ ਬਾਅਦ ਵੀ ਪੂਰੇ ਨਹੀਂ ਹੋਏ ਹਨ। ਕਾਂਗਰਸ ਤੇ ਆਮ ਆਦਮੀ ਪਾਰਟੀ ਭ੍ਰਿਸ਼ਟਾਚਾਰ ਵਿੱਚ ਸ਼ਾਮਿਲ ਹੈ ਅਤੇ ਆਮ ਆਦਮੀ ਪਾਰਟੀ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਕਾਂਗਰਸ ਤੋਂ ਵੀ ਚਾਰ ਕਦਮ ਅੱਗੇ ਹੈ।




ਮੁੱਖ ਮੰਤਰੀ ਨਾਇਬ ਸਿੰਘ ਸੈਣੀ ਐਤਵਾਰ ਨੂੰ ਲੁਧਿਆਣਾ ਸਥਿਤ ਛੱਠ ਪੂਜਾ ਮੈਦਾਨ ਵਿੱਚ ਆਯੋਜਿਤ ਪੂਰਵਾਂਚਲ ਸਨਮਾਨ ਰੈਲੀ ਨੂੰ ਸੰਬੋਧਿਤ ਕਰ ਰਹੇ ਹਨ। ਇਸ ਤੋਂ ਪਹਿਲਾਂ ਮੁੱਖ ਮੰਤਰੀ ਦਾ ਇੱਥੇ ਪਹੁੰਚਣ ’ਤੇ ਪਦਅਧਿਕਾਰੀਆਂ ਨੇ ਸ਼ਾਨਦਾਰ ਸਵਾਗਤ ਕੀਤਾ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਇਸ ਮੌਕੇ ’ਤੇ ਪੂਰਵਾਂਚਲ ਸਨਮਾਨ ਰੈਲੀ ਦੇ ਆਯੋਜਨ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਲੁਧਿਆਣਾ ਇੱਕ ਪ੍ਰਸਿੱਦ ਉਦਯੋਗਿਕ ਨਗਰੀ ਹੈ ਅਤੇ ਇਸ ਮਿਹਨਤਕਸ਼ ਧਰਤੀ ਨੂੰ ਮੈਂ

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਇਸ ਮੌਕੇ ’ਤੇ ਪੂਰਵਾਂਚਲ ਸਨਮਾਨ ਰੈਲੀ ਦੇ ਆਯੋਜਨ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਲੁਧਿਆਣਾ ਇੱਕ ਪ੍ਰਸਿੱਦ ਉਦਯੋਗਿਕ ਨਗਰੀ ਹੈ ਅਤੇ ਇਸ ਮਿਹਨਤਕਸ਼ ਧਰਤੀ ਨੂੰ ਮੈਂ ਸੀਸ ਨਵਾ ਕੇ ਨਮਨ ਕਰਦਾ ਹਾਂ। ਪੰਜਾਬ ਗੁਰੂਆਂ ਦੀ, ਪੀਰਾਂ ਦੀ ਅਤੇ ਵੀਰਾਂ ਦੀ ਭੂਮੀ ਹੈ। ਲੁਧਿਆਣਾ ਦੀ ਇਸ ਇਤਿਹਾਸਕ ਧਰਤੀ ’ਤੇ, ਜਿਸ ਨੂੰ ਪੰਜਾਬ ਦੀ ਉਦਯੋਗਿਕ ਰਾਜਧਾਨੀ ਅਤੇ ਭਾਰਤ ਦਾ ਮੈਨਚੇਸਟਰ ਵੀ ਕਿਹਾ ਜਾਂਦਾ ਹੈ, ਮੈਨੂੰ ਸੱਦਾ ਦੇਣ ਲਈ ਤੁਹਾਡੇ ਸਾਰਿਆਂ ਦੀ ਵੰਦਨ ਕਰਦਾ ਹਾਂ। ਇਹ ਰੈਲੀ ਸਿਰਫ ਇੱਕ ਪ੍ਰੋਗਰਾਮ ਨਹੀਂ ਸਗੋ ਬਦਲਾਅ ਦਾ ਸੰਦੇਸ਼ ਹੈ। ਪੰਜਾਬ ਭਾਰਤ ਦੀ ਆਤਮਾ ਹੈ। ਇਹ ਬੋਡਰਾਂ ਦਾ ਪ੍ਰਹਿਰੀ ਹੈ, ਖੇਤਾਂ ਦੀ ਖੁਸ਼ਬੂ ਹੈ, ਢੋਲ ਦੀ ਥਾਪ ਹੈ, ਗੁਰੂਆਂ ਦੀ ਬਾਣੀ ਹੈ, ਅਤੇ ਬਹਾਦਰੀ ਦੀ ਪਹਿਚਾਣ ਹੈ।

ਮੁੱਖ ਮੰਤਰੀ ਨੇ ਇਸ ਮੌਕੇ ’ਤੇ ਕਾਂਗਰਸ ਪਾਰਟੀ ਤੇ ਆਮ ਆਦਮੀ ਪਾਰਟੀ ’ਤੇ ਤੰਜ ਕੱਸਦੇ ਹੋਏ ਕਿਹਾ ਕਿ ਦੋਨੋਂ ਪਾਰਟੀਆਂ ਭ੍ਰਿਸ਼ਟਾਚਾਰ ਵਿੱਚ ਲਿਪਤ ਹਨ। ਆਮ ਆਦਮੀ ਪਾਰਟੀ ਤਾਂ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਕਾਂਗਰਸ ਤੋਂ ਵੀ ਚਾਰ ਕਦਮ ਅੱਗੇ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਮਨ ਬਣਾ ਲਿਆ ਹੈ ਕਿ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਨਾਉਣੀ ਹੈ। ਲੋਕ ਕਾਂਗਰਸ ਅਤੇ ਆਪ ਨੂੰ ਬਾਹਰ ਕਰਨ ਦਾ ਕੰਮ ਕਰਣਗੇ।

ਮੁੱਖ ਮੰਤਰੀ ਨੇ ਇਸ ਮੌਕੇ ’ਤੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਚਾਰ ਸਾਲ ਵਿੱਚ ਕੁੱਝ ਨਹੀਂ ਕੀਤਾ। ਲੋਕਾਂ ਨਾਲ ਝੂਠ ਬੋਲਿਆ, ਝੂਠੇ ਸਬਜਬਾਗ ਦਿਖਾਏ। ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ। ਉਨ੍ਹਾਂ ਨੇ ਕਿਹਾ ਕਿ ਕੇਜਰੀਵਾਲ ਨੂੰ ਦਿੱਲੀ ਦੀ ਜਨਤਾ ਨੇ ਬਾਹਰ ਦਾ ਰਸਤਾ ਦਿਖਾਉਣ ਦਾ ਕੰਮ ਕੀਤਾ ਹੈ। ਇੰਨ੍ਹਾ ਹੀ ਨਹੀਂ ਕੇਜਰੀਵਾਲ ਤੇ ਉਸ ਦੇ ਨੇਤਾ ਆਪਣੇ ਆਪ ਨੂੰ ਕੱਟਰ ਇਮਾਨਦਾਰ ਕਹਿੰਦੇ ਸਨ। ਉਨ੍ਹਾਂ ਦਾ ਅਸਲੀ ਚਿਹਰਾ ਸਾਰੇ ਦੇਸ਼ ਦੇ ਸਾਹਮਣੇ ਆਇਆ ਹੈ। ਕੇਜਰੀਵਾਲ ਦੇ ਨਾਲ-ਨਾਲ ਉਸ ਦੇ ਨੇਤਾ ਜੇਲ੍ਹ ਵਿੱਚ ਰਹੇ ਹਨ, ਇਸ ਗੱਲ ਦਾ ਪ੍ਰਮਾਣ ਹੈ। ਕਾਂਗਰਸ ਨੇ ਭ੍ਰਿਸ਼ਟਾਚਾਰ ਨੂੰ ਜਨਮ ਦਿੱਤਾ, ਜਦੋਂ ਕਿ ਆਮ ਆਦਮੀ ਪਾਰਟੀ ਨੇ ਇਸ ’ਤੇ ਰੋਕ ਲਗਾਉਣ ਦੀ ਥਾਂ, ਉਸ ਨੂੰ ਵਧਾਇਆ ਹੈ, ਚਾਰ ਕਦਮ ਇੰਨ੍ਹਾਂ ਤੋਂ ਵੀ ਅੱਗੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਦਾ ਆਪਸ ਵਿੱਚ ਰਿਸ਼ਤਾ ਹੈ, ਇੰਨ੍ਹਾਂ ਦੀ ਇੱਕ ਹੀ ਛੱਤ ਹੈ, ਸੰਸਕਾਰ ਤੇ ਸਭਿਆਚਾਰ ਵੀ ਇੱਕ ਹੀ ਹਨ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਵਿੱਚ ਜਨਤਾ ਦੇ ਨਾਲ ਜੋ ਵਾਅਦੇ ਕੀਤੇ ਗਏ ਹਨ ਉਨ੍ਹਾਂ ਨੂੰ ਤੇਜੀ ਨਾਲ ਪੂਰਾ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ। ਭੈਣਾ ਦੀ ਰਸੋਈ ਵਿੱਚ 500 ਰੁਪਏ ਵਿੱਚ ਗੈਸ ਸਿਲੇਂਡਰ ਦੇਣ ਦਾ ਕੰਮ ਕੀਤਾ ਗਿਆ ਹੈ। ਕਿਡਨੀ ਦੇ ਜੋ ਰੋਗੀ ਹਨ ਉਨ੍ਹਾਂ ਦੀ ਹਰਿਆਣਾ ਦੇ ਸਰਕਾਰੀ ਹਸਪਤਾਲਾਂ ਦੇ ਨਾਲ-ਨਾਲ ਮੈਡੀਕਲ ਕਾਲਜਾਂ ਵਿੱਚ ਮੁਫਤ ਡਾਇਲਿਸਿਸ ਵੀ ਕੀਤੀ ਜਾ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਦੇਸ਼ ਦਾ ਅਜਿਹਾ ਪਹਿਲਾ ਸੂਬਾ ਹੈ, ਜਿੱਥੇ ਸੌ-ਫੀਸਦੀ ਫਸਲਾਂ ਨੂੰ ਐਮਐਸਪੀ ’ਤੇ ਖਰੀਦਿਆ ਜਾ ਰਿਹਾ ਹੈ। ਨੌਜੁਆਨਾਂ ਨੂੰ ਪਾਰਦਰਸ਼ੀ ਢੰਗ ਨਾਲ ਨੌਕਰੀ ਦਿੱਤੀ ਜਾ ਰਹੀ ਹੈ। ਲਗਭਗ 2 ਲੱਖ ਨੌਜੁਆਨਾਂ ਨੂੰ ਨੌਕਰੀ ਦੇਣ ਦਾ ਕੰਮ ਕੀਤਾ ਗਿਆ ਹੈ। ਆਯੂਸ਼ਮਾਨ/ਚਿਰਾਯੂ ਯੋਜਨਾ ਰਾਹੀਂ 27 ਲੱਖ ਪਰਿਵਾਰਾਂ ਦਾ ਮੁਫਤ ਇਲਾਜ ਕੀਤਾ ਗਿਆ ਹੈ ਅਤੇ ਇਸ ’ਤੇ ਸਾਢੇ ਚਾਰ ਹਜਾਰ ਕਰੋੜ ਰੁਪਏ ਦੀ ਰਕਮ ਖਰਚ ਕੀਤੀ ਗਈ ਹੈ। ਇਸ ਦੇ ਨਾਲ-ਨਾਲ 70 ਸਾਲ ਤੋਂ ਵੱਧ ਉਮਰ ਵਰਗ ਦੇ ਬਜੁਰਗਾਂ ਦੇ ਇਲਾਜ ਦੀ ਚਿੰਤਾ ਵੀ ਕੇਂਦਰ ਤੇ ਸੂਬਾ ਸਰਕਾਰ ਨੇ ਕੀਤੀ ਹੈ। ਲਾਡੋ ਲੱਛਮੀ ਯੋਜਨਾ ਤਹਿਤ 2100 ਰੁਪਏ ਦੀ ਰਕਮ ਪ੍ਰਤੀ ਮਹੀਨਾ ਦਿੱਤੀ ਜਾਂਦੀ ਹੈ ਅਤੇ ਭੈਣਾ ਨੂੰ ਆਤਮਨਿਰਭਰ ਬਨਾਉਣ ਲਈ 4 ਫੀਸਦੀ ਵਿਆਜ ਦੀ ਦਰ ’ਤੇ 5 ਲੱਖ ਰੁਪਏ ਦਾ ਲੋਨ ਵੀ ਦਿੱਤਾ ਜਾਂਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਨਸ਼ੇ ਨੂੰ ਰੋਕਣ ਦੀ ਥਾਂ ਉਸ ਨੂੰ ਵਧਾਇਆ ਹੈ। ਉਨ੍ਹਾਂ ਨੇ ਕਿਹਾ ਕਿ ਜਿਵੇਂ ਹੀ ਪੰਜਾਬ ਵਿੱਚ 2027 ਵਿੱਚ ਕਮਲ ਦਾ ਫੁੱਲ ਖਿਲੇਵਾ, ਇੱਥੋਂ ਨਸ਼ੇ ਦੀ ਗਤੀਵਿਧੀਆਂ ਵਿੱਚ ਜੋ ਵੀ ਸ਼ਾਮਿਲ ਹਨ ਉਨ੍ਹਾਂ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ ਅਤੇ ਜੋ ਗੈਂਗਸਟਰ ਕਲਚਰਰ ਹਨ ਉਸ ਨੂੰ ਸਖਤ ਨਾਲ ਖਤਮ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਿਕਾਸ ਦੀ ਸਿਆਸਤ ਵਿੱਚ ਭਰੋਸਾ ਰੱਖਦੇ ਹਨ ਅਤੇ ਜਿਵੇਂ ਹੀ ਭਾਜਪਾ ਦੀ ਪੰਜਾਬ ਵਿੱਚ ਸਰਕਾਰ ਬਣੇਗੀ, ਕੇਂਦਰ ਦੀ ਜਿੰਨ੍ਹੀ ਵੀ ਯੋਜਨਾਵਾਂ ਹਨ, ਇੱਥੇ ਉਨ੍ਹਾਂ ਸਾਰਿਆਂ ਨੂੰ ਲਾਗੂ ਕਰਨ ਦਾ ਕੰਮ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਆਮ ਆਦਮੀ ਪਾਰਟੀ ’ਤੇ ਓਛੀ ਰਾਜਨੀਤੀ ਕਰਨ ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਇਸ ਰੈਲੀ ਵਿੱਚ ਆਉਣ ਵਾਲੇ ਲੋਕਾਂ ਨੂੰ ਰੋਕਿਆ ਗਿਆ, ਉਨ੍ਹਾਂ ਦੇ ਵਾਹਨ ਰੋਕੇ ਗਏ। ਰੈਲੀ ਵਿੱਚ ਲੋਕਾਂ ਨੂੰ ਆਉਣ ਤੋਂ ਰੋਕਨਾ ਤੇ ਬੱਸਾਂ ਨੂੰ ਰੋਕਣਾ ਉਨ੍ਹਾਂ ਦੀ ਘਟੀਆ ਮਾਨਸਿਕਤਾ ਨੂੰ ਦਰਸ਼ਾਉਂਦਾ ਹੈ।ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਮੌਜੂਦ ਸਾਰੇ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਨੂੰ ਨੰਬਰ ਵਨ ਸੂਬਾ ਬਨਾਉਣ ਲਈ ਸਾਲ 2027 ਵਿੱਚ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਲਿਆਉਣ ਦਾ ਕੰਮ ਕਰਨ।

ਪ੍ਰੋਗਰਾਮ ਦੌਰਾਨ ਭਾਜਪਾ ਸੂਬਾ ਕਾਰਜਕਾਰੀ ਪ੍ਰਧਾਨ ਅਸ਼ਵਿਨੀ ਸ਼ਰਮਾ ਤੇ ਰੈਲੀ ਦੇ ਆਯੋਜਕ ਰਾਜੇਸ਼ ਮਿਸ਼ਰਾ ਨੇ ਵੀ ਮੌਜੂਦ ਲੋਕਾਂ ਨੂੰ ਸੰਬੋਧਿਤ ਕਰਦੇ ਹੋਏ ਅਗਾਮੀ ਵਿਧਾਨਸਭਾ ਚੋਣ ਵਿੱਚ ਭਾਜਪਾ ਦੀ ਸਰਕਾਰ ਬਨਾਉਣ ਲਈ ਅਪੀਲ ਕੀਤੀ। ਇਸ ਮੌਕੇ ’ਤੇ ਜਿਲ੍ਹਾ ਪ੍ਰਧਾਨ ਲੁਧਿਆਣਾ ਰਜਨੀਸ਼ ਧਿਮਾਨ ਦੇ ਨਾਲ-ਨਾਲ ਹੋਰ ਅਧਿਕਾਰੀ ਤੇ ਸਮਾਜ ਦੇ ਹੋਰ ਮਾਣਯੋਗ ਲੋਕ ਮੌਜੂਦ ਰਹੇ।

# ਸ਼ਹੀਦਾਂ ਦੇ ਬਲਿਦਾਨ ਅਤੇ ਜਵਾਨਾਂ ਦੀ ਮੁਸਤੇਦੀ ਨਾਲ ਮਜਬੂਤ ਹੋ ਰਿਹਾ ਹੈ ਦੇਸ਼ : ਡਾ. ਅਰਵਿੰਦ ਸ਼ਰਮਾ

**ਚੰਡੀਗੜ੍ਹ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸਹਿਕਾਰਤਾ, ਜੇਲ੍ਹ, ਚੋਣ, ਵਿਰਾਸਤ ਅਤੇ ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਕਿਹਾ ਕਿ ਵੀਰ ਜਵਾਨਾਂ ਦੇ ਬਲਿਦਾਨ ਅਤੇ ਸੀਮਾਵਾਂ ’ਤੇ ਮੁਸਤੈਦ ਸਾਡੇ ਜਵਾਨਾਂ ਦੀ ਬਦੌਲਤ ਸਾਡਾ ਦੇਸ਼ ਮਜਬੂਤ ਹੋ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਸੂਬਾ ਸਰਕਾਰ ਲਗਾਤਾਰ ਜਵਾਨਾਂ ਦੇ ਹੌਸਲਾ ਅਫਜਾਈ ਅਤੇ ਉਨ੍ਹਾਂ ਦੇ ਪ੍ਰਤੀ ਸਨਮਾਨ ਨੂੰ ਵਧਾਉਣ ਦੀ ਦਿਸ਼ਾ ਵਿੱਚ ਕੰਮ ਕਰ ਰਹੀ ਹੈ।


ਡਾ. ਅਰਵਿੰਦ ਸ਼ਰਮਾ ਨੇ ਅੱਜ ਗੋਹਾਨਾ ਵਿਧਾਨਸਭਾ ਵਿੱਚ ਸਾਲ 1965 ਜੰਗ ਦੇ ਸ਼ਹੀਦ ਲਾਂਸਨਾਇਕ ਹਵਾ ਸਿੰਘ ਦੇ ਸ਼ਹੀਦ ਸਥਾਨ ਤੇ ਉਨ੍ਹਾਂ ਦੀ ਆਦਮਕਦ ਪ੍ਰਤਿਮਾ ਦਾ ਉਦਘਾਟਨ ਕਰਦੇ ਹੋਏ ਰਾਸ਼ਟਰੀ ਝੰਡਾ ਤਿਰੰਗਾ ਫਹਿਰਾਇਆ।

ਸਹਿਕਾਰਤਾ ਮੰਤਰੀ ਨੇ ਕਿਹਾ ਕਿ ਸਾਡੇ ਵੀਰ ਜਵਾਨਾਂ ਦੀ ਬਦੌਲਤ ਦੇਸ਼ ਦੇ ਬੋਡਰ ਸੁਰੱਖਿਅਤ ਹਨ ਅਤੇ ਅੱਜ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਸਾਲ 2047 ਤੱਕ ਵਿਕਸਿਤ ਭਾਰਤ ਦਾ ਸੰਕਲਪ ਲੈ ਚੁੱਕਾ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਸਾਲ 2014 ਦੇ ਬਾਅਦ ਤੋਂ ਦੇਸ਼ ਵਿੱਚ ਕੇਂਦਰ, ਸੂਬਾ ਸਰਕਾਰਾਂ ਵੱਲੋਂ ਫੌਜੀਆਂ ਦੇ ਸਨਮਾਨ ਵਿੱਚ ਮਹਤੱਵਪੂਰਣ ਕਦਮ ਚੁੱਕੇ ਹਨ। ਦਿਹਾਕਿਆਂ ਪੁਰਾਣੀ ਵਨ ਰੈਂਕ-ਵਨ ਪੈਨਸ਼ਨ ਦੀ ਮੰਗ ਨੂੰ ਮਜਬੂਤ ਇੱਛਾ-ਸ਼ਕਤੀ ਦੇ ਨਾਲ ਪੂਰਾ ਕੀਤਾ ਗਿਆ।

ਹਰਿਆਣਾ ਵੀਰਾਂ ਦੀ ਧਰਤੀ ਹੈ, ਜਿੱਥੇ ਹਰ ਦੱਸਵਾਂ ਜਵਾਨ ਸੇਨਾ ਵਿੱਚ ਹਨ। ਯੁੱਧ ਤੇ ਆਈਈਡੀ ਬਲਾਸਟ ਵਿੱਚ ਸ਼ਹੀਦ ਜਵਾਨ ਦੇ ਪਰਿਵਾਰ ਨੂੰ ਅਨੁਗ੍ਰਹਿ ਰਕਮ 50 ਲੱਖ ਰੁਪਏ ਤੋਂ ਵਧਾ ਕੇ ਇੱਕ ਕਰੋੜ ਰੁਪਏ ਕੀਤਾ ਗਿਆ ਹੈ। ਸ਼ਹੀਦ ਪਰਿਵਾਰ ਦੇ ਆਸ਼ਰਿਤ ਮੈਂਬਰਾਂ ਨੂੰ ਸਾਲ 2014 ਦੇ ਬਾਅਦ 418 ਨੌਕਰੀ ਦਿੱਤੀ ਗਈ ਹੈ।

# ਨਾਇਕਾਂ ਨੂੰ ਪਹਿਚਾਣ ਦਿਵਾਉਣ ਦਾ ਮਜਬੂਤ ਮੰਚ ਹੈ ਮਹੀਨਾ ਰੇਡਿਓ ਪ੍ਰੋਗ੍ਰਾਮ ਮਨ ਕੀ ਬਾਤ : ਕੈਬਨਿਟ ਮੰਤਰੀ ਰਣਬੀਰ ਗੰਗਵਾ

**ਚੰਡੀਗੜ੍ਹ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਲੋਕ ਨਿਰਮਾਣ ਅਤੇ ਜਨ ਸਿਹਤ ਇੰਨਜੀਨੀਅਰਿੰਗ ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਅੱਜ ਹਿਸਾਰ ਵਿੱਚ ਮੀਲ ਗੇਟ ’ਤੇ ਲੋਕਾਂ ਦੇ ਨਾਲ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਪ੍ਰਸਿੱਦ ਮਹੀਨਾ ਰੇਡਿਓ ਪ੍ਰੋਗਰਾਮ ਮਨ ਕੀ ਬਾਤ ਨੂੰ ਸਮੂਹਿਕ ਰੂਪ ਨਾਲ ਸੁਣਿਆ।

ਇਸ ਮੌਕੇ ’ਤੇ ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਕਿਹਾ ਕਿ ਮਨ ਕੀ ਬਾਤ ਪ੍ਰੋਗਰਾਮ ਦੇਸ਼ ਦੇ ਕੌਨੇ-ਕੌਨੇ ਵਿੱਚ ਸਕਾਰਾਤਮਕ ਊਰਜਾ ਅਤੇ ਪ੍ਰੇਰਣਾ ਦਾ ਸੰਚਾਰ ਕਰਦਾ ਹੈ। ਇਹ ਪ੍ਰੋਗਰਾਮ ਸਿਰਫ ਸੰਵਾਦ ਦਾ ਸਰੋਤ ਨਹੀਂ, ਸਗੋ ਸਮਾਜ ਦੇ ਉਨ੍ਹਾਂ ਅਣਦੇਖੇ ਨਾਇਕਾਂ ਨੂੰ ਪਹਿਚਾਣ ਦਿਵਾਉਣ ਦਾ ਮਜਬੂਤ ਮੰਚ ਹੈ, ਜੋ ਚੁੱਪਚਾਪ ਰਾਸ਼ਟਰ ਨਿਰਮਾਣ ਵਿੱਚ ਯੋਗਦਾਨ ਦੇ ਰਹੇ ਹਨ।

ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਸਾਂਝਾ ਕੀਤੇ ਗਏ ਵਿਚਾਰ ਸਵੱਛਤਾ, ਵਾਤਾਵਰਣ ਸਰੰਖਣ, ਮਹਿਲਾ ਸਸ਼ਕਤੀਕਰਣ, ਯੁਵਾ ਨਵਾਚਾਰ, ਆਤਮਨਿਰਭਰ ਭਾਰਤ, ਡਿਜੀਟਲ ਸਸ਼ਕਤੀਕਰਣ ਅਤੇ ਸਮਾਜਿਕ ਸਮਰਸਤਾ ਵਰਗੇ ਮਹਤੱਵਪੂਰਣ ਵਿਸ਼ਿਆਂ ’ਤੇ ਜਨ-ਜਾਗਰੁਕਤਾ ਵਧਾਉਂਦੇ ਹਨ।

ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਦਾ ਇਹ ਯਤਨ ਦੇਸ਼ਵਾਸੀਆਂ ਨੂੰ ਇੱਕ ਧਾਗੇ ਵਿੱਚ ਪਿਰੋਣ ਦਾ ਕੰਮ ਕਰਦਾ ਹੈ ਅਤੇ ਨਗਾਰਿਕਾਂ ਦਾ ਰਾਸ਼ਟਰਹਿੱਤ ਦੇ ਕੰਮ ਵਿੱਚ ਸਰਗਰਮ ਭਾਗੀਦਾਰੀ ਲਈ ਪ੍ਰੇਰਿਤ ਕਰਦਾ ਹੈ।

# ਮਹਾਤਮਾ ਜੋਤੀਰਾਓ ਅਤੇ ਮਾਤਾ ਸਾਵਿਤਰੀ ਫੂਲੇ ਨੇ ਹਨੇਰੇ ਵਿੱਚ ਸਿਖਿਆ ਦਾ ਦੀਵਾ ਜਗਾਇਆ : ਮੁੱਖ ਮੰਤਰੀ ਨਾਇਬ ਸਿੰਘ ਸੈਣੀ

**ਚੰਡੀਗੜ੍ਹ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਐਤਵਾਰ ਨੂੰ ਦਿੱਲੀ ਦੇ ਮੰਗੋਲਪੁਰੀ ਵਿੱਚ ਕੌਮਾਂਤਰੀ ਸੈਣੀ ਭਵਨ ਦਾ ਉਦਘਾਟਨ ਕੀਤਾ। ਉਨ੍ਹਾਂ ਨੇ ਇਸ ਭਵਨ ਵਿੱਚ ਸਥਾਪਿਤ ਕੀਤੀ ਗਈ ਮਹਾਤਮਾ ਬੁੱਧ, ਮਹਾਤਮਾ ਜੋਤੀਰਾਓ ਫੂਲੇ, ਮਾਤਾ ਸਾਵਿਤਰੀ ਬਾਈ ਫੂਲੇ, ਮਹਾਰਾਜ ਸ਼ੂਰ ਸੈਣੀ ਦੀ ਪ੍ਰਤਿਮਾਵਾਂ ਦਾ ਵੀ ਉਦਘਾਟਨ ਕੀਤਾ। ਉਨ੍ਹਾਂ ਨੇ ਸਾਵਿਤਰੀਬਾਈ ਜੋਤੀਰਾਓ ਫੂਲ ਟਰਸਟ ਨੂੰ 51 ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ।

ਇਸ ਦੌਰਾਨ ਸੰਬੋਧਿਤ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਮਹਾਤਮਾ ਜੋਤੀਰਾਓ ਫੂਲੇ ਅਤੇ ਮਾਤਾ ਸਾਵਿਤਰੀ ਬਾਈ ਫੂਲੇ ਨੇ ਹਨੇਰੇ ਵਿੱਚ ਸਿਖਿਆ ਦਾ ਦੀਵਾ ਜਗਾਇਆ।

ਉਨ੍ਹਾਂ ਨੇ ਕਿਹਾ ਕਿ ਇਹ ਸਮਾਰੋਹ ਉਨ੍ਹਾਂ ਵਿਚਾਰਾਂ, ਮੁੱਲਾਂ ਅਤੇ ਆਦਰਸ਼ਾਂ ਦਾ ਜਸ਼ਨ ਹੈ, ਜਿਨ੍ਹਾਂ ਨੇ ਭਾਰਤੀ ਸਮਾਜ ਨੂੰ ਦਿਸ਼ਾ ਦਿੱਤੀ, ਨਵੀਂ ਚੇਤਨਾ ਪੈਦਾ ਕੀਤੀ ਅਤੇ ਸਮਾਜਿਕ ਨਿਆਂ, ਸਿਖਿਆ ਅਤੇ ਸਮਾਨਤਾ ਦੇ ਮਾਰਗ ’ਤੇ ਅੱਗੇ ਵਧਾਇਆ। ਇਹ ਮਾਣ ਦਾ ਲੰਮ੍ਹਾ ਹੈ ਕਿ ਮੰਗੋਲਪੁਰੀ ਵਿੱਚ ਸਾਡੇ ਮਹਾਪੁਰਸ਼ਾਂ ਦੀ ਪ੍ਰਤਿਮਾ ਦਾ ਉਦਘਾਟਨ ਹੋਇਆ ਹੈ। ਇਹ ਉਸ ਚੇਤਨਾ ਨੂੰ ਨਮਨ ਕਰਨ ਦਾ ਮੌਕਾ ਹੈ, ਜਿਸ ਨੇ ਹਨੇਰੇ ਵਿੱਚ ਦੀਵ ਜਲਾਉਣ ਦਾ ਕੰਮ ਕੀਤਾ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਮਹਾਤਮਾ ਜੋਤੀਰਾਓ ਅਤੇ ਮਾਤਾ ਸਾਵਿਤਰੀ ਫੂਲੇ ਸਿਰਫ ਦੋ ਨਾਮ ਨਹੀਂ ਸਗੋ ਸਮਾਜਿਕ ਕ੍ਰਾਂਤੀ ਦੇ ਦੋ ਥੰਮ੍ਹ ਹਨ, ਜਿਨ੍ਹਾਂ ਨੇ ਬਰਾਬਰੀ ਤੇ ਸਿਖਿਆ ਦੀ ਮਜਬੂਤ ਨੀਂਹ ਰੱਖਣ ਦਾ ਕੰਮ ਕੀਤਾ। ਜਦੋਂ ਸਮਾਜ ਵਿੱਚ ਬੇਟੀਆਂ ਨੂੰ ਪੜਾਉਣਾ ਅਪਰਾਧ ਮੰਨਿਆ ਜਾਂਦਾ ਸੀ ਉਦੋਂ ਸਾਵਿਤਰੀਬਾਈ ਫੂਲੇ ਨੇ ਗਿਆਨ ਨੂੰ ਅੱਗੇ ਵੱਧਣ ਦਾ ਕੰਮ ਕੀਤਾ। ਉਨ੍ਹਾਂ ਨੇ ਜਾਤੀ, ਭੇਦਭਾਵ ਅਤੇ ਅਨਿਆਂ ਦੇ ਵਿਰੁੱਧ ਕਲਮ ਨੂੰ ਤਲਵਾਰ ਬਣਾਇਆ ਅਤੇ ਆਪਣੇ ਵਿਚਾਰਾਂ ਰਾਹੀਂ ਕ੍ਰਾਂਤੀ ਦਾ ਦੀਵਾ ਜਗਾਇਆ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇਹ ਮੂਰਤੀਆਂ ਸਾਨੂੰ ਯਾਦ ਦਿਵਾਉਂਦੀ ਰਹੇਗੀ ਕਿ ਸਿਖਿਆ ਤੋਂ ਵੱਡਾ ਕੋਈ ਹਥਿਆਰ ਨਹੀਂ ਹੈ, ਸਮਾਨਤਾ ਤੋਂ ਵੱਡਾ ਕੋਈ ਧਰਮ ਨਹੀਂ ਹੈ ਅਤੇ ਮਨੁੱਖਤਾ ਤੋਂ ਵੱਡਾ ਕੋਈ ਰਾਸ਼ਟਰ ਧਬਮ ਨਹੀਂ ਹੈ। ਉਨ੍ਹਾਂ ਨੇ ਸਾਰਿਆਂ ਨੂੰ ਅਪੀਲ ਕੀਤੀ ਕਿ ਸਾਰੇ ਆਪਣੇ ਬੇਟੀਆਂ ਨੂੰ ਅੱਗੇ ਵਧਾਉਣ ਅਤੇ ਭੇਦਭਾਵ ਦੇ ਖਿਲਾਫ ਆਪਣੀ ਆਵਾਜ ਨੂੰ ਬੁਲੰਦ ਕਰਨ। ਇਸ ਦੇ ਨਾਲ-ਨਾਲ ਮਿਲ ਕੇ ਸਿਖਿਆ ਨੂੰ ਸਮਾਜ ਦੇ ਆਖੀਰੀ ਵਿਅਕਤੀ ਤੱਕ ਪਹੁੰਚਾਉਣ ਦਾ ਸੰਕਲਪ ਲੈਣ।

ਇਸ ਮੌਕੇ ’ਤੇ ਟਰਸਟ ਦੇ ਪ੍ਰਧਾਨ ਸ੍ਰੀਪਾਲ ਸੈਣੀ ਨੇ ਮੁੱਖ ਮੰਤਰੀ ਦੇ ਸਾਹਮਣੇ ਟਰਸਟ ਵੱਲੋਂ ਕੀਤੇ ਜਾ ਰਹੇ ਵੱਖ-ਵੱਖ ਕੰਮਾਂ ਦਾ ਵਰਨਣ ਕੀਤਾ ਅਤੇ ਆਪਣੀਆਂ ਮੰਗਾਂ ਰੱਖੀਆਂ। ਇਸ ਦੌਰਾਨ ਰਾਜਸਭਾ ਸਾਂਸਦ ਰਾਜੇਂਦਰ ਸਿੰਘ, ਸਾਬਕਾ ਸਾਂਸਦ ਰਾਜਕੁਮਾਰ ਸੈਣੀ, ਸਾਬਕਾ ਮੰਤਰੀ ਧਰਮ ਸਿੰਘ, ਉੱਤਰ ਪ੍ਰਦੇਸ਼ ਵਿੱਚ ਮੰਤਰੀ ਜਸਵੰਤ ਸੈਣੀ, ਰਣਵੀਰ ਸਿੰਘ, ਗੁਲਾਬ ਸਿੰਘ ਆਦਿ ਮੌਜੂਦ ਰਹੇ।

# ਸਾਂਗ ਮਹੋਤਸਵ ਹਰਿਆਣਾ ਦਾ ਇੱਕ ਪ੍ਰਮੁੱਖ ਰਿਵਾਇਤੀ ਲੋਕਨਾਟਕ ਉਤਸਵ

**ਚੰਡੀਗੜ੍ਹ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਰਿਵਾਇਤੀ ਲੋਕਨਾਟਕ ਵਿਧਾ ਨੂੰ ਪ੍ਰੋਤਸਾਹਿਤ ਕਰਨ ਦੇ ਉਦੇਸ਼ ਨਾਲ 23 ਤੋਂ 27 ਫਰਵਰੀ, 2026 ਤੱਕ ਪੰਜ ਦਿਨਾਂ ਦੇ ਸਾਂਗ ਮਹੋਤਸਵ ਦਾ ਆਯੋਜਨ ਕੁਰੂਕਸ਼ੇਤਰ ਵਿੱਚ ਕੀਤਾ ਜਾ ਰਿਹਾ ਹੈ, ਜਿਸ ਵਿੱਚ ਪੂਰੇ ਸੂਬੇ ਦੇ ਕਲਾਕਾਰ ਸਾਂਗਸ ਦੀ ਪੇਸ਼ਗੀ ਦੇਣਗੇ।

ਇੱਕ ਸਰਕਾਰੀ ਬੁਲਾਰੇ ਨੇ ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਸੂਚਨਾ, ਲੋਕ ਸੰਪਰਕ ਅਤੇ ਭਾਸ਼ਾ ਵਿਭਾਗ ਹਰਿਆਣਾ ਵੱਲੋਂ ਸ੍ਰੀ ਧਨਪਤ ਸਿੰਘ ਸਾਂਗੀ ਸਮ੍ਰਿਤੀ ਪੁਰਸਕਾਰ ਦੇ ਮੌਕੇ ਵਿੱਚ ਇਸ ਸ਼ਾਨਦਾਰ ਸਾਂਗ ਮਹੋਤਸਵ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਪ੍ਰੋਗਰਾਮ ਰੋਜਾਨਾ ਸਵੇਰੇ 11 ਵਜੇ ਤੋਂ ਕਲਾਕ੍ਰਿਤੀ ਭਵਨ, ਹਰਿਆਣਾ ਕਲਾ ਪਰਿਸ਼ਦ, ਨੇੜੇ ਬ੍ਰਹਮਸਰੋਵਰ, ਕੁਰੂਕਸ਼ੇਤਰ ਵਿੱਚ ਆਯੋਜਿਤ ਕੀਤਾ ਜਾਵੇਗਾ। ਸਾਂਗ ਮਹੋਤਸਵ ਵਿੱਚ ਹਰਿਆਣਾ ਦੀ ਖੁਸ਼ਹਾਲ ਲੋਕਨਾਟਕ ਰਿਵਾਇਤ ਸਾਂਗ ਦੀ ਪੇਸ਼ਗੀਆਂ ਸੂਬੇ ਦੇ ਵੱਖ-ਵੱਖ ਜਿਲ੍ਹਿਆਂ ਤੋਂ ਆਏ ਕਲਾਕਾਰਾਂ ਵੱਲੋਂ ਦਿੱਤੀਆਂ ਜਾਣਗੀਆਂ। ਪੰਜ ਦਿਨਾਂ ਦੇ ਇਸ ਸਭਿਆਚਾਰਕ ਆਯੋਜਨ ਵਿੱਚ ਕੁੱਲ 24 ਸਾਂਗ ਪੇਸ਼ ਕੀਤੇ ਜਾਣਗੇ, ਜਿਨ੍ਹਾਂ ਵਿੱਚ ਇਤਿਹਾਸਕ, ਪੁਰਾਤਨ ਅਤੇ ਲੋਕਕਥਾਵਾਂ ’ਤੇ ਅਧਾਰਿਤ ਕਥਾਨਕ ਸ਼ਾਮਿਲ ਹਨ।

ਉਨ੍ਹਾਂ ਨੇ ਦਸਿਆ ਕਿ ਸਾਂਗ ਮਹੋਤਸਵ ਤਹਿਤ 23 ਫਰਵਰੀ ਨੂੰ ਵੀਰ ਵਿਕਰਮਜੀਤ , ਹੀਰ-ਰਾਂਝਾ, ਰਾਜਾ ਨਲ ਦਮਯੰਤੀ, ਅਤੇ ਪਿੰਗਲਾ ਭਰਥਰੀ ਵੇ ਸਾਂਗ ਮੰਚਿਤ ਹੋਣਗੇ। 24 ਫਰਵਰੀ ਨੂੰ ਹੀਰਾਮੱਲ ਜਮਾਲ, ਜਾਨੀ ਚੋਰ, ਬਣਦੇਵੀ, ਗੋਪੀ ਚੰਦ ਅਤੇ ਚੰਦਰ ਪ੍ਰਭਾ ਮਦਨਪਾਲ ਦੀ ਪੇਸ਼ਕਾਰੀ ਹੋਵੇਗੀ। 25 ਫਰਵਰੀ ਨੂੰ ਲੀਲੋ ਚਮਨ, ਬਣਦੇਵੀ, ਪਿੰਗਲਾ ਭਰਥਰੀ, ਸ਼ਾਹ ਲੱਕੜਹਾਰਾ ਅਤੇ ਦੁਸ਼ਯੰਤ ਸ਼ਕੁੰਤਲਾ ਵਰਗੇ ਸਾਂਗ ਦਰਸ਼ਕਾਂ ਨੂੰ ਆਕਰਸ਼ਿਤ ਕਰਣਗੇ। 26 ਫਰਵਰੀ ਨੂੰ ਬਣਦੇਵੀ, ਰਾਜਾ ਨਲ ਦਮਯੰਤੀ, ਹੀਰਾ ਮੱਲ ਜਮਾਨ, ਗੋਪੀ ਚੰਦ ਅਤੇ ਸੇਠ ਤਾਰਾਚੰਦ ਦਾ ਮੰਚਨ ਕੀਤਾ ਜਾਵੇਗਾ। ਸਮਾਜਪਨ ਦਿਵਸ ’ਤੇ 27 ਫਰਵਰੀ ਨੂੰ ਧਰਮ ਦੀ ਜਿੱਤ, ਬਣਦੇਵੀ, ਰਾਜਾ ਉਤਾਨਪਦ ਧਰੁੱਵ ਦਾ ਜਨਮ ਅਤੇ ਵਿਰਾਟ ਪਰਵ ਵਰਗੇ ਸਾਂਗ ਪੇਸ਼ ਕੀਤੇ ਜਾਣਗੇ।

# ਖਡੂਰ ਸਾਹਿਬ ਵਿਖੇ ਪੰਜਾਬੀ ਮਾਂ ਬੋਲੀ ਦਿਹਾੜਾ ਮਨਾਇਆ ਜਾਵੇਗਾ : ਇਮਾਨ ਸਿੰਘ ਮਾਨ



**ਅੰਮ੍ਰਿਤਸਰ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ 24 ਫਰਵਰੀ ਨੂੰ ਗੁਰਦੁਆਰਾ ਮੱਲ ਅਖਾੜਾ ਸਾਹਿਬ, ਖਡੂਰ ਸਾਹਿਬ ਵਿਖੇ ਪੰਜਾਬੀ ਮਾਂ ਬੋਲੀ ਦਿਹਾੜਾ ਮਨਾਇਆ ਜਾ ਰਿਹਾ ਹੈ। ਇਹ ਦਿਹਾੜਾ ਇੰਟਰਨੈਸ਼ਨਲ ਮਾਂ ਬੋਲੀ ਦਿਹਾੜੇ ਨੂੰ ਸਮਰਪਿਤ ਹੋਵੇਗਾ, ਜਿਸਦਾ ਮਕਸਦ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦੀ ਮਹੱਤਤਾ ਨੂੰ ਉਜਾਗਰ ਕਰਨਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕਾਰਜਕਾਰੀ ਪ੍ਰਧਾਨ ਇਮਾਨ ਸਿੰਘ ਮਾਨ ਨੇ ਦੱਸਿਆ ਕਿ ਬਾਬਾ ਫਰੀਦ ਜੀ ਅਤੇ ਗੁਰੂ ਸਾਹਿਬਾਨਾਂ ਵੱਲੋਂ ਬਖਸ਼ੀ ਹੋਈ ਗੁਰਮੁਖੀ ਲਿਪੀ ਸਾਡੀ ਵਿਰਾਸਤ, ਸਭਿਆਚਾਰ ਅਤੇ ਪਹਿਚਾਣ ਦਾ ਅਟੁੱਟ ਹਿੱਸਾ ਹੈ।

ਇਸ ਦੀ ਸੰਭਾਲ ਅਤੇ ਪ੍ਰਚਾਰ ਲਈ ਇਹ ਵਿਸ਼ੇਸ਼ ਸੈਮੀਨਾਰ ਕਰਵਾਇਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਹ ਪ੍ਰੋਗਰਾਮ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਚੱਲੇਗਾ, ਜਿਸ ਵਿੱਚ ਵਿਦਵਾਨ, ਬੁੱਧੀਜੀਵੀ, ਨੌਜਵਾਨ ਅਤੇ ਪੰਜਾਬੀ ਭਾਸ਼ਾ ਨਾਲ ਪ੍ਰੇਮ ਕਰਨ ਵਾਲੇ ਲੋਕ ਸ਼ਮੂਲੀਅਤ ਕਰਨਗੇ ਅਤੇ ਪੰਜਾਬੀ ਮਾਂ ਬੋਲੀ ਦੀ ਤਰੱਕੀ ਲਈ ਵਿਚਾਰ ਸਾਂਝੇ ਕਰਨਗੇ। ਇਮਾਨ ਸਿੰਘ ਮਾਨ ਨੇ ਸਮੂਹ ਪੰਜਾਬੀ ਪ੍ਰੇਮੀਆਂ, ਨੌਜਵਾਨਾਂ, ਪੱਤਰਕਾਰ ਭਰਾਵਾਂ ਅਤੇ ਸਿੱਖ ਸੰਗਤ ਨੂੰ ਦਿਲੋਂ ਅਪੀਲ ਕੀਤੀ ਕਿ ਉਹ ਵੱਡੀ ਗਿਣਤੀ ਵਿੱਚ 24 ਫਰਵਰੀ ਨੂੰ ਗੁਰਦੁਆਰਾ ਮੱਲ ਅਖਾੜਾ ਸਾਹਿਬ, ਖਡੂਰ ਸਾਹਿਬ ਵਿਖੇ ਪਹੁੰਚ ਕੇ ਇਸ ਸੈਮੀਨਾਰ ਵਿੱਚ ਹਿੱਸਾ ਲੈਣ, ਤਾਂ ਜੋ ਪੰਜਾਬੀ ਮਾਂ ਬੋਲੀ ਅਤੇ ਗੁਰਮੁਖੀ ਲਿੱਪੀ ਦੀ ਚੜ੍ਹਦੀ ਕਲਾ ਲਈ ਸਾਂਝਾ ਯਤਨ ਹੋ ਸਕੇ।

ਇਹ ਦਿਹਾੜਾ ਇੰਟਰਨੈਸ਼ਨਲ ਮਾਂ ਬੋਲੀ ਦਿਹਾੜੇ ਨੂੰ ਸਮਰਪਿਤ ਹੋਵੇਗਾ, ਜਿਸਦਾ ਮਕਸਦ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦੀ ਮਹੱਤਤਾ ਨੂੰ ਉਜਾਗਰ ਕਰਨਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕਾਰਜਕਾਰੀ ਪ੍ਰਧਾਨ ਇਮਾਨ ਸਿੰਘ ਮਾਨ ਨੇ ਦੱਸਿਆ ਕਿ ਬਾਬਾ ਫਰੀਦ ਜੀ ਅਤੇ ਗੁਰੂ ਸਾਹਿਬਾਨਾਂ ਵੱਲੋਂ ਬਖਸ਼ੀ ਹੋਈ ਗੁਰਮੁਖੀ ਲਿਪੀ ਸਾਡੀ ਵਿਰਾਸਤ, ਸਭਿਆਚਾਰ ਅਤੇ ਪਹਿਚਾਣ ਦਾ ਅਟੁੱਟ ਹਿੱਸਾ ਹੈ। ਇਸ ਮੌਕੇ ਮਾਝੇ ਦੇ ਜਥੇਬੰਦਕ ਸਕੱਤਰ ਜਸਬੀਰ ਸਿੰਘ ਬਚੜੇ, ਜ਼ਿਲ੍ਹਾ ਤਰਨ ਤਾਰਨ ਦੇ ਪ੍ਰਧਾਨ ਹਰਜੀਤ ਸਿੰਘ ਮੀਆਂਪੁਰ , ਤਰਨਤਾਰਨ ਦੇ ਦਫਤਰ ਸਕੱਤਰ ਦਲਜੀਤ ਸਿੰਘ ਬਾਜਵਾ, ਯੂਥ ਆਗੂ ਪ੍ਰਿੰਸ ਤੇ ਹਾਜ਼ਰ ਸਨ।

# ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀਆਂ ਰੈਲੀਆਂ ਸਿਰ਼ਫ ਨਾਟਕਬਾਜ਼ੀ, ਪੰਜਾਬ ਨੂੰ ਭਾਸ਼ਣਾਂ ਦੀ ਨਹੀਂ ਰਾਹਤ ਦੀ ਲੋੜ ਹੈ: ਦੀਵਾਨ

**ਲੁਧਿਆਣਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ (ਸ਼ਹਿਰੀ) ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਲਾਰਜ ਇੰਡਸਟ੍ਰੀਅਲ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਪਵਨ ਦੀਵਾਨ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਉੱਤੇ ਤਿੱਖਾ ਹਮਲਾ ਬੋਲਦਿਆਂ, ਉਨ੍ਹਾਂ ਦੀ ਕਰੜੀ ਆਲੋਚਨਾ ਕੀਤੀ ਹੈ। ਦੀਵਾਨ ਨੇ ਕਿਹਾ ਕਿ ਸੈਣੀ ਵੱਲੋਂ ਕੀਤੀਆਂ ਜਾ ਰਹੀਆਂ ਰੈਲੀਆਂ ਛੋਟੀ ਸੋਚ ਵਾਲੀ ਵੋਟ-ਬੈਂਕ ਦੀ ਸਿਆਸਤ ਦਾ ਪ੍ਰਤੀਕ ਹਨ। ਉਨ੍ਹਾਂ ਦੋਸ਼ ਲਗਾਇਆ ਕਿ 2027 ਦੀਆਂ ਚੋਣਾਂ ਤੋਂ ਪਹਿਲਾਂ ਭਾਜਪਾ ਲਈ ਵੋਟਾਂ ਇਕੱਠੀਆਂ ਕਰਨ ਦੇ ਉਦੇਸ਼ ਨਾਲ ਸੈਣੀ ਪੰਜਾਬ ਦੇ ਦੌਰੇ ਕਰ ਰਹੇ ਹਨ। ਜੇਕਰ ਸੈਣੀ ਨੂੰ ਸੱਚਮੁੱਚ ਪੰਜਾਬ ਦੀ ਚਿੰਤਾ ਹੈ, ਤਾਂ ਰੈਲੀਆਂ ਕਰਨ ਦੀ ਥਾਂ ਇਨ੍ਹਾਂ ਦੀ ਪਾਰਟੀ ਵੱਲੋਂ ਸੂਬੇ ਦੀਆਂ ਅਸਲ ਸਮੱਸਿਆਵਾਂ ਦਾ ਹੱਲ ਕੱਢਿਆ ਜਾਂਦਾ।

ਇੱਥੇ ਜਾਰੀ ਇਕ ਬਿਆਨ ਵਿੱਚ, ਦੀਵਾਨ ਨੇ ਕਿਹਾ ਕਿ ਪੰਜਾਬ ਨੂੰ ਬਕਾਇਆ ਕੇਂਦਰੀ ਗ੍ਰਾਂਟਾਂ ਦੀ ਰਿਲੀਜ਼, ਸੰਘਰਸ਼ ਕਰ ਰਹੇ ਉਦਯੋਗਾਂ ਲਈ ਰਾਹਤ ਪੈਕੇਜ ਅਤੇ ਖੇਤੀਬਾੜੀ ਅਰਥ ਵਿਵਸਥਾ ਨੂੰ ਮੁੜ ਪਟੜੀ ’ਤੇ ਲਿਆਂਦੇ ਜਾਣ ਲਈ ਠੋਸ ਕਦਮਾਂ ਦੀ ਸਖ਼ਤ ਲੋੜ ਹੈ। ਇਹ ਮੁੱਦੇ ਸਿਆਸੀ ਦਿਖਾਵੇ ਨਹੀਂ ਹਨ, ਬਲਕਿ ਪੰਜਾਬ ਦਾ ਭਵਿੱਖ ਤੈਅ ਕਰਨਗੇ।

ਦੀਵਾਨ ਨੇ ਅੱਜ ਲੁਧਿਆਣਾ ਵਿੱਚ ਹੋਈ ਪੂਰਵਾਂਚਲ ਸਨਮਾਨ ਰੈਲੀ ਦੌਰਾਨ ਸੈਣੀ ਦੇ ਭਾਸ਼ਣ ਨੂੰ ਪ੍ਰਵਾਸੀਆਂ ਲਈ ਸਨਮਾਨ ਦੱਸਣ ’ਤੇ ਤੰਜ਼ ਕਰਦਿਆਂ, ਕਿਹਾ ਕਿ ਇਹ ਸਿਰਫ਼ ਖੋਖਲੇ ਦਿਖਾਵੇ ਹਨ। ਉਨ੍ਹਾਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਜੇਕਰ ਭਾਜਪਾ ਨੇ ਪ੍ਰਵਾਸੀ ਮਜ਼ਦੂਰਾਂ ਲਈ ਰੱਤਾ ਭਰ ਵੀ ਸੱਚੀ ਚਿੰਤਾ ਦਿਖਾਈ ਹੁੰਦੀ, ਤਾਂ ਲੁਧਿਆਣਾ ਦਾ ਕਦੇ ਖਿੜਦਾ ਉਦਯੋਗ ਅੱਜ ਹਾਫਦਾ ਨਾ ਫਿਰਦਾ ਹੁੰਦਾ।

ਜਦੋਂ ਉਦਯੋਗਿਕ ਰੀੜ੍ਹ ਦੀ ਹੱਡੀ ਹੀ ਟੁੱਟ ਰਹੀ ਹੋਵੇ, ਤਾਂ ਉਸ ’ਤੇ ਨਿਰਭਰ ਮਜ਼ਦੂਰ ਵਰਗ, ਜਿਸ ਵਿੱਚ ਜ਼ਿਆਦਾਤਰ ਪ੍ਰਵਾਸੀ ਹਨ, ਲਾਜ਼ਮੀ ਤੌਰ ’ਤੇ ਪ੍ਰਭਾਵਿਤ ਹੁੰਦਾ ਹੈ। ਉਨ੍ਹਾਂ ਕਿਹਾ ਕਿ ਢਾਂਚਾਗਤ ਨਾਕਾਮੀਆਂ ਅਤੇ ਆਰਥਿਕ ਤੰਗੀ ਨੂੰ ਦੂਰ ਕਰਨ ਦੀ ਥਾਂ ਸੈਣੀ ਰੈਲੀਆਂ ਰਾਹੀਂ ਭਾਜਪਾ ਦੀਆਂ ਕਮਜ਼ੋਰੀਆਂ ਨੂੰ ਢੱਕਣ ਦੀ ਕੋਸ਼ਿਸ਼ ਕਰ ਰਹੇ ਹਨ।

ਉਨ੍ਹਾਂ ਨੇ ਦੋਸ਼ ਲਗਾਇਆ ਕਿ ਪੰਜਾਬ ਨਾਲ ਮਤਰੇਈ ਮਾਂ ਵਰਗਾ ਸਲੂਕ ਕੀਤਾ ਜਾ ਰਿਹਾ ਹੈ, ਕਿਉਂਕਿ ਐਨਡੀਏ ਸਰਕਾਰ ਅਹੰਕਾਰ ਵਿਚ ਆ ਕੇ ਕੇਂਦਰੀ ਗ੍ਰਾਂਟਾਂ, ਖ਼ਾਸ ਕਰਕੇ ਰੂਰਲ ਡਿਵੈਲਪਮੈਂਟ ਫੰਡ, ਨੂੰ ਰਿਲੀਜ਼ ਕਰਨ ਵਿੱਚ ਅਸਫਲ ਰਹੀ ਹੈ, ਜਿਹੜਾ ਪੰਜਾਬ ਦੀ ਖੇਤੀਬਾੜੀ ਅਤੇ ਪਿੰਡਾਂ ਦੀ ਅਰਥਵਿਵਸਥਾ ਲਈ ਜੀਵਨ ਰੇਖਾ ਹੈ। ਇਨ੍ਹਾਂ ਅਹਿਮ ਸਰੋਤਾਂ ਨੂੰ ਜਾਨਬੁਝ ਕੇ ਰੋਕਣਾ ਵਿਕਾਸ ਨੂੰ ਕਮਜ਼ੋਰ ਬਣਾਉਂਦਾ ਹੈ ਅਤੇ ਕੇਂਦਰ ਦੀ ਪੰਜਾਬ ਪ੍ਰਤੀ ਬੇਰੁਖੀ ਨੂੰ ਬੇਨਕਾਬ ਕਰਦਾ ਹੈ।

ਦੀਵਾਨ ਨੇ ਇਹ ਵੀ ਕਿਹਾ ਕਿ ਸੈਣੀ ਅੰਨ੍ਹੇਵਾਹ ਨਰਿੰਦਰ ਮੋਦੀ ਸਰਕਾਰ ਦਾ ਬਚਾਅ ਕਰ ਰਹੇ ਹਨ, ਜਦਕਿ ਹਕੀਕਤ ਇਹ ਹੈ ਕਿ ਆਮ ਨਾਗਰਿਕ ਤਿੰਨ ਵੇਲੇ ਦੀ ਰੋਟੀ ਲਈ ਸੰਘਰਸ਼ ਕਰ ਰਿਹਾ ਹੈ। ਇਹੋ ਜਿਹੇ ਹਾਲਾਤਾਂ ਵਿੱਚ ਸੈਣੀ ਪੰਜਾਬ ਵਿੱਚ ਰੈਲੀਆਂ ਕਰਕੇ ਲੋਕਾਂ ਦੀਆਂ ਚਿੰਤਾਵਾਂ ਸਾਂਝੀਆਂ ਕਰਨ ਦਾ ਸਿਰਫ ਨਾਟਕ ਕਰ ਰਹੇ ਹਨ। ਦਰਅਸਲ, ਇਹ ਛੋਟੀ ਸਿਆਸਤ ਲਈ ਘੜਿਆ ਗਿਆ ਪਖੰਡ ਹੈ। ਲੇਕਿਨ ਚਾਹੇ ਨਾਟਕਬਾਜ਼ੀ ਕਿੰਨੀ ਵੀ ਉੱਚੀ ਕਿਉਂ ਨਾ ਹੋਵੇ, ਸੱਚਾਈ ਨੂੰ ਲੁਕਾਇਆ ਨਹੀਂ ਜਾ ਸਕਦਾ।

# .ਫ਼ਾਜ਼ਿਲਕਾ ਦੇ ਬਸਤੀ ਹਜ਼ੂਰ ਸਕੂਲ ਦੇ ਮੁੜ ਨਿਰਮਾਣ ਦੇ ਹੁਕਮ, ਛੇ ਮਹੀਨਿਆਂ ਵਿੱਚ ਤਿਆਰ ਹੋਵੇਗੀ ਨਵੀਂ ਇਮਾਰਤ: ਹਰਜੋਤ ਸਿੰਘ ਬੈਂਸ

**ਫਾਜ਼ਿਲਕਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਫਾਜ਼ਿਲਕਾ ਦੇ ਬਸਤੀ ਹਜ਼ੂਰ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਦੀ ਇਮਾਰਤ ਦੀ ਮਾੜੀ ਹਾਲਤ ਬਾਰੇ ਨੋਟਿਸ ‘ਚ ਆਉਣ ਦੇ ਤੁਰੰਤ ਬਾਅਦ ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਇਸ ਸਕੂਲ ਦੀ ਇਮਾਰਤ ਦੀ ਨਵੇਂ ਸਿਰਿਓਂ ਉਸਾਰੀ ਕਰਨ ਦੇ ਹੁਕਮ ਦਿੱਤੇ ਹਨ। ਸਿੱਖਿਆ ਮੰਤਰੀ ਨੇ ਤੁਰੰਤ ਕਾਰਵਾਈ ਕਰਦਿਆਂ ਸਕੂਲ ਸਿੱਖਿਆ ਵਿਭਾਗ ਨੂੰ ਇਸ ਸਬੰਧੀ ਲੋੜੀਂਦੇ ਕਦਮ ਚੁੱਕਣ ਕਰਨ ਦੇ ਨਿਰਦੇਸ਼ ਦਿੱਤੇ ਅਤੇ ਭਰੋਸਾ ਦਿੱਤਾ ਕਿ ਸਕੂਲ ਦੀ ਨਵੀਂ ਇਮਾਰਤ ਛੇ ਮਹੀਨਿਆਂ ਦੇ ਅੰਦਰ ਮੁਕੰਮਲ ਹੋ ਜਾਵੇਗੀ, ਜਿਸ ਦੀ ਉਹ ਨਿੱਜੀ ਤੌਰ ‘ਤੇ ਨਿਗਰਾਨੀ ਕਰਨਗੇ।

ਇਸ ਮਾਮਲੇ ਦਾ ਜ਼ਿਕਰ ਕਰਦਿਆਂ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਬਸਤੀ ਹਜ਼ੂਰ ਵਿੱਚ ਸਰਕਾਰੀ ਸਕੂਲ ਦੀ ਮਾੜੀ ਹਾਲਤ ਬਾਰੇ ਕੱਲ੍ਹ ਮੇਰੇ ਧਿਆਨ ਵਿੱਚ ਲਿਆਂਦਾ ਗਿਆ। ਉਨ੍ਹਾਂ ਕਿਹਾ ਕਿ ਮੈਂ ਅਧਿਕਾਰੀਆਂ ਨੂੰ ਇਸ ਸਬੰਧੀ ਤੁਰੰਤ ਕਾਰਵਾਈ ਦੇ ਨਿਰਦੇਸ਼ ਦੇ ਦਿੱਤੇ ਹਨ ਅਤੇ ਮੈਂ ਖੁਦ ਜਾ ਕੇ ਸਕੂਲ ਦੀ ਸਥਿਤੀ ਦਾ ਨਿਰੀਖਣ ਕਰਾਂਗਾ। ਉਨ੍ਹਾਂ ਕਿਹਾ ਕਿ ਇਸ ਸਕੂਲ ਕੋਲ ਅਗਲੇ 6 ਮਹੀਨਿਆਂ ਦੇ ਅੰਦਰ ਇੱਕ ਨਵੀਂ ਇਮਾਰਤ ਹੋਵੇਗੀ ਅਤੇ ਇਹ ਕੋਈ ਰਾਜਨੀਤਿਕ ਬਿਆਨ ਨਹੀਂ; ਸਗੋਂ ਮੇਰੀ ਨਿੱਜੀ ਗਰੰਟੀ ਹੈ।

ਸੂਬੇ ਦੇ ਸਕੂਲੀ ਬੁਨਿਆਦੀ ਢਾਂਚੇ ਵਿੱਚ ਵਿਆਪਕ ਸੁਧਾਰਾਂ ਬਾਰੇ ਗੱਲ ਕਰਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਲਗਭਗ 20,000 ਸਰਕਾਰੀ ਸਕੂਲ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਸਕੂਲ ਸਾਨੂੰ ਪਿਛਲੀਆਂ ਸਰਕਾਰਾਂ ਦੀ ਦਹਾਕਿਆਂ ਦੀ ਅਣਗਹਿਲੀ ਕਰਕੇ ਪੂਰੀ ਤਰ੍ਹਾਂ ਖਸਤਾ ਹਾਲਤ ਵਿੱਚ ਵਿਰਾਸਤ ‘ਚ ਮਿਲੇ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਪਿਛਲੇ ਕੁਝ ਸਾਲਾਂ ਵਿੱਚ ਸੈਂਕੜੇ ਅਜਿਹੇ ਸਕੂਲਾਂ ਦੀ ਨੁਹਾਰ ਬਦਲੀ ਹੈ ਅਤੇ ਇਹ ਕੰਮ ਪੂਰੇ ਜ਼ੋਰਾਂ-ਸ਼ੋਰਾਂ ਨਾਲ ਜਾਰੀ ਹੈ। ਉਨ੍ਹਾਂ ਕਿਹਾ ਕਿ ਅਸੀਂ ਸੂਬੇ ਦੇ ਸਾਰੇ 20,000 ਸਕੂਲਾਂ ਦੀ ਕਾਇਆਕਲਪ ਕਰਨ ਦੇ ਮਿਸ਼ਨ ‘ਤੇ ਹਾਂ ਅਤੇ ਸੂਬਾ ਸਰਕਾਰ ਪੂਰੀ ਵਚਨਬੱਧਤਾ ਅਤੇ ਪਾਰਦਰਸ਼ਤਾ ਨਾਲ ਇਸ ਟੀਚੇ ਵੱਲ ਲਗਾਤਾਰ ਅੱਗੇ ਵਧ ਰਹੀ ਹੈ।

ਸਿੱਖਿਆ ਸੁਧਾਰਾਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕੈਬਨਿਟ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਹ ਸਿਰਫ਼ ਵੱਡੇ ਦਾਅਵਿਆਂ ਦਾ ਨਹੀਂ, ਬਲਕਿ ਜਵਾਬਦੇਹੀ ਅਤੇ ਨਿਰੰਤਰ ਕਾਰਵਾਈ ਦਾ ਸਫ਼ਰ ਹੈ ਅਤੇ ਸਿੱਖਿਆ ਮੇਰੇ ਲਈ ਕੋਈ ਰਾਜਨੀਤੀ ਨਹੀਂ; ਸਗੋਂ ਮੇਰਾ ਜਨੂੰਨ ਅਤੇ ਜ਼ਿੰਮੇਵਾਰੀ ਹੈ।

# ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਗੁਰਦੁਆਰਾ ਪੰਜ ਪਿਆਰਾ ਸਾਹਿਬ ਵਿਖੇ ਮੱਥਾ ਟੇਕ ਕੇ ਲਿਆ ਅਸ਼ੀਰਵਾਦ

**ਹੁਸ਼ਿਆਰਪੁਰ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਜ਼ਿਲ੍ਹੇ ਵਿੱਚ ਨਸ਼ਾ ਵਿਰੋਧੀ ਮੁਹਿੰਮ ਦੀ ਸ਼ੁਰੂਆਤ ਤੋਂ ਪਹਿਲਾਂ ਅੱਜ ਹੁਸ਼ਿਆਰਪੁਰ ਦੇ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋ ਕੇ ਅਸ਼ੀਰਵਾਦ ਪ੍ਰਾਪਤ ਕੀਤਾ। ਉਨ੍ਹਾਂ ਨੇ ਪਿੰਡ ਨੰਗਲ ਸ਼ਹੀਦਾਂ ਵਿਖੇ ਗੁਰਦੁਆਰਾ ਪੰਜ ਪਿਆਰਾ ਸਾਹਿਬ ਵਿਖੇ ਮੱਥਾ ਟੇਕ ਕੇ ਸੂਬੇ ਦੀ ਸ਼ਾਂਤੀ, ਖੁਸ਼ਹਾਲੀ ਅਤੇ ਨਸ਼ਾ ਮੁਕਤ ਸਮਾਜ ਲਈ ਅਰਦਾਸ ਕੀਤੀ।

ਹੁਸ਼ਿਆਰਪੁਰ ਪਹੁੰਚਣ ਤੋਂ ਪਹਿਲਾਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਾਜਪਾਲ ਦਾ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਜ਼ਿਲ੍ਹੇ ਵਿੱਚ ਚੱਲ ਰਹੀਆਂ ਨਸ਼ਾ ਵਿਰੋਧੀ ਮੁਹਿੰਮ ਨਾਲ ਸੰਬੰਧਿਤ ਤਿਆਰੀਆਂ ਬਾਰੇ ਜਾਣਕਾਰੀ ਦਿੱਤੀ ਗਈ।

ਰਾਜਪਾਲ ਨੇ ਕਿਹਾ ਕਿ ਸਮਾਜ ਨੂੰ ਨਸ਼ਿਆਂ ਵਰਗੀ ਗੰਭੀਰ ਸਮੱਸਿਆ ਤੋਂ ਮੁਕਤ ਕਰਨ ਲਈ ਸਾਂਝੇ ਉੱਦਮ ਬਹੁਤ ਜ਼ਰੂਰੀ ਹਨ। ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਇਹ ਵੀ ਕਿਹਾ ਕਿ ਲੋਕ ਭਾਗੀਦਾਰੀ ਤੋਂ ਬਿਨਾਂ ਨਸ਼ਾ ਮੁਕਤ ਪੰਜਾਬ ਦਾ ਟੀਚਾ ਹਾਸਲ ਨਹੀਂ ਕੀਤਾ ਜਾ ਸਕਦਾ।ਜ਼ਿਕਰਯੋਗ ਹੈ ਕਿ 23 ਫ਼ਰਵਰੀ ਨੂੰ ਰਾਜਪਾਲ ਮੁਕੇਰੀਆਂ ਦੇ ਤਹਿਸੀਲ ਕੰਪਲੈਕਸ ਤੋਂ ਅਤੇ 24 ਫ਼ਰਵਰੀ ਨੂੰ ਡੀ.ਏ.ਵੀ. ਕਾਲਜ ਆਫ ਐਜੂਕੇਸ਼ਨ, ਹੁਸ਼ਿਆਰਪੁਰ ਤੋਂ ਵਾਕ ਅਗੇਂਸਟ ਡਰੱਗਜ਼ ਪਦਯਾਤਰਾ ਦੀ ਸ਼ੁਰੂਆਤ ਕਰਨਗੇ।

ਇਸ ਮੌਕੇ ਰਾਜਪਾਲ ਦੇ ਪ੍ਰਮੁੱਖ ਸਕੱਤਰ ਵਿਵੇਕ ਪ੍ਰਤਾਪ ਸਿੰਘ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਿਕਾਸ ਕੁਮਾਰ, ਐਸ.ਡੀ.ਐਮ. ਗੁਰਸਿਮਰਨਜੀਤ ਕੌਰ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਵੀ ਹਾਜ਼ਰ ਸਨ।

# ਸੁਪਰੀਮ ਕੋਰਟ ਵੱਲੋਂ ਪਰੰਪਰਿਕ ਤੌਰ ਉੱਤੇ ਪਰੈਕਟਿਸ ਕਰ ਰਹੇ ਪ੍ਰੈਕਟੀਸ਼ਨਰਜ਼ ਦੇ ਵਿਰੋਧ ਵਿੱਚ ਦਿੱਤੇ ਫੈਂਸਲੇ ਦੀ ਤਿੱਖੀ ਆਲੋਚਨਾ

**ਬਠਿੰਡਾ,25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਮੈਡੀਕਲ ਪ੍ਰਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਜਿਲ੍ਹਾ ਬਠਿੰਡਾ ਬਲਾਕ - 2 ਦੀ ਇਸ ਵਾਰ ਦੀ ਮਹੀਨਾਵਾਰ ਮੀਟਿੰਗ ਟੀਚਰਜ਼ ਹੋਮ ਬਠਿੰਡਾ ਵਿਖੇ ਹੋਈ। ਅੱਜ ਦੀ ਇਸ ਮੀਟਿੰਗ ਦੀ ਅਗਵਾਈ ਬਲਾਕ ਪ੍ਰਧਾਨ ਡਾਕਟਰ ਰੇਸ਼ਮ ਸੰਧੂ ਨੇ ਕੀਤੀ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾਕਟਰ ਰੇਸ਼ਮ ਸੰਧੂ ਨੇ ਪਿਛਲੇ ਦਿਨੀਂ ਸੁਪਰੀਮ ਕੋਰਟ ਵੱਲੋਂ ਪਰੰਪਰਿਕ ਤੌਰ ਉੱਤੇ ਪਰੈਕਟਿਸ ਕਰ ਰਹੇ ਪ੍ਰੈਕਟੀਸ਼ਨਰਜ਼ ਦੇ ਵਿਰੋਧ ਵਿੱਚ ਦਿੱਤੇ ਫੈਂਸਲੇ ਦੀ ਤਿੱਖੀ ਆਲੋਚਨਾ ਕੀਤੀ। ਓਹਨਾ ਕਿਹਾ ਕਿ ਸੁਪਰੀਮ ਕੋਰਟ ਇਹ ਬਿਆਨ ਨਾ ਹੀ ਸਿਰਫ ਦਿਹਾਤੀ ਇਲਾਕਿਆਂ ਵਿੱਚ ਮੁਢਲੀਆਂ ਮੈਡੀਕਲ ਸਹੂਲਤਾਂ ਦੇ ਰਹੇ ਛੋਟੇ ਡਾਕਟਰਾਂ ਵਿਰੁੱਧ ਹੈ ਬਲਕਿ ਇਹ ਦਿਹਾਤੀ ਇਲਾਕਿਆਂ ਵਿੱਚ ਰਹਿ ਰਹੇ ਓਹਨਾ ਗਰੀਬ ਲੋਕਾਂ ਦੇ ਵੀ ਵਿਰੁੱਧ ਹੈ ਜਿਹੜੇ ਇਲਾਕੇ ਹਾਲੇ ਵੀ ਸਰਕਾਰੀ ਸਿਹਤ ਸੇਵਾਵਾਂ ਤੋਂ ਵਾਂਝੇ ਹਨ। ਓਹਨਾ ਕਿਹਾ ਕਿ ਸੁਪਰੀਮ ਕੋਰਟ ਨੂੰ ਇਸ ਫੈਂਸਲੇ ਉੱਪਰ ਦੋਬਾਰਾ ਗੌਰ ਕਰਨੀ ਚਾਹੀਦੀ ਹੈ ਕਿਉਂ ਕਿ ਸਾਡੇ ਸਾਥੀ ਪੂਰੇ ਦੇਸ਼ ਵਿੱਚ ਦਿਹਾਤੀ ਇਲਾਕਿਆਂ ਵਿੱਚ ਰਹਿ ਰਹੇ ਓਹਨਾ ਗਰੀਬ ਲੋਕਾਂ ਨੂੰ ਬੜੇ ਹੀ ਵਾਜਬ ਮੁੱਲ ਉੱਪਰ ਮੁਢਲੀਆਂ ਸਿਹਤ ਸੇਵਾਵਾਂ ਪ੍ਰਦਾਨ ਕਰ ਰਹੇ ਹਨ ਜੋ ਲੋਕ ਮਹਿੰਗੇ ਇਲਾਜ ਨਹੀਂ ਕਰਵਾ ਸਕਦੇ । ਅੱਜ ਦੀ ਇਸ ਮੀਟਿੰਗ ਵਿੱਚ ਜਥੇਬੰਦੀ ਦੇ ਸੂਬਾ ਸਕੱਤਰ ਡਾਕਟਰ ਐਚ ਐਸ ਰਾਣੂ ਵੀ ਸ਼ਾਮਲ ਹੋਏ।ਮੀਟਿੰਗ ਨੂੰ ਸੰਬੋਧਨ ਕਰਦਿਆਂ ਓਹਨਾ ਕਿਹਾ ਕਿ ਪਿਛਲੇ ਦਿਨੀ ਸੁਪਰੀਮ ਕੋਰਟ ਵੱਲੋਂ ਪਰੰਪਰਿਕ ਡਾਕਟਰਾਂ ਦੇ ਵਿਰੁੱਧ ਦਿੱਤਾ ਗਿਆ ਬਿਆਨ ਬੜਾ ਹੀ ਚਿੰਤਾ ਦਾ ਵਿਸ਼ਾ ਹੈ।

## ਮੇਅਰ ਨੇ ਤ੍ਰਿਪੜੀ ਵਿਖੇ ਐਲ ਐਂਡ ਟੀ ਵਲੋਂ ਚੱਲ ਰਹੇ ਕੰਮਾਂ ਦੀ ਕੀਤੀ ਚੈਕਿੰਗ

# ਨਹਿਰੀ ਪਾਣੀ ਪਾਈਪਾਂ ਅਤੇ ਸੜਕਾਂ ਦੇ ਪ੍ਰੋਜੈਕਟਾਂ ਦੀ ਮੈਦਾਨੀ ਨਿਗਰਾਨੀ ਯਕੀਨੀ: ਮੇਅਰ ਕੁੰਦਨ ਗੋਗੀਆ

**ਪਟਿਆਲਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਨਿਗਮ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਅੱਜ ਤ੍ਰਿਪੜੀ ਵਿਖੇ ਐਲ ਐਂਡ ਟੀ ਕੰਪਨੀ ਵੱਲੋਂ ਚੱਲ ਰਹੇ ਕਾਰਜਾਂ ਦਾ ਜਮੀਨੀ ਪੱਧਰ ਉੱਤੇ ਖ਼ੁਦ ਜਾਇਜਾ ਲੈਣ ਪਹੁੰਚੇ। ਇਸ ਦੌਰਾਨ ਉਨ੍ਹਾਂ ਨੇ ਸ਼ਹਿਰ ਵਿੱਚ ਚਲ ਰਹੀਆਂ ਨਵੀਆਂ ਸੜਕਾਂ ਕੰਮ ਅਤੇ ਮੁਰੰਮਤ ਤੇ ਪਾਣੀ ਸਪਲਾਈ ਪ੍ਰੋਜੈਕਟਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਮੇਅਰ ਨੇ ਨਗਰ ਨਿਗਮ ਅਧਿਕਾਰੀਆਂ ਨੂੰ ਸਪੱਸ਼ਟ ਹੁਕਮ ਦਿੱਤੇ ਕਿ ਹਰ ਪ੍ਰੋਜੈਕਟ ਗੁਣਵੱਤਾ ਅਤੇ ਸਮੇਂ ਦੀ ਪਾਬੰਦੀ ਨਾਲ ਪੂਰਾ ਕੀਤਾ ਜਾਵੇ ਤਾਂ ਜੋ ਨਾਗਰਿਕਾਂ ਨੂੰ ਸੁਵਿਧਾਜਨਕ ਬੁਨਿਆਦੀ ਸਹੂਲਤਾਂ ਮਿਲ ਸਕਣ।




ਮੇਅਰ ਗੋਗੀਆ ਨੇ ਕਿਹਾ ਕਿ ਸ਼ਹਿਰ ਦੇ ਹਰ ਇਲਾਕੇ ਵਿੱਚ ਵਿਕਾਸ ਕਾਰਜਾਂ ਤੇ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਨਾਗਰਿਕਾਂ ਦੇ ਟੈਕਸ ਦਾ ਹਰ ਪੈਸਾ ਲੋਕਾਂ ਦੇ ਹਿੱਤ ਵਿੱਚ ਵਰਤਿਆ ਜਾਵੇਗਾ। ਅਸੀਂ ਚਾਹੁੰਦੇ ਹਾਂ ਕਿ ਤ੍ਰਿਪੜੀ ਵਰਗੇ ਖੇਤਰਾਂ ਵਿੱਚ ਸੁਵਿਧਾਵਾਂ ਜਲਦੀ ਲੋਕਾਂ ਤੱਕ ਪਹੁੰਚਣ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਨਹਿਰੀ ਪਾਣੀ ਲਈ ਤ੍ਰਿਪੜੀ ਵਿੱਚ ਪਾਈਆਂ ਜਾ ਰਹੀਆਂ ਪਾਈਪਾਂ ਦੀ ਦੇਖਰੇਖ ਦਾ ਕੰਮ ਨਗਰ ਨਿਗਮ ਦੇ ਅਧੀਨ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਮੈਦਾਨੀ ਨਿਗਰਾਨੀ ਤੇ ਧਿਆਨ ਦੇਣ ਅਤੇ ਜਿੱਥੇ ਕੰਮ ਧੀਮਾ ਹੈ, ਉੱਥੇ ਤੁਰੰਤ ਕਾਰਵਾਈ ਕਰਨ ਦੀ ਹਦਾਇਤ ਦਿੱਤੀ।

ਵਿਜ਼ਿਟ ਦੌਰਾਨ ਤ੍ਰਿਪੜੀ ਅਤੇ ਆਸ-ਪਾਸ ਦੇ ਮਾਰਕੀਟ ਮੈਂਬਰ ਚਿੰਟੂ ਨਾਸਰਾ, ਸੁਭਾਸ਼ ਵਲੇਚਾ, ਭੂਸ਼ਨ ਕੁਮਾਰ, ਅਸ਼ੋਕ ਚਾਵਲਾ, ਪ੍ਰਵੀਨ ਕਾਲੜਾ, ਸੁਰਧੀਰ ਅਹੂਜਾ, ਕ੍ਰਿਸ਼ਨ ਸਿੰਧੀ, ਲਵਲੀ ਦਵਨ, ਪਰਮਿੰਦਰ ਕੋਹਲੀ, ਡਾ. ਕੁਲਜੀਤ ਸਾਹਨੀ, ਲਛਮਣ ਦਾਸ ਆਹੂਜਾ, ਜਵਾਰ ਵਰਮਾ, ਯਸ਼ਪਾਲ ਕਾਲੜਾ, ਦਰਸ਼ਨ ਲਾਲ, ਸੁਰੇਸ਼ ਧਵਨ, ਬੰਟੀ, ਹੰਸਰਾਜ, ਜਤਿਨ ਅਰੋੜਾ, ਬੰਸੀ ਲਾਲ, ਬਿਹਾਰੀ ਲਾਲ ਆਦਿ ਮੌਜੂਦ ਸਨ।

ਮੇਅਰ ਨੇ ਸਪਸ਼ਟ ਕਿਹਾ ਕਿ ਨਿਯਮਤ ਤੌਰ 'ਤੇ ਇਸ ਤਰ੍ਹਾਂ ਦੀਆਂ ਸਮੀਖਿਆ ਮੀਟਿੰਗਾਂ ਕਰਕੇ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਨਵੀਂ ਰਫ਼ਤਾਰ ਮਿਲੇਗੀ।

ਉਨ੍ਹਾਂ ਦਾ ਕਹਿਣਾ ਸੀ ਕਿ ਨਗਰ ਨਿਗਮ ਦੀਆਂ ਕੋਸ਼ਿਸ਼ਾਂ ਨਾਲ ਤ੍ਰਿਪੜੀ ਖੇਤਰ ਵਿੱਚ ਨਾਗਰਿਕਾਂ ਲਈ ਪਾਣੀ, ਸੜਕਾਂ ਅਤੇ ਹੋਰ ਸੁਵਿਧਾਵਾਂ ਜਲਦ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਉਪਲਬਧ ਹੋਣਗੀਆਂ।

# ਲੁਧਿਆਣਾ 'ਚ 3,200 ਕਰੋੜ ਰੁਪਏ ਦੀ ਲਾਗਤ ਵਾਲਾ ਟਾਟਾ ਸਟੀਲ ਪਲਾਂਟ ਮਾਰਚ ਤੋਂ ਹੋਵੇਗਾ ਕਾਰਜਸ਼ੀਲ



**ਚੰਡੀਗੜ੍ਹ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇੱਥੇ ਕਿਹਾ ਕਿ ਮਾਰਚ ਤੋਂ ਲੁਧਿਆਣਾ ਵਿੱਚ ਟਾਟਾ ਸਟੀਲ ਦੇ ਮੈਨੂਫੈਕਚਰਿੰਗ ਪਲਾਂਟ ਦੇ ਕਾਰਜਸ਼ੀਲ ਹੋਣ ਨਾਲ ਪੰਜਾਬ ਵਿੱਚ ਉਦਯੋਗ ਦੇ ਵੱਡਾ ਹੁਲਾਰਾ ਮਿਲੇਗਾ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਪ੍ਰੋਜੈਕਟ ਸੂਬੇ ਦੀਆਂ ਪ੍ਰਗਤੀਸ਼ੀਲ ਨੀਤੀਆਂ ਅਤੇ ਮਜ਼ਬੂਤ ਸ਼ਾਸਨ ਢਾਂਚੇ ਵਿੱਚ ਆਲਮੀ ਉਦਯੋਗ ਦੇ ਵਧ ਰਹੇ ਵਿਸ਼ਵਾਸ ਨੂੰ ਦਰਸਾਉਂਦਾ ਹੈ।

ਟਾਟਾ ਸਟੀਲ ਦੇ ਇਕ ਸੀਨੀਅਰ ਵਫ਼ਦ, ਜਿਸ ਵਿੱਚ ਉਪ-ਪ੍ਰਧਾਨ (ਲੌਂਗ ਪ੍ਰੋਡਕਟਸ) ਆਸ਼ੀਸ਼ ਅਨੁਪਮ ਅਤੇ ਕਾਰਪੋਰੇਟ ਮਾਮਲਿਆਂ ਦੇ ਸੀਨੀਅਰ ਪ੍ਰਤੀਨਿਧ ਸ਼ਾਮਲ ਸਨ, ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਟਾਟਾ ਸਟੀਲ ਗਰੁੱਪ ਦੁਨੀਆਂ ਦੇ ਮੋਹਰੀ ਸਟੀਲ ਨਿਰਮਾਤਾਵਾਂ ਵਿੱਚੋਂ ਇੱਕ ਹੈ, ਜਿਸ ਦੀ ਕੱਚੇ ਸਟੀਲ ਦੀ ਸਾਲਾਨਾ ਸਮਰੱਥਾ ਲਗਭਗ 34 ਮਿਲੀਅਨ ਟਨ ਹੈ ਅਤੇ ਦੁਨੀਆਂ ਦੇ ਵੱਖ ਵੱਖ ਭੂਗੋਲਿਕ ਖੇਤਰਾਂ ਵਿੱਚ ਇਸ ਦਾ ਮਜ਼ਬੂਤ ਸਥਾਨ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਟਾਟਾ ਸਟੀਲ ਲਿਮਟਿਡ ਲੁਧਿਆਣਾ ਦੀ ਹਾਈਟੈੱਕ ਵੈਲੀ ਨੇੜੇ ਗੀਬਾਰ ਮਿੱਲ ਦੇ ਨਾਲ ਇੱਕ 0.75 ਐਮ.ਟੀ.ਪੀ.ਏ. ਇਲੈਕਟ੍ਰਿਕ ਆਰਕ ਫਰਨੇਸ ਅਧਾਰਤ ਸਟੀਲ-ਮੇਕਿੰਗ ਫੈਸਿਲਟੀ ਸਥਾਪਤ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ 115 ਏਕੜ ਵਿੱਚ ਫੈਲੇ ਇਸ ਪ੍ਰੋਜੈਕਟ ਵਿੱਚ ਸ਼ੁਰੂ 'ਚ ਲਗਭਗ 2,600 ਕਰੋੜ ਦੇ ਨਿਵੇਸ਼ ਦੀ ਅਨੁਮਾਨ ਸੀ, ਜੋ ਹੁਣ ਵਧ ਕੇ 3,200 ਕਰੋੜ ਹੋ ਗਿਆ ਹੈ। ਇਸ ਪਲਾਂਟ ਤੋਂ ਲਗਭਗ 2,500 ਵਿਅਕਤੀਆਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਹੋਣ ਦੀ ਉਮੀਦ ਹੈ, ਜਿਸ ਨਾਲ ਖੇਤਰ ਦੇ ਉਦਯੋਗਿਕ ਮਾਹੌਲ ਨੂੰ ਮਜ਼ਬੂਤੀ ਮਿਲੇਗੀ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਯੂਨਿਟ 100 ਪ੍ਰਤੀਸ਼ਤ ਸਟੀਲ ਸਕ੍ਰੈਪ ਨੂੰ ਕੱਚੇ ਮਾਲ ਵਜੋਂ ਵਰਤੇਗਾ ਅਤੇ ਟਿਕਾਊ ਅਤੇ ਵਾਤਾਵਰਣ-ਅਨੁਕੂਲ ਉਤਪਾਦਨ ਪ੍ਰਕਿਰਿਆ ਅਪਣਾਏਗਾ। ਉਨ੍ਹਾਂ ਕਿਹਾ ਕਿ ਇਲੈਕਟ੍ਰਿਕ ਆਰਕ ਫਰਨੇਸ ਰੂਟ ਰਵਾਇਤੀ ਬਲਾਸਟ ਫਰਨੇਸ ਤਕਨਾਲੋਜੀ ਦੇ ਮੁਕਾਬਲੇ ਕਾਰਬਨ ਨਿਕਾਸ ਨੂੰ ਕਾਫ਼ੀ ਹੱਦ ਤੱਕ ਘਟਾਉਂਦਾ ਹੈ, ਜੋ ਵਾਤਾਵਰਣ ਅਨੁਕੂਲ ਅਤੇ ਟਿਕਾਊ ਉਦਯੋਗਿਕ ਵਿਕਾਸ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਹੋਰ ਮਜ਼ਬੂਤੀ ਦਿੰਦਾ ਹੈ।

ਪੰਜਾਬ ਸਰਕਾਰ ਵੱਲੋਂ ਨਿਭਾਈ ਗਈ ਸਰਗਰਮ ਭੂਮਿਕਾ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਇਸ ਮੈਗਾ ਪ੍ਰੋਜੈਕਟ ਦੇ ਨਿਰਮਾਣ ਅਤੇ ਸੰਚਾਲਨ ਨੂੰ ਸਮਾਂਬੱਧ ਢੰਗ ਨਾਲ ਯਕੀਨੀ ਬਣਾਇਆ, ਜੋ ਕਿ ਪੰਜਾਬ ਦੀਆਂ ਉਦਯੋਗ-ਪੱਖੀ ਨੀਤੀਆਂ ਅਤੇ ਸਰਗਰਮ ਸ਼ਾਸਨ ਢਾਂਚੇ ਨੂੰ ਦਰਸਾਉਂਦਾ ਹੈ।

ਇਸ ਪ੍ਰੋਜੈਕਟ ਦੀ ਸ਼ੁਰੂਆਤ ਨੂੰ ਸੂਬੇ ਲਈ ਮਾਣ ਵਾਲੀ ਗੱਲ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਜਮਸ਼ੇਦਪੁਰ ਤੋਂ ਬਾਅਦ ਭਾਰਤ ਵਿੱਚ ਟਾਟਾ ਸਟੀਲ ਦਾ ਦੂਜਾ ਸਭ ਤੋਂ ਵੱਡਾ ਪਲਾਂਟ ਹੈ ਅਤੇ ਪੰਜਾਬ ਵਿੱਚ ਕੰਪਨੀ ਦੇ ਸਭ ਤੋਂ ਵੱਡੇ ਨਿਵੇਸ਼ ਨੂੰ ਦਰਸਾਉਂਦਾ ਹੈ। ਨਿਰੰਤਰ ਉਦਯੋਗਿਕ ਵਿਸਥਾਰ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਉਨ੍ਹਾਂ ਪ੍ਰੋਜੈਕਟ ਦੇ ਸਫ਼ਲ ਸੰਚਾਲਨ ਅਤੇ ਭਵਿੱਖ ਵਿੱਚ ਹੋਰ ਵਿਸਥਾਰ ਲਈ ਟਾਟਾ ਸਟੀਲ ਨੂੰ ਪੂਰਾ ਸਮਰਥਨ ਅਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਇਸ ਮੌਕੇ ਕੈਬਨਿਟ ਮੰਤਰੀ ਸੰਜੀਵ ਅਰੋੜਾ, ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਅਤੇ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।\

# ਪੰਜਾਬ ਸਰਕਾਰ ਵੱਲੋਂ ਜਲਦ ਕਰਵਾਈ ਜਾਵੇਗੀ ਐਨ.ਆਰ.ਆਈ. ਮਿਲਣੀ: ਡਾ. ਰਵਜੋਤ ਸਿੰਘ



**ਚੰਡੀਗੜ੍ਹ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਜਲਦ ਹੀ ਜ਼ਿਲ੍ਹਾ ਵਾਰ ਐਨ.ਆਰ.ਆਈ ਮਿਲਣੀਆਂ ਦਾ ਆਯੋਜਨ ਕੀਤਾ ਜਾਵੇਗਾ। ਇਹ ਜਾਣਕਾਰੀ ਅੱਜ ਇੱਥੇ ਐਨ.ਆਰ.ਆਈ. ਮਾਮਲਿਆਂ ਸਬੰਧੀ ਵਿਭਾਗੀ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਨ ਉਪਰੰਤ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਦਿੱਤੀ।

ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਿਦੇਸ਼ਾਂ ਵਿੱਚ ਵਸਦੇ ਪੰਜਾਬੀ ਐਨ.ਆਰ.ਆਈਜ਼ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਐਨ.ਆਰ.ਆਈ ਮਿਲਣੀਆਂ ਦਾ ਆਯੋਜਨ ਲਗਾਤਾਰ ਕੀਤਾ ਜਾ ਰਿਹਾ ਹੈ ਅਤੇ ਇਸੇ ਦਿਸ਼ਾ ਵਿੱਚ ਚਾਲੂ ਸਾਲ ਦੌਰਾਨ ਸੂਬੇ ਦੇ ਹਰੇਕ ਜ਼ਿਲ੍ਹੇ ਵਿੱਚ ਐਨ.ਆਰ.ਆਈਜ਼ ਮਿਲਣੀਆਂ ਕਰਵਾਈਆਂ ਜਾਣਗੀਆਂ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਸਾਡਾ ਮੁੱਖ ਮਕਸਦ ਐਨ. ਆਰ. ਆਈਜ ਨੂੰ ਦਰਪੇਸ਼ ਸਮੱਸਿਆਵਾਂ ਦਾ ਹੱਲ ਉਨ੍ਹਾਂ ਦੇ ਕੋਲ ਪਹੁੰਚ ਕੇ ਕਰਨਾ ਹੈ ਤਾਂ ਜੋ ਉਨ੍ਹਾਂ ਨੂੰ ਸਰਕਾਰੀ ਦਫ਼ਤਰਾਂ ਦੇ ਬੇਲੋੜੇ ਚੱਕਰ ਨਾ ਕੱਟਣੇ ਪੈਣ।

ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਕਿ ਐਨ.ਆਰ.ਆਈਜ ਦੇ ਮਸਲੇ ਤੇ ਸ਼ਿਕਾਇਤਾਂ ਤੈਅ ਸਮੇਂ ਅੰਦਰ ਹੱਲ ਕੀਤੀਆਂ ਜਾਣ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵਿਦੇਸ਼ਾਂ ਵਿੱਚ ਬੈਠੇ ਪੰਜਾਬੀਆਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਿਦੇਸ਼ਾਂ ਵਿੱਚ ਵਸਦੇ ਐਨ.ਆਰ.ਆਈਜ਼ ਪੰਜਾਬੀਆਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਸਾਡੀ ਸਰਕਾਰ ਨੇ ਐਨ.ਆਰ.ਆਈਜ਼ ਦੀਆਂ ਪੰਜਾਬ ਵਿੱਚ ਪਈਆਂ ਜ਼ਮੀਨ ਜਾਇਦਾਦ ਦੇ ਅਧਿਕਾਰ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੁਖਤਾ ਪ੍ਰਬੰਧ ਕੀਤੇ ਹਨ।

ਮੰਤਰੀ ਨੇ ਵਿਭਾਗੀ ਅਧਿਕਾਰੀਆਂ ਨੂੰ ਹਦਾਇਤ ਦਿੰਦਿਆਂ ਕਿਹਾ ਕਿ ਐਨ.ਆਰ.ਆਈਜ਼ ਸਭਾ ਦੀ ਜਲਦ ਚੋਣ ਕਰਵਾਈ ਜਾਵੇ ਅਤੇ ਇਸ ਸਬੰਧੀ ਲੋੜੀਂਦੀ ਕਾਰਵਾਈ ਨੂੰ ਤੇਜ਼ੀ ਨਾਲ ਨੇਪਰੇ ਚੜ੍ਹਾਇਆ ਜਾਵੇ।

ਇਸ ਮੌਕੇ ਐਨ. ਆਰ.ਆਈ ਵਿਭਾਗ ਦੇ ਸਕੱਤਰ ਸ੍ਰੀ ਵੀ. ਐਨ. ਜ਼ਾਦੇ, ਡਵੀਜ਼ਨਲ ਕਮਿਸ਼ਨਰ ਜਲੰਧਰ ਅਤੇ ਸਕੱਤਰ ਸੂਚਨਾ ਤੇ ਲੋਕ ਸੰਪਰਕ ਵਿਭਾਗ ਸ੍ਰੀ ਰਾਮਵੀਰ, ਵਿਸ਼ੇਸ਼ ਸਕੱਤਰ ਐਨ.ਆਰ.ਆਈ ਸ੍ਰੀਮਤੀ ਅਮਨਦੀਪ ਕੌਰ, ਏ.ਡੀ.ਜੀ.ਪੀ ਐਨ.ਆਰ.ਆਈ ਸ੍ਰੀ ਆਰ. ਕੇ. ਜੈਸਵਾਲ, ਵਧੀਕ ਸਕੱਤਰ ਐਨ. ਆਰ.ਆਈ ਸ੍ਰੀ ਆਰ. ਬੀ.ਐਸ ਬਰਾੜ ਅਤੇ ਏ.ਆਈ.ਜੀ ਸ੍ਰੀ ਅਜਿੰਦਰ ਸਿੰਘ ਹਾਜ਼ਰ ਸਨ।

# ਹੋਲਾ ਮਹੱਲਾ ਮੌਕੇ ਸ਼ਰਧਾਲੂਆਂ ਦੀ ਸਹੂਲਤ ਲਈ ਸਿਵਲ ਅਤੇ ਪੁਲਿਸ ਕੰਟਰੋਲ ਰੂਮ ਹੋਣਗੇ ਸਥਾਪਿਤ

**ਸ੍ਰੀ ਆਨੰਦਪੁਰ ਸਾਹਿਬ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਸ਼ਨਦੀਪ ਸਿੰਘ ਡੀ.ਐਸ.ਪੀ ਨੇ ਦੱਸਿਆ ਕਿ ਦੇਸ਼ ਵਿਦੇਸ਼ ਤੋ ਆਉਣ ਵਾਲੇ ਸ਼ਰਧਾਲੂਆਂ ਅਤੇ ਸਥਾਨਕ ਲੋਕਾਂ ਦੀ ਸਹੂਲਤ ਲਈ ਕੰਟਰੋਲ ਰੂਮ ਸਥਾਪਿਤ ਕੀਤੇ ਗਏ ਜਾ ਰਹੇ ਹਨ, ਜੋ 24/7 ਕਾਰਜਸ਼ੀਲ ਰਹਿਣਗੇ।



ਡੀ.ਐਸ.ਪੀ ਨੇ ਦੱਸਿਆ ਕਿ ਪੁਲਿਸ ਥਾਣਾ ਕੀਰਤਪੁਰ ਸਾਹਿਬ ਵਿੱਚ ਸਿਵਲ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ, ਜਿਸ ਦਾ ਸੰਪਰਕ ਨੰਬਰ 01887-260127-260227 ਹੈ, ਇੱਥੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ 24/7 ਡਿਊਟੀ ਤੇ ਤੈਨਾਂਤ ਹਨ। ਉਹ ਸ਼ਰਧਾਲੂਆਂ, ਸਥਾਨਕ ਵਸਨੀਕਾਂ ਅਤੇ ਲੰਗਰ ਕਮੇਟੀਆਂ ਨੂੰ ਪੇਸ਼ ਮੁਸ਼ਕਿਲਾਂ ਬਾਰੇ ਸਬੰਧਿਤ ਵਿਭਾਗਾਂ ਨੂੰ ਸੂਚਿਤ ਕਰਕੇ ਮੁ ?ਸਕਿਲਾ ਹੱਲ ਕਰਵਾ ਰਹੇ ਹਨ। ਇਸੇ ਤਰਾਂ ਪੁਲਿਸ ਕੰਟਰੋਲ ਰੂਮ ਵੀ 24/7 ਕਾਰਜਸ਼ੀਲ ਹੈ, ਜਿਸ ਦਾ ਸੰਪਰਕ ਨੰਬਰ 01887-260127-260227 ਹੈ ਜੋ ਕਿ 27 ਫਰਵਰੀ 2026 ਤੋਂ 5 ਮਾਰਚ 2026 ਤੱਕ ਕਾਰਜਸ਼ੀਲ ਹੋਣਗੇ, ਇਥੇ ਕਾਲ ਕਰਕੇ ਹਰ ਤਰਾਂ ਦੀ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ। ਉਨ੍ਹਾਂ ਨੇ ਦੱਸਿਆ ਕਿ ਮੇਲੇ ਦੌਰਾਨ ਇਹ ਕੰਟਰੋਲ ਰੂਮ 24/7 ਕੰਮ ਕਰਨਗੇ।

# ਮਾਮਲਿਆਂ ਦੇ ਸਮਾਂਬੱਧ ਨਿਪਟਾਰੇ ਲਈ ਐਸਡੀਐਮ (ਈਸਟ) ਦੁਆਰਾ ਸਪੈਸ਼ਲ ਡਿਸਪੋਜ਼ਲ ਕੋਰਟ ਲਗਾਈ ਜਾਵੇਗੀ

**ਚੰਡੀਗੜ੍ਹ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਂਬੱਧ ਨਿਆਂ ਸੁਨਿਸ਼ਚਿਤ ਕਰਨ ਅਤੇ ਉੱਤਰਦਾਈ ਪ੍ਰਸ਼ਾਸਨ ਨੂੰ ਮਜ਼ਬੂਤ ? ?ਕਰਨ ਦੀ ਦਿਸ਼ਾ ਵਿੱਚ ਇੱਕ ਵਿਸ਼ੇਸ਼ ਪਹਿਲ ਦੇ ਤਹਿਤ ਸਬ-ਡਵੀਜ਼ਨਲ ਮੈਜਿਸਟ੍ਰੇਟ (ਈਸਟ), ਚੰਡੀਗੜ੍ਹ ਦੁਆਰਾ ਕੱਲ੍ਹ ਇੱਕ ਸਪੈਸ਼ਲ ਡਿਸਪੋਜ਼ਲ ਕੋਰਟ ਦਾ ਆਯੋਜਨ ਕੀਤਾ ਜਾਵੇਗਾ,ਜਿਸ ਵਿੱਚ ਅੰਤਿਮ ਨਿਰਣੇ ਹਿਤ ਤਿਆਰ ਮਾਮਲਿਆਂ ਦਾ ਵੱਡੇ ਪੱਧਰ @ਤੇ ਨਿਪਟਾਰਾ ਕੀਤਾ ਜਾਵੇਗਾ।

ਸੁਨਿਯੋਜਿਤ ਸਮੀਖਿਆ ਅਤੇ ਕੇਸਾਂ ਨੂੰ ਵੱਖ ਕਰਨ ਤੋਂ ਬਾਅਦ 126 ਮਾਮਲਿਆਂ ਦੀ ਅੰਤਿਮ ਆਦੇਸ਼ ਹਿਤ ਪੂਰੀ ਤਰ੍ਹਾਂ ਪਰਿਪੱਕ ਵਜੋਂ ਸ਼ਨਾਖ਼ਤ ਕੀਤੀ ਗਈ ਹੈ। ਇਨ੍ਹਾਂ ਮਾਮਲਿਆਂ ਦੀ ਸੁਣਵਾਈ ਕਰਕੇ ਉਸੇ ਦਿਨ ਨਿਪਟਾਇਆ ਜਾਵੇਗਾ ਅਤੇ ਆਦੇਸ਼ਾਂ ਦੀਆਂ ਪ੍ਰਮਾਣਿਤ ਕਾਪੀਆਂ ਸਬੰਧਿਤ ਧਿਰਾਂ ਨੂੰ ਤਤਕਾਲ ਉਪਲਬਧ ਕਰਵਾਈਆਂ ਜਾਣਗੀਆਂ।

ਇਸ ਤੋਂ ਇਲਾਵਾ ਲਗਭਗ 150 ਅਜਿਹੇ ਕੇਸ, ਜਿਨ੍ਹਾਂ ਵਿੱਚ ਪਹਿਲਾਂ ਵਿਸ਼ੇਸ਼ ਨਿਰਦੇਸ਼ ਜਾਰੀ ਕੀਤੇ ਗਏ ਸਨ, ਨੂੰ ਅਨੁਪਾਲਨ ਦੀ ਤਸਦੀਕ ਹਿਤ ਸੂਚੀਬੱਧ ਕੀਤਾ ਗਿਆ ਹੈ। ਨਿਰਧਾਰਿਤ ਨਿਰਦੇਸ਼ਾਂ ਦੇ ਅਨੁਪਾਲਨ ਦੀ ਪੁਸ਼ਟੀ ਹੋਣ @ਤੇ ਇਨ੍ਹਾਂ ਮਾਮਲਿਆਂ ਦਾ ਵੀ ਕਾਰਵਾਈ ਦੇ ਦੌਰਾਨ ਅੰਤਿਮ ਨਿਪਟਾਰਾ ਕੀਤਾ ਜਾਵੇਗਾ। ਇਸ ਸ਼੍ਰੇਣੀ ਵਿੱਚ ਕੇਵਲ ਉਹ ਹੀ ਮਾਮਲੇ ਸ਼ਾਮਲ ਕੀਤੇ ਗਏ ਹਨ ਜਿਨ੍ਹਾਂ ਵਿੱਚ ਲੰਬਿਤ ਅਨੁਪਾਲਨ ਮਾਮੂਲੀ ਪ੍ਰਕਿਰਤੀ ਦੇ ਹਨ ਅਤੇ ਜਿਨ੍ਹਾਂ ਦੀ ਤਤਕਾਲ ਤਸਦੀਕ ਕਰਨਾ ਸੰਭਵ ਹੈ।

ਅਦਾਲਤ ਪਾਰਦਰਸ਼ਤਾ ਅਤੇ ਸੁਗਮਤਾ ਨੂੰ ਸੁਨਿਸ਼ਚਿਤ ਕਰਨ ਲਈ ਇੱਕ ਖੁੱਲ੍ਹੀ ਸੁਣਵਾਈ ਦੇ ਫਾਰਮੈਟ ਵਿੱਚ ਕਾਰਜ ਕਰੇਗੀ। ਜਿਨ੍ਹਾਂ ਵਾਦੀਆਂ ਦੇ ਮਾਮਲੇ ਅੰਤਿਮ ਪੜਾਅ ਵਿੱਚ ਹਨ, ਉਹ ਸਵੇਰੇ 11:00 ਵਜੇ ਅਦਾਲਤ ਵਿੱਚ ਉਪਸਥਿਤ ਹੋ ਕੇ ਆਪਣਾ ਪੱਖ ਰੱਖ ਸਕਦੇ ਹਨ। ਕਾਨੂੰਨੀ ਤੌਰ @ਤੇ ਟਿਕਾਊ ਢੁਕਵੇਂ ਕੇਸਾਂ ਨੂੰ ਉਸੇ ਦਿਨ ਹੀ ਨਿਪਟਾਇਆ ਜਾਵੇਗਾ।

# ਸਰਕਾਰ ਨੇ 858 ਕਲੋਨੀਆਂ ਦੀ ਮੰਜੂਰੀ ਪ੍ਰਦਾਨ ਕਰ ਸਾਰੀ ਸਹੂਲਤਾਂ ਦੇਣ ਦਾ ਕੰਮ ਕੀਤਾ: ਗੋਇਲ


**ਚੰਡੀਗੜ੍ਹ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸ਼ਹਿਰੀ ਸਥਾਨਕ ਸਰਕਾਰ ਮੰਤਰੀ ਵਿਪੁਲ ਗੋਇਲ ਨੇ ਦਸਿਆ ਕਿ ਨਗਰ ਪਰਿਸ਼ਦ ਜਗਾਧਰੀ ਦੀ 22 ਕਲੋਨੀਆਂ ਵਿੱਚ ਸਥਿਤ ਭਵਨਾਂ ਦਾ ਨਿਯਮਤੀਕਰਣ ਹਰਿਆਣਾ ਨਗਰਪਾਲਿਕਾ ਐਕਟ 1973 ਦੀ ਧਾਰ 203 ਏ ਤਹਿਤ ਕੀਤਾ ਗਿਆ। ਸ਼ਹਿਰੀ ਸਥਾਨਕ ਸਰਕਾਰ ਮੰਤਰੀ ਵਿਧਾਨਸਭਾ ਵਿੱਚ ਬਜਟ ਸੈਸ਼ਨ ਦੌਰਾਨ ਇੱਕ ਸੁਆਲ ਦਾ ਜਵਾਬ ਦੇ ਰਹੇ ਸਨ।ਉਨ੍ਹਾਂ ਨੇ ਕਿਹਾ ਕਿ ਜੀਆਈਐਸ ਪੋਰਟਲ ਵਿੱਚ ਕਲੋਨੀ ਦੇ ਸਥਾਨ 'ਤੇ ਭਵਨਾਂ ਨੂੰ ਦਰਸ਼ਾਇਆ ਗਿਆ। ਜਿਸ ਦੇ ਬਾਵਜੂਦ ਵੀ ਸਰਕਾਰ ਨੇ 858 ਕਲੋਨੀਆਂ ਦੀ ਮੰਜੂਰੀ ਪ੍ਰਦਾਨ ਕਰ ਸਾਰੀ ਸਹੂਲਤਾਂ ਦੇਣ ਦਾ ਕੰਮ ਕੀਤਾ ਗਿਆ। ਇਸ ਵਿੱਚ ਜਿਆਦਾਤਰ ਨਗਰਪਾਲਿਕਾਵਾਂ ਦੇ ਕੋਲ ਇੰਨ੍ਹਾਂ ਨੋਟੀਫਿਕੇਸ਼ਨਾਂ ਨਾਲ ਸਬੰਧਿਤ ਕੁੱਲ ਖੇਤਰਫਲ, ਸਬੰਧਿਤ ਖਸਰਾ ਨੰਬਰ ਅਤੇ ਸਪਸ਼ਟ ਬੋਰਡਾਂ ਸਮੇਤ ਆਖੀਰੀ ਨਕਸ਼ਾ ਯੋਜਨਾਵਾਂ ਉਪਲਬਧ ਨਹੀਂ ਹੋਣ ਦੇ ਕਾਰਨ ਨਾਲ ਹੀ ਕੁੱਲ ਨੋਟੀਫਿਕੇਸ਼ਨਾਂ ਵਿੱਚ ਭਵਨਾਂ ਦੇ ਨਿਸਮਤੀਕਰਣ ਦਾ ਵਰਨਣ ਕੀਤਾ ਗਿਆ ਸੀ ਜਿਸ ਨਾਲ ਇੰਨ੍ਹਾਂ ਨਕਸ਼ਿਆਂ ਵਿੱਚ ਸਥਿਤ ਪਲਾਂਟਾ ਦੀ ਲੀਗਲ ਸਥਿਤੀ ਅਸਪਸ਼ਟ ਰਹਿ ਗਈ। ਸਥਾਨਕ ਸ਼ਹਿਰੀ ਸਰਕਾਰ ਮੰਤਰੀ ਨੇ ਦਸਿਆ ਕਿ ਸਾਲ 2021-22 ਵਿੱਚ ਸ਼ਹਿਰੀ ਸਥਾਨਕ ਨਿਗਮ ਵਿਭਾਗ ਵੱਲੋਂ ਭੂ-ਸਥਾਨਕ ਸੂਚਨਾ ਪ੍ਰਣਾਲੀ ਅਧਾਰਿਤ ਸੰਪਤੀ ਅਭਿਲੇਖਾਂ ਨਾਲ ਸਬੰਧਿਤ ਆਨਲਾਇਨ ਐਨਡੀਸੀ ਪੋਰਟਲ ਲਾਗੂ ਕੀਤਾ ਗਿਆ। ਇਸ ਡਿਜੀਟਲ ਪੋਰਟਲ ਵਿੱਚ ਕਿਸੇ ਵੀ ਮੰਜੂਰ ਖੇਤਰ ਨੂੰ ਸ਼ਾਮਿਲ ਕਰਨ ਤਹਿਤ ਭੂ-ਸੰਦਰਭਿਤ ਸੀਮਾਵਾਂ ਦਾ ਹੋਣਾ ਜਰੂਰੀ ਹੈ। ਅਜਿਹੇ ਵਿੱਚ ਪ੍ਰਮਾਣਿਕ ਅਤੇ ਸਪਸ਼ਟ ਨਕਸ਼ਾ ਯੋਜਨਾਵਾਂ ਅਤੇ ਖਸਰਾ ਨੰਬਰਾਂ ਦੇ ਅਭਾਵ ਵਿੱਚ ਸਾਲ 2014 ਤੋਂ ਪਹਿਲਾਂ ਨਿਯਮਤ ਕੀਤੀ ਗਈ ਇੰਨ੍ਹਾਂ ਕਲੋਨੀਆਂ ਦੀ ਮੌਜੂਦਾ ਸੀਮਾਵਾਂ ਨੂੰ ਭੂ-ਸਥਾਨਕ ਪੋਰਟਲ 'ਤੇ ਡਿਜੀਟਲ ਰੂਪ ਨਾਲ ਦਰਜ ਨਹੀਂ ਕੀਤਾ ਜਾ ਸਕਿਆ।

# ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਮੇਰੀ ਰਸੋਈ ਯੋਜਨਾ ਨੂੰ ਹਰੀ ਝੰਡੀ ਦੇਣ ਲਈ ਮੁੱਖ ਮੰਤਰੀ ਦਾ ਧੰਨਵਾਦ

**ਚੰਡੀਗੜ੍ਹ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮੀ ਖੁਰਾਕ ਸੁਰੱਖਿਆ ਐਕਟ (ਐਨ.ਐਫ.ਐਸ.ਏ.), 2013 ਦੇ ਰਜਿਸਟਰਡ ਲਾਭਪਾਤਰੀਆਂ ਲਈ ਸਹੂਲਤਾਂ ਦੇ ਵਿਸਥਾਰ ਦੇ ਉਦੇਸ਼ ਨਾਲ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਕੈਬਨਿਟ ਵੱਲੋਂ @ਮੇਰੀ ਰਸੋਈ@ ਯੋਜਨਾ ਸ਼ੁਰੂ ਕਰਨ ਦੇ ਐਲਾਨ ਨਾਲ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਲੋਕ ਭਲਾਈ ਲਈ ਇਹ ਵੱਡਾ ਕਦਮ ਚੁੱਕਣ ਵਾਸਤੇ ਮੁੱਖ ਮੰਤਰੀ ਦਾ ਧੰਨਵਾਦ ਕੀਤਾ ਹੈ।



ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਨੇ ਲਾਭਪਾਤਰੀਆਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਇਹ ਉਸਾਰੂ ਪਹਿਲ ਕੀਤੀ ਹੈ।

ਜ਼ਿਕਰਯੋਗ ਹੈ ਕਿ ਸੂਬੇ ਵਿੱਚ ਐਨ.ਐਫ.ਐਸ.ਏ. ਅਧੀਨ 40 ਲੱਖ ਲਾਭਪਾਤਰੀ ਹਨ ਅਤੇ ਹੁਣ ਤੱਕ ਨੀਲੇ ਕਾਰਡ ਧਾਰਕ ਲਾਭਪਾਤਰੀਆਂ ਨੂੰ ਕਣਕ ਹੀ ਦਿੱਤੀ ਜਾਂਦੀ ਰਹੀ ਹੈ, ਪਰ ਮੰਤਰੀ ਮੰਡਲ ਵੱਲੋਂ ਮਨਜ਼ੂਰ ਕੀਤੀ ਗਈ 1 ਅਪ੍ਰੈਲ ਤੋਂ ਸ਼ੁਰੂ ਹੋਣ ਵਾਲੀ ਇਸ ਯੋਜਨਾ ਤਹਿਤ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਵੱਲੋਂ ਹਰ ਤਿੰਨ ਮਹੀਨਿਆਂ ਬਾਅਦ ਲਾਭਪਾਤਰੀਆਂ ਨੂੰ ਵਿਸ਼ੇਸ਼ ਰਾਸ਼ਨ ਕਿੱਟਾਂ ਪ੍ਰਦਾਨ ਕੀਤੀਆਂ ਜਾਣਗੀਆਂ।

ਉਨ੍ਹਾਂ ਕਿਹਾ ਕਿ ਇਸ ਰਾਸ਼ਨ ਕਿੱਟ ਵਿੱਚ 2 ਕਿਲੋ ਦਾਲ, 2 ਕਿਲੋ ਖੰਡ, 1 ਕਿਲੋ ਆਇਓਡੀਨ ਯੁਕਤ ਨਮਕ, 200 ਗ੍ਰਾਮ ਹਲਦੀ ਪਾਊਡਰ ਅਤੇ 1 ਲੀਟਰ ਸਰ੍ਹੋਂ ਦਾ ਤੇਲ ਸ਼ਾਮਿਲ ਹੋਵੇਗਾ।

# 55 ਦਿਨਾਂ ਤੋਂ PSPCL ਅਪਰੈਂਟਿਸ਼ਾਂ ਦਾ ਧਰਨਾ ਪ੍ਰਦਰਸ਼ਨ ਜਾਰੀ



**ਪਟਿਆਲਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਲੋਮਾ/ਡਿਗਰੀ ਟੈਕਨੀਕਲ ਅਪਰੈਂਟਿਸ਼ ਐਸੋਸੀਏਸ਼ਨ ਵੱਲੋਂ ਡਿਪਟੀ ਕਮਿਸ਼ਨਰ ਪਟਿਆਲਾ ਨੂੰ ਮੰਗ ਪੱਤਰ ਭੇਜ ਕੇ ਅਪਰੈਂਟਿਸ਼ਾਂ ਨਾਲ ਜੁੜੇ ਮਸਲਿਆਂ 'ਤੇ ਤੁਰੰਤ ਦਖ਼ਲ ਦੀ ਮੰਗ ਕੀਤੀ ਗਈ ਹੈ। ਪੱਤਰ ਵਿੱਚ ਦਰਸਾਇਆ ਗਿਆ ਹੈ ਕਿ ਅਪਰੈਂਟਿਸ਼ ਪਿਛਲੇ 54 ਦਿਨਾਂ ਤੋਂ ਲਗਾਤਾਰ ਧਰਨਾ ਦੇ ਰਹੇ ਹਨ, ਪਰ ਉਨ੍ਹਾਂ ਨਾਲ ਸੰਬੰਧਿਤ ਅਹਿਮ ਮੰਗਾਂ ਅਤੇ ਪ੍ਰਸ਼ਾਸਨਿਕ ਮਾਮਲਿਆਂ 'ਤੇ ਹਾਲੇ ਤੱਕ ਕੋਈ ਸਪਸ਼ਟ ਫੈਸਲਾ ਨਹੀਂ ਹੋਇਆ।

ਐਸੋਸੀਏਸ਼ਨ ਅਨੁਸਾਰ, Punjab State Power Corporation Limited (PSPCL) ਦੇ ਵੱਖ-ਵੱਖ ਦਫ਼ਤਰਾਂ ਅਤੇ ਫੀਲਡ ਯੂਨਿਟਾਂ ਵਿੱਚ ਅਪਰੈਂਟਿਸ਼ ਤਕਨੀਕੀ ਅਤੇ ਜ਼ਿੰਮੇਵਾਰੀਆਂ ਵਾਲਾ ਕੰਮ ਕਰ ਰਹੇ ਹਨ। ਪੱਤਰ ਵਿੱਚ ਅਪਰੈਂਟਿਸ਼ਾਂ ਦੇ ਭਵਿੱਖ, ਨੀਤੀਆਂ ਅਤੇ ਪ੍ਰਸ਼ਾਸਨਿਕ ਸਪਸ਼ਟਤਾ ਸਬੰਧੀ ਚਿੰਤਾਵਾਂ ਜ਼ਾਹਰ ਕੀਤੀਆਂ ਗਈਆਂ ਹਨ। ਐਸੋਸੀਏਸ਼ਨ ਨੇ ਕਿਹਾ ਹੈ ਕਿ ਮਾਮਲੇ ਨੂੰ ਪਹਿਲਾਂ ਵੀ ਸੰਬੰਧਿਤ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਗਿਆ, ਪਰ ਕੋਈ ਠੋਸ ਨਤੀਜਾ ਨਹੀਂ ਨਿਕਲਿਆ। ਇਸ ਸਥਿਤੀ ਦੇ ਚਲਦੇ ਅਪਰੈਂਟਿਸ਼ਾਂ ਵਿੱਚ ਅਣਸ਼ਚਿਤਤਾ ਅਤੇ ਰੋਸ ਦਾ ਮਾਹੌਲ ਬਣਿਆ ਹੋਇਆ ਹੈ। ਮੰਗ ਪੱਤਰ ਵਿੱਚ ਇਹ ਵੀ ਦਰਸਾਇਆ ਗਿਆ ਹੈ ਕਿ ਜੇਕਰ 23 ਫਰਵਰੀ 2026 ਤੱਕ ਮੰਗਾਂ 'ਤੇ ਗੰਭੀਰਤਾ ਨਾਲ ਵਿਚਾਰ ਨਾ ਕੀਤਾ ਗਿਆ, ਤਾਂ, ਅਪਰੈਂਟਿਸ਼ ਲੋਕਤੰਤਰਿਕ ਢੰਗ ਨਾਲ ਅਗਲਾ ਕਦਮ ਚੁੱਕਣ ਲਈ ਮਜਬੂਰ ਹੋ ਸਕਦੇ ਹਨ, ਜਿਸ ਦੀ ਜ਼ਿੰਮੇਵਾਰੀ ਸੰਬੰਧਿਤ ਪ੍ਰਬੰਧਨ 'ਤੇ ਹੋਵੇਗੀ।

# ਪੂਨਮਪ੍ਰੀਤ ਕੌਰ ਨੇ ਆਰ. ਟੀ. ਏ. ਪਟਿਆਲਾ ਦਾ ਸੰਭਾਲਿਆ ਚਾਰਜ ਲੋਕਾਂ ਦੇ ਕੰਮ ਪਹਿਲ ਦੇ ਆਧਾਰ 'ਤੇ ਹੋਣਗੇ: ਪੂਨਮਪ੍ਰੀਤ

**ਪਟਿਆਲਾ, 25 ਫਰਵਰੀ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਅੰਦਰ ਪੰਜਾਬ ਸਰਕਾਰ ਵੱਲੋਂ ਪਿਛਲੇ ਦਿਨੀਂ ਕੀਤੀਆਂ ਗਈਆਂ ਬਦਲੀਆਂ ਵਿਚ ਪਟਿਆਲਾ ਟਰਾਂਸਪੋਰਟ ਵਿਭਾਗ ਦੇ ਮੁੱਖ ਦਫਤਰ ਵਿਖੇ ਪੂਨਮਪ੍ਰੀਤ ਕੌਰ ਨੂੰ ਪਟਿਆਲਾ ਆਰ. ਟੀ. ਏ. ਤਾਇਨਾਤ ਕੀਤਾ ਗਿਆ, ਉਥੇ ਹੀ ਆਰ. ਟੀ. ਓ. ਦਾ ਚਾਰਜ ਵੀ ਇਨ੍ਹਾਂ ਕੋਲ ਹੀ ਰਹੇਗਾ। ਚਾਰਜ ਸੰਭਾਲਣ ਮੌਕੇ ਪੂਨਮਪ੍ਰੀਤ ਕੌਰ ਨੂੰ ਸਟਾਫ ਨੇ ਫੁੱਲਾਂ ਦੇ ਬੁੱਕੇ ਦੇ ਕੇ ਜੀ ਆਇਆਂ ਨੂੰ ਆਖਿਆ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਲੋਕਾਂ ਦੇ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ, ਕਿਸੇ ਵੀ ਕੰਮ ਵਿਚ ਅਣਗਹਿਲੀ ਬਰਦਾਸ਼ਤ ਨਹੀਂ ਜਾਵੇਗੀ। ਸੀਟ ਉਪਰ ਕੰਮ ਕਰਨ ਵਾਲਿਆਂ ਦੀ ਜਿਮੇਵਾਰੀ ਤੈਅ ਹੋਵੇਗੀ ਤਾਂ ਜੋ ਲੋਕਾਂ ਦੀ ਖੱਜਲ ਖੁਆਰੀ ਨੂੰ ਰੋਕਿਆ ਜਾ ਸਕੇ। ਜਿਕਰਯੋਗ ਹੈ ਕਿ ਮੈਡਮ ਪੂਨਮਪ੍ਰੀਤ ਕੌਰ ਆਰ. ਟੀ. ਏ. ਲੁਧਿਆਣਾ ਤੋਂ ਬਦਲ ਕੇ ਪਟਿਆਲਾ ਵਿਖੇ ਤਾਇਨਾਤ ਕੀਤਾ ਗਿਆ ਹੈ। ਲਿਹਾਜ਼ਾ ਆਪਣੇ ਕੰਮ ਕਰਨ ਦੇ ਤਰੀਕੇ ਨਾਲ ਲੁਧਿਆਣਾ ਸਮੇਤ ਹੋਰਨਾਂ ਥਾਵਾਂ 'ਤੇ ਵੀ ਚਰਚਾ ਵਿਚ ਬਣੇ ਰਹਿਣ ਵਾਲੀ ਪੂਨਮਪ੍ਰੀਤ ਤੋਂ ਪਟਿਆਲਵੀਆਂ ਨੂੰ ਬਹੁਤ ਆਸਾਂ ਹਨ।




# ਪੰਜਾਬ ਦੇ ਸਮੂਹ ਸਮਾਜ ਸੇਵਕ ਇੱਕ ਮੰਚ 'ਤੇ ਇਕੱਠੇ ਹੋਣ: ਪ੍ਰੋ. ਬਡੂੰਗਰ

**ਪਟਿਆਲਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸੂਬੇ ਅੰਦਰ ਵੱਖ-ਵੱਖ ਖੇਤਰਾਂ ਵਿਚ ਸਮਾਜ ਸੇਵਾ ਵਿਚ ਅਹਿਮ ਭੂਮਿਕਾ ਨਿਭਾਉਣ ਵਾਲਿਆਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਦਿਆਂ ਕਿਹਾ ਕਿ ਕਿਸੇ ਵੀ ਰਾਜਨੀਤਿਕ ਪਾਰਟੀ ਨੇ ਸਮਾਜ ਸੇਵਕਾਂ ਦੀ ਕਦਰ ਨਹੀਂ ਪਾਈ। ਇਹ ਵਿਚਾਰ ਪ੍ਰੋ. ਬਡੂੰਗਰ ਨੇ ਮਿਸ਼ਨ ਲਾਲੀ ਤੇ ਹਰਿਆਲੀ ਦੇ ਮੋਢੀ ਅਤੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ ਨਾਲ ਗੈਰ-ਰਸਮੀ ਗੱਲਬਾਤ ਦੌਰਾਨ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਪਿਛਲੇ 20 ਸਾਲਾਂ ਤੋਂ ਖੂਨਦਾਨ ਕੈਂਪ ਲਾਉਣੇ, ਮੈਡੀਕਲ ਚੈਕਅੱਪ ਕੈਂਪ ਲਾਉਣੇ, ਅੱਖਾਂ ਦੇ ਚੈਕਅੱਪ ਕੈਂਪ ਲਾਉਣੇ, ਬੂਟੇ ਲਾਉਣੇ, ਵਾਤਾਵਰਣ ਪ੍ਰਦੂਸ਼ਣ ਅਤੇ ਨਸ਼ਿਆਂ ਖਿਲਾਫ, ਕੰਨਿਆ ਭਰੂਣ ਹੱਤਿਆ ਖਿਲਾਫ ਸਕੂਲੀ ਵਿਦਿਆਰਥੀਆਂ ਅਤੇ ਆਮ ਲੋਕਾਂ ਨੂੰ ਜਾਗਰੂਕ ਕਰਨ ਵਾਲੇ ਨੌਜਵਾਨਾਂ ਨੂੰ ਹਰ ਰਾਜਨੀਤਿਕ ਪਾਰਟੀ ਨੇ ਅੱਖੋਂ ਪਰੋਖੇ ਕੀਤਾ ਹੈ। ਪ੍ਰੋ. ਬਡੂੰਗਰ ਨੇ ਕਿਹਾ ਕਿ ਹਰਦੀਪ ਸਿੰਘ ਸਨੌਰ ਵਰਗੇ ਸਮਾਜ ਸੇਵਕਾਂ ਨੂੰ ਰਾਜਨੀਤਿਕ ਪਾਰਟੀਆਂ ਵੱਲੋਂ ਆਪਣੀ ਰਾਜ ਸੱਤਾ ਦੌਰਾਨ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਭਲਾਈ ਵਿਭਾਗ ਅਤੇ ਬੋਰਡਾਂ ਦੇ ਚੇਅਰਮੈਨ ਨਿਯੁਕਤ ਕਰਨਾ ਚਾਹੀਦਾ ਹੈ ਤਾਂ ਜੋ ਹੋਰਨਾਂ ਨੌਜਵਾਨਾਂ ਨੂੰ ਪ੍ਰੇਰਨਾ ਮਿਲ ਸਕੇ ਤੇ ਉਹ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਮਾਜ ਸੇਵੀ ਕਾਰਜਾਂ ਵਿਚ ਰੁਝੇ ਰਹਿਣ। ਉਨ੍ਹਾਂ ਕਿਹਾ ਕਿ ਸੂਬੇ ਵਿਚ ਸਮਾਜ ਸੇਵੀ ਗਤੀਵਿਧੀਆਂ ਕਰਨ ਵਾਲੇ ਸਮੂਹ ਸਮਾਜ ਸੇਵਕਾਂ ਨੂੰ ਇੱਕ ਮੰਚ 'ਤੇ ਇਕੱਠੇ ਹੋਣਾ ਚਾਹੀਦਾ ਹੈ ਅਤੇ ਆਪਣੀ ਵਿਚਾਰਕ ਸਾਂਝ ਮਜ਼ਬੂਤ ਕਰਨ ਫਿਰ ਉਸ ਤੋਂ ਬਾਅਦ ਰਾਜ ਸੱਤਾ ਮਗਰ ਭੱਜਦੀਆਂ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਨੂੰ ਇੱਕ ਮੰਚ 'ਤੇ ਇਕੱਠਾ ਕਰਕੇ ਸਮਾਜ ਸੇਵਕਾਂ ਦੀਆਂ ਮੰਗਾਂ ਉਨ੍ਹਾਂ ਅੱਗੇ ਰੱਖਣ। ਜਿਹੜੀ ਪਾਰਟੀ ਸੱਤਾ ਵਿਚ ਆਉਣ ਉਪਰੰਤ ਉਨ੍ਹਾਂ ਦੀਆਂ ਮੰਗਾਂ ਮੰਨਣ ਨੂੰ ਤਿਆਰ ਹੋਵੇ, ਉਸ ਨੂੰ ਸਮਰਥਨ ਦੇਣ ਜਾਂ ਉਸ ਵਿਚ ਸ਼ਾਮਲ ਹੋਣ ਨਹੀਂ ਤਾਂ ਫਿਰ ਆਪਣੀ ਹੀ ਇੱਕ ਵੱਖਰੀ ਪਾਰਟੀ ਬਣਾ ਕੇ ਲੋਕਾਂ ਤੋਂ ਫਤਵਾ ਲੈ ਕੇ ਖੁਦ ਰਾਜ ਸੱਤਾ ਵਿਚ ਆਉਣ ਤੇ ਫਿਰ ਮੁੜ ਤੋਂ ਲੋਕ ਸੇਵਾ ਦੇ ਸੰਕਲਪ ਨੂੰ ਲੈ ਕੇ ਲੋਕ ਭਲਾਈ ਦੀਆਂ ਯੋਜਨਾਵਾਂ ਉਲੀਕਣ ਤੇ ਲਾਗੂ ਕਰਨ। ਗੱਲਬਾਤ ਕਰਦਿਆਂ ਪ੍ਰੋ. ਬਡੂੰਗਰ ਨੇ ਸਾਰੀਆਂ ਹੀ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਦੀ ਸ਼ਬਦੀ ਲਾਹ-ਪਾਹ ਕੀਤੀ ਤਾਂ ਹਰਦੀਪ ਸਿੰਘ ਸਨੌਰ ਸਮੇਤ ਹਾਜ਼ਰੀਨ ਵੀ ਆਪਣਾ ਹਾਸਾ ਨਾ ਰੋਕ ਸਕੇ। ਪਰ ਹਕੀਕਤ ਨਾਲ ਬਾ-ਵਾਸਤਾ ਹੁੰਦਿਆਂ ਦੇਖ ਹਰਦੀਪ ਸਿੰਘ ਸਨੌਰ ਨੇ ਜਲਦ ਹੀ ਪੰਜਾਬ ਪੱਧਰ 'ਤੇ ਸਰਗਰਮ ਆਗੂਆਂ ਦੀ ਮੀਟਿੰਗ ਕਰਨ ਦਾ ਭਰੋਸਾ ਦਿੱਤਾ।



# 80 ਲੀਟਰ ਲਾਹਣ ਸਮੇਤ ਮੁਲਜ਼ਮ ਕਾਬੂ

**ਸਮਾਣਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਦਰ ਪੁਲਿਸ ਨੇ ਇੱਕ ਵਿਅਕਤੀ ਨੂੰ 80 ਲੀਟਰ ਲਾਹਣ ਸਮੇਤ ਕਾਬੂ ਕਰਕੇ ਉਸ ਖ਼ਿਲਾਫ਼ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ।ਮੁਲਜ਼ਮ ਦੀ ਪਛਾਣ ਸਤਨਾਮ ਸਿੰਘ ਵਾਸੀ ਪਿੰਡ ਤਲਵੰਡੀ ਮਲਿਕ ਵਜੋਂ ਹੋਈ ਹੈ।

ਸਦਰ ਪੁਲਿਸ ਇੰਚਾਰਜ ਅਜੇ ਕੁਮਾਰ ਪਰੋਚਾ ਨੇ ਦੱਸਿਆ ਕਿ ਏ.ਐੱਸ.ਆਈ. ਰਾਜ ਕੁਮਾਰ ਸ਼ਰਮਾ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਬੱਸ ਅੱਡਾ ਕੁਲਾਰਾਂ ਵਿਖੇ ਮੌਜੂਦ ਸਨ।ਉਨ੍ਹਾਂ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਨਾਜਾਇਜ਼ ਸ਼ਰਾਬ ਕੱਢ ਕੇ ਵੇਚਣ ਦਾ ਆਦੀ ਹੈ ਅਤੇ ਉਸ ਨੇ ਨਾਜਾਇਜ਼ ਸ਼ਰਾਬ ਤਿਆਰ ਕਰਨ ਲਈ ਘਰ ਵਿੱਚ ਲਾਹਣ ਛੁਪਾ ਕੇ ਰੱਖੀ ਹੋਈ ਹੈ। ਪੁਲਿਸ ਪਾਰਟੀ ਨੇ ਤੁਰੰਤ ਕਾਰਵਾਈ ਕਰਦਿਆਂ ਜਦੋਂ ਰੇਡ ਕੀਤੀ, ਤਾਂ ਘਰ ਦੇ ਬਾਥਰੂਮ ਵਿੱਚੋਂ 80 ਲੀਟਰ ਲਾਹਣ ਬਰਾਮਦ ਹੋਈ, ਜਿਸ ਤੋਂ ਬਾਅਦ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ, ਮੁਲਜ਼ਮ ਨੂੰ ਮਾਨਯੋਗ ਅਦਾਲਤ ਦੇ ਹੁਕਮਾਂ 'ਤੇ ਜੇਲ੍ਹ ਭੇਜ ਦਿੱਤਾ ਗਿਆ ਹੈ।

# ਕੋਰ ਆਫ ਸਿਗਨਲਜ਼ ਦੀ ਵੀਲ੍ਹਜ਼ ਆਫ ਵੈਲਰ ਰੈਲੀ PPS ਨਾਭਾ ਪਹੁੰਚੀ



**ਨਾਭਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਫੌਜ ਦੀ ਕੋਰ ਆਫ ਸਿਗਨਲਜ਼ ਵੱਲੋਂ 116ਵੇਂ ਸਥਾਪਨਾ ਦਿਵਸ ਦੇ ਉਪਲੱਖ ਵਿੱਚ ਆਯੋਜਿਤ ਵੀਲਜ਼ ਆਫ ਵੈਲਰ: ਨੈੱਟਵਰਕਿੰਗ ਵਿਦ ਰੂਟਸ ਮੋਟਰਸਾਈਕਲ ਅਭਿਆਨ ਅੱਜ ਪੰਜਾਬ ਪਬਲਿਕ ਸਕੂਲ ਨਾਭਾ ਪਹੁੰਚਿਆ। ਇਸ ਅਭਿਆਨ ਦਾ ਮਕਸਦ ਨੌਜਵਾਨਾਂ ਨੂੰ ਪ੍ਰੇਰਿਤ ਕਰਨਾ, ਫੌਜ-ਨਾਗਰਿਕ ਸੰਬੰਧ ਮਜ਼ਬੂਤ ਕਰਨਾ ਅਤੇ ਸਮਾਜ ਨਾਲ ਸੰਪਰਕ ਵਧਾਉਣਾ ਹੈ।

14 ਦਿਨਾਂ ਦਾ ਇਹ ਅਭਿਆਨ, ਹਿਸਾਰ, ਅੰਮ੍ਰਿਤਸਰ, ਚੰਡੀਗੜ੍ਹ, ਦੇਹਰਾਦੂਨ, ਮੇਰਠ ਅਤੇ ਫਾਜਿਲਕਾ ਵਰਗੇ ਸਰਹੱਦੀ ਇਲਾਕਿਆਂ ਰਾਹੀਂ ਗੁਜ਼ਰ ਰਿਹਾ ਹੈ।

ਕਰਨਲ ਰਾਜੀਵ ਕੁਮਾਰ ਦੀ ਅਗਵਾਈ ਹੇਠ 18 ਮੈਂਬਰਾਂ ਦੀ ਟੀਮ ਵਿੱਚ ਤਿੰਨ ਮਹਿਲਾ ਅਧਿਕਾਰੀ ਵੀ ਸ਼ਾਮਲ ਹਨ, ਜੋ ਭਾਰਤੀ ਫੌਜ ਵਿੱਚ ਮਹਿਲਾਵਾਂ ਦੀ ਵਧਦੀ ਭੂਮਿਕਾ ਅਤੇ ਮਹਿਲਾ ਸਸ਼ਕਤੀਕਰਨ ਦਾ ਮਜ਼ਬੂਤ ਸੰਦੇਸ਼ ਦੇ ਰਹੀਆਂ ਹਨ। ਉਨ੍ਹਾਂ ਦੀ ਭਾਗੀਦਾਰੀ ਨਾਲ ਵਿਦਿਆਰਥਣਾਂ ਵਿੱਚ ਖਾਸ ਉਤਸ਼ਾਹ ਦੇਖਣ ਨੂੰ ਮਿਲਿਆ।

PPS ਨਾਭਾ ਵਿੱਚ ਵਿਦਿਆਰਥੀਆਂ ਨੂੰ ਭਾਰਤੀ ਫੌਜ ਵਿੱਚ ਕਰੀਅਰ ਦੇ ਮੌਕੇ, ਅਨੁਸ਼ਾਸਨ, ਤਕਨੀਕੀ ਯੋਗਤਾ ਅਤੇ ਦੇਸ਼ ਸੇਵਾ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ। ਰੈਲੀ ਟੀਮ ਨੇ ਨੌਜਵਾਨਾਂ ਨੂੰ ਰਾਸ਼ਟਰ ਨਿਰਮਾਣ ਵਿੱਚ ਯੋਗਦਾਨ ਪਾਉਣ ਅਤੇ ਸਸ਼ਸਤ੍ਰ ਬਲਾਂ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ।

# ਐੱਮ.ਐੱਸ.ਪੀ. ਤੋਂ ਹੇਠਾਂ ਡਿੱਗੀਆਂ ਫਸਲਾਂ ਦੀਆਂ ਕੀਮਤਾਂ, ਕਿਸਾਨਾਂ ਦੀਆਂ ਨਜ਼ਰਾਂ ਸਰਕਾਰ ਦੀ ਖਰੀਦ ਨੀਤੀ 'ਤੇ ਟਿਕੀਆਂ

ਕੌਮੀ ਪਤ੍ਰਿਕਾ

ਬਿਜ਼ਨੈੱਸ ਡੈਸਕ 25 ਫਰਵਰੀ। ਭਾਰਤ-ਅਮਰੀਕਾ ਅੰਤ੍ਰਿਮ ਵਪਾਰ ਸਮਝੌਤੇ ਦੇ ਐਲਾਨ ਤੋਂ ਬਾਅਦ ਖੇਤੀਬਾੜੀ ਬਾਜ਼ਾਰ 'ਚ ਉਥਲ-ਪੁਥਲ ਮਚ ਗਈ ਹੈ। ਕਪਾਹ, ਸੋਇਆਬੀਨ ਅਤੇ ਮੱਕੀ ਵਰਗੀਆਂ ਪ੍ਰਮੁੱਖ ਫਸਲਾਂ ਦੀਆਂ ਕੀਮਤਾਂ ਉਨ੍ਹਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮ. ਐੱਸ. ਪੀ.) ਤੋਂ ਹੇਠਾਂ ਚਲੀਆਂ ਗਈਆਂ ਹਨ। ਵਪਾਰੀਆਂ ਦਾ ਕਹਿਣਾ ਹੈ ਕਿ ਅਮਰੀਕਾ ਤੋਂ ਇਨ੍ਹਾਂ ਖੇਤੀ ਵਸਤਾਂ ਦੀ ਦਰਾਮਦ 'ਚ ਸੰਭਾਵੀ ਵਾਧੇ ਦੇ ਸੰਕੇਤਾਂ ਨੇ ਬਾਜ਼ਾਰ ਨੂੰ ਪਹਿਲਾਂ ਹੀ ਦਬਾਅ 'ਚ ਲਿਆ ਦਿੱਤਾ ਹੈ। ਕੁਲ ਮਿਲਾ ਕੇ ਭਾਰਤ-ਅਮਰੀਕਾ ਵਪਾਰ ਸਮਝੌਤੇ ਤੋਂ ਬਾਅਦ ਖੇਤੀਬਾੜੀ ਬਾਜ਼ਾਰ 'ਚ ਆਈ ਇਹ ਗਿਰਾਵਟ ਕਿਸਾਨਾਂ ਲਈ ਚਿੰਤਾ ਦਾ ਕਾਰਨ ਬਣ ਗਈ ਹੈ। ਹੁਣ ਕਿਸਾਨਾਂ ਦੀਆਂ ਨਜ਼ਰਾਂ ਸਰਕਾਰ ਦੀ ਖਰੀਦ ਨੀਤੀ ਅਤੇ ਸੰਭਾਵੀ ਰਾਹਤ ਉਪਾਵਾਂ 'ਤੇ ਟਿਕੀਆਂ ਹੋਈਆਂ ਹਨ। ਇਕ ਮੀਡੀਆ ਰਿਪੋਰਟ ਮੁਤਾਬਕ ਵਪਾਰ ਸਮਝੌਤੇ ਤੋਂ ਬਾਅਦ ਇਹ ਸੰਕੇਤ ਮਿਲ ਰਹੇ ਹਨ ਕਿ ਆਉਣ ਵਾਲੇ ਹਫਤਿਆਂ 'ਚ ਅਮਰੀਕੀ ਖੇਤੀ ਉਤਪਾਦਾਂ ਦੀ ਸਪਲਾਈ ਵਧ ਸਕਦੀ ਹੈ। ਇਸੇ ਖਦਸ਼ੇ ਕਾਰਨ ਕੀਮਤਾਂ 'ਚ ਅਚਾਨਕ ਗਿਰਾਵਟ ਦੇਖੀ ਗਈ ਹੈ। ਇਹ ਗਿਰਾਵਟ ਹਾੜੀ ਦੀਆਂ ਫਸਲਾਂ ਕਣਕ, ਸਰ੍ਹੋਂ ਅਤੇ ਛੋਲਿਆਂ ਦੀਆਂ ਪਹਿਲਾਂ ਤੋਂ ਹੀ ਨਰਮ ਕੀਮਤਾਂ ਨਾਲ ਜੁੜ ਗਈ ਹੈ, ਜਿੱਥੇ ਚੰਗੀ ਪੈਦਾਵਾਰ ਅਤੇ ਉੱਚੇ ਵਪਾਰ ਸਟਾਕ ਬਾਜ਼ਾਰ 'ਤੇ ਦਬਾਅ ਬਣਾ ਰਹੇ ਹਨ। ਵਿਸ਼ਲੇਸ਼ਕਾਂ ਮੁਤਾਬਕ ਫਿਲਹਾਲ ਕਈ ਖੇਤੀ ਜਿਣਸਾਂ ਦੀਆਂ ਕੀਮਤਾਂ ਆਪਣੇ ਬੈਂਚਮਾਰਕ ਐੱਮ. ਐੱਸ. ਪੀ. ਤੋਂ 3 ਤੋਂ 9 ਫੀਸਦੀ ਹੇਠਾਂ ਚੱਲ ਰਹੀਆਂ ਹਨ। ਇਸ ਨਾਲ ਕਿਸਾਨਾਂ ਦੀ ਆਮਦਨ 'ਤੇ ਉਲਟ ਅਸਰ ਪੈਣ ਦਾ ਖਦਸ਼ਾ ਹੈ, ਖਾਸ ਕਰ ਕੇ ਅਜਿਹੇ ਬਾਜ਼ਾਰ 'ਚ ਜਿੱਥੇ ਵਪਾਰ ਦੀਆਂ ਸ਼ਰਤਾਂ ਅਕਸਰ ਕਿਸਾਨਾਂ ਦੇ ਪੱਖ 'ਚ ਨਹੀਂ ਹੁੰਦੀਆਂ। ਲੰਬੇ ਰੇਸ਼ੇ ਵਾਲੀ ਕਪਾਹ ਦੀਆਂ ਕੀਮਤਾਂ ਇਸ ਸਮੇਂ ਕਰੀਬ 7,200 ਰੁਪਏ ਪ੍ਰਤੀ ਕੁਇੰਟਲ ਹਨ, ਜਦੋਂਕਿ ਇਸ ਦਾ ਐੱਮ. ਐੱਸ. ਪੀ. 8,110 ਰੁਪਏ ਹੈ। ਵਪਾਰ ਸਮਝੌਤੇ ਦੇ ਐਲਾਨ ਤੋਂ ਤੁਰੰਤ ਬਾਅਦ ਮਹਾਰਾਸ਼ਟਰ 'ਚ ਕਪਾਹ ਦੇ ਭਾਅ 6,700 ਰੁਪਏ ਪ੍ਰਤੀ ਕੁਇੰਟਲ ਤੱਕ ਡਿੱਗ ਗਏ ਸਨ, ਹਾਲਾਂਕਿ ਬਾਅਦ 'ਚ ਇਨ੍ਹਾਂ 'ਚ ਮਾਮੂਲੀ ਸੁਧਾਰ ਹੋਇਆ। ਮਹਾਰਾਸ਼ਟਰ ਦੇ ਕਿਸਾਨ ਆਗੂ ਅਤੇ ਸੁਤੰਤਰ ਭਾਰਤ ਪਾਰਟੀ ਦੇ ਪ੍ਰਧਾਨ ਅਨਿਲ ਘਨਵਟ ਦੇ ਹਵਾਲੇ ਨਾਲ ਰਿਪੋਰਟ 'ਚ ਕਿਹਾ ਗਿਆ ਹੈ ਕਿ ਸਮਝੌਤੇ ਤੋਂ ਬਾਅਦ ਸੋਇਆਬੀਨ ਦੀਆਂ ਕੀਮਤਾਂ 'ਚ 500 ਤੋਂ 800 ਰੁਪਏ ਪ੍ਰਤੀ ਕੁਇੰਟਲ ਤੱਕ ਦੀ ਗਿਰਾਵਟ ਆਈ ਹੈ। ਉਨ੍ਹਾਂ ਕਿਹਾ ਕਿ ਜ਼ੀਰੋ ਡਿਊਟੀ 'ਤੇ ਵੱਡੇ ਪੱਧਰ 'ਤੇ ਦਰਾਮਦ ਦੇ ਖਦਸ਼ੇ ਅਤੇ ਸਮਝੌਤੇ ਦੀਆਂ ਸ਼ਰਤਾਂ 'ਤੇ ਸਪੱਸ਼ਟਤਾ ਦੀ ਘਾਟ ਨੇ ਬਾਜ਼ਾਰ ਨੂੰ ਕਮਜ਼ੋਰ ਕੀਤਾ ਹੈ। ਭਾਰਤ ਅਤੇ ਅਮਰੀਕਾ ਦੇ ਸਾਂਝੇ ਬਿਆਨ ਅਨੁਸਾਰ ਭਾਰਤ ਨੇ ਕਈ ਅਮਰੀਕੀ ਖੇਤੀ ਉਤਪਾਦਾਂ ਜਿਵੇਂ ਸੋਇਆਬੀਨ ਤੇਲ, ਪਸ਼ੂ ਖੁਰਾਕ ਲਈ ਲਾਲ ਜਵਾਰ, ਟ?ਰੀ ਨਟਸ, ਫਲ, ਵਾਈਨ ਅਤੇ ਸਪਿਰਿਟ 'ਤੇ ਟੈਰਿਫ ਘੱਟ ਜਾਂ ਖਤਮ ਕਰਨ 'ਤੇ ਸਹਿਮਤੀ ਪ੍ਰਗਟਾਈ ਹੈ। ਅਮਰੀਕੀ ਫੈਕਟਸ਼ੀਟ 'ਚ ਕਪਾਹ ਅਤੇ ਕੁਝ ਦਾਲਾਂ ਦਾ ਵੀ ਜ਼ਿਕਰ ਸੀ, ਹਾਲਾਂਕਿ ਬਾਅਦ 'ਚ ਦਾਲਾਂ ਨੂੰ ਸੂਚੀ 'ਚੋਂ ਹਟਾ ਦਿੱਤਾ ਗਿਆ। ਖਰੜੇ 'ਚ ਵਾਧੂ-ਲੰਬੇ ਰੇਸ਼ੇ ਵਾਲੀ ਕਪਾਹ 'ਤੇ ਡਿਊਟੀ ਕਟੌਤੀ ਜਾਂ ਡਿਊਟੀ-ਫ?ਰੀ ਦਰਾਮਦ ਦਾ ਪ੍ਰਬੰਧ ਦੱਸਿਆ ਗਿਆ ਹੈ। ਕਪਾਹ ਵਪਾਰੀਆਂ ਅਤੇ ਤੇਲ ਬੀਜ ਉਤਪਾਦਕਾਂ ਦਾ ਕਹਿਣਾ ਹੈ ਕਿ ਉਹ ਡਿਊਟੀ ਰਿਆਇਤਾਂ ਦੀ ਅਸਲ ਹੱਦ ਅਤੇ ਘੇਰੇ ਬਾਰੇ ਸਪੱਸ਼ਟਤਾ ਦੀ ਉਡੀਕ ਕਰ ਰਹੇ ਹਨ। ਮਾਹਿਰਾਂ ਅਨੁਸਾਰ ਟੈਰਿਫ ਰਿਆਇਤਾਂ ਸੰਭਵ ਤੌਰ 'ਤੇ ਟੈਰਿਫ ਰੇਟ ਕੋਟਾ (ਟੀ. ਆਰ. ਕਿਊ.) ਤਹਿਤ ਦਿੱਤੀਆਂ ਜਾ ਸਕਦੀਆਂ ਹਨ। ਫਿਲਹਾਲ ਭਾਰਤ ਅਮਰੀਕਾ ਤੋਂ ਕਰੀਬ 2 ਲੱਖ ਟਨ ਸੋਇਆਬੀਨ ਤੇਲ ਦਰਾਮਦ ਕਰਦਾ ਹੈ, ਜੋ ਕੁਲ ਦਰਾਮਦ ਦਾ ਲੱਗਭਗ 5 ਫੀਸਦੀ ਹੈ। ਇਸ 'ਤੇ ਅਜੇ 16.5 ਫੀਸਦੀ ਡਿਊਟੀ ਲੱਗਦੀ ਹੈ। ਉੱਥੇ ਹੀ 2025 'ਚ ਅਮਰੀਕਾ ਤੋਂ ਕਪਾਹ ਦੀ ਦਰਾਮਦ ਪਿਛਲੇ ਸਾਲ ਦੇ ਮੁਕਾਬਲੇ ਲੱਗਭਗ ਦੁੱਗਣੀ ਹੋ ਚੁੱਕੀ ਹੈ। ਵਣਜ ਸਕੱਤਰ ਰਾਜੇਸ਼ ਅਗਰਵਾਲ ਨੇ ਕਿਹਾ ਕਿ ਅਮਰੀਕਾ ਇਸ ਹਫਤੇ ਭਾਰਤ 'ਤੇ ਰੈਸੀਪ੍ਰੋਕਲ ਟੈਰਿਫ ਨੂੰ 25 ਤੋਂ ਘਟਾ ਕੇ 18 ਫੀਸਦੀ ਕਰਨ ਦੀ ਉਮੀਦ ਕਰ ਰਿਹਾ ਹੈ। ਭਾਰਤੀ ਅਧਿਕਾਰੀ ਅਗਲੇ ਹਫਤੇ ਅਮਰੀਕਾ ਜਾ ਕੇ ਅੰਤ੍ਰਿਮ ਸਮਝੌਤੇ ਦੇ ਕਾਨੂੰਨੀ ਖਰੜੇ ਨੂੰ ਅੰਤਿਮ ਰੂਪ ਦੇਣਗੇ, ਜਿਸ ਦੇ ਨਾਲ ਹੀ ਭਾਰਤ ਦੀ ਟੈਰਿਫ ਕਟੌਤੀ ਵੀ ਲਾਗੂ ਹੋ ਜਾਵੇਗੀ। ਤਾਮਿਲਨਾਡੂ ਕਿਸਾਨ ਸੰਘ ਨੇ ਐੱਮ. ਐੱਸ. ਪੀ. ਤੋਂ ਹੇਠਾਂ ਚੱਲ ਰਹੀਆਂ ਮੱਕੀ ਦੀਆਂ ਕੀਮਤਾਂ ਨੂੰ ਦੇਖਦੇ ਹੋਏ ਕੇਂਦਰ ਤੋਂ ਖਰੀਦ ਦੀ ਮੰਗ ਕੀਤੀ ਹੈ। ਦੂਜੇ ਪਾਸੇ ਛੋਲਿਆਂ ਦੀਆਂ ਕੀਮਤਾਂ ਸ਼ੁਰੂਆਤੀ ਆਮਦ ਦੇ ਨਾਲ ਹੀ ਐੱਮ. ਐੱਸ. ਪੀ. ਤੋਂ 9 ਫੀਸਦੀ ਹੇਠਾਂ ਚੱਲ ਰਹੀਆਂ ਹਨ। ਭਾਰੀ ਦਰਾਮਦ ਅਤੇ ਬੰਪਰ ਪੈਦਾਵਾਰ ਦੀ ਉਮੀਦ ਨੇ ਬਾਜ਼ਾਰ ਨੂੰ ਕਮਜ਼ੋਰ ਕੀਤਾ ਹੈ।



## ਸਾਬਕਾ ਮੁੱਖ ਸਕੱਤਰ ਦੀਆਂ ਵਧੀਆਂ ਮੁਸ਼ਕਲਾਂ, ਕੇਂਦਰ ਵੱਲੋਂ ਭ੍ਰਿਸ਼ਟਾਚਾਰ ਮਾਮਲੇ 'ਚ ਮੁਕੱਦਮਾ ਚਲਾਉਣ ਦੀ ਮਨਜ਼ੂਰੀ

ਨਵੀਂ ਦਿੱਲੀ/ਚੰਡੀਗੜ੍ਹ 25 ਫਰਵਰੀ। ਕੇਂਦਰ ਸਰਕਾਰ ਨੇ ਪੰਜਾਬ ਦੇ ਸਾਬਕਾ ਮੁੱਖ ਸਕੱਤਰ ਵਿਜੇ ਕੁਮਾਰ ਜੰਜੂਆ ਦੇ ਖ਼?ਲਾਫ਼ ਸਾਲ 2009 ਦੇ ਇੱਕ ਰਿਸ਼ਵਤਖੋਰੀ ਮਾਮਲੇ ਵਿੱਚ ਮੁਕੱਦਮਾ ਚਲਾਉਣ ਦੀ ਰਸਮੀ ਮਨਜ਼ੂਰੀ ਦੇ ਦਿੱਤੀ ਹੈ। ਭਾਰਤ ਸਰਕਾਰ ਦੇ ਪ੍ਰਸੋਨਲ ਅਤੇ ਟ?ਰੇਨਿੰਗ ਵਿਭਾਗ ਵੱਲੋਂ 11 ਫਰਵਰੀ 2026 ਨੂੰ ਜਾਰੀ ਕੀਤੇ ਗਏ ਹੁਕਮਾਂ ਅਨੁਸਾਰ, ਜੰਜੂਆ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ, 1988 ਦੀ ਧਾਰਾ 19 ਤਹਿਤ ਕਾਰਵਾਈ ਕੀਤੀ ਜਾਵੇਗੀ। ਇਹ ਮਾਮਲਾ 9 ਨਵੰਬਰ 2009 ਦਾ ਹੈ, ਜਦੋਂ ਵਿਜੇ ਕੁਮਾਰ ਜੰਜੂਆ ਪੰਜਾਬ ਦੇ ਉਦਯੋਗ ਅਤੇ ਕਾਮਰਸ ਵਿਭਾਗ ਵਿੱਚ ਡਾਇਰੈਕਟਰ-ਕਮ-ਸਕੱਤਰ ਵਜੋਂ ਤਾਇਨਾਤ ਸਨ। ਲੁਧਿਆਣਾ ਦੇ ਇੱਕ ਉਦਯੋਗਪਤੀ ਤੁਲਸੀ ਰਾਮ ਮਿਸ਼ਰਾ ਨੇ ਸ਼ਿਕਾਇਤ ਕੀਤੀ ਸੀ ਕਿ ਜੰਜੂਆ ਨੇ ਉਨ੍ਹਾਂ ਦੇ ਪਲਾਟ ਦੇ ਨਾਲ ਲੱਗਦੀ ਖਾਲੀ ਜ਼ਮੀਨ ਅਲਾਟ ਕਰਨ ਬਦਲੇ 6 ਲੱਖ ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ ਸੀ। ਸ਼ਿਕਾਇਤਕਰਤਾ ਅਨੁਸਾਰ, ਜੰਜੂਆ ਨੇ ਸਪੱਸ਼ਟ ਕੀਤਾ ਸੀ ਕਿ ਜੇਕਰ ਰਿਸ਼ਵਤ ਨਹੀਂ ਦਿੱਤੀ ਗਈ ਤਾਂ ਉਸ ਦਾ ਜਾਇਜ਼ ਕੰਮ ਵੀ ਲਟਕਦਾ ਰਹੇਗਾ। ਪੰਜਾਬ ਵਿਜੀਲੈਂਸ ਬਿਊਰੋ ਨੇ ਸ਼ਿਕਾਇਤ ਦੇ ਆਧਾਰ 'ਤੇ ਜਾਲ ਵਿਛਾਇਆ ਅਤੇ 9 ਨਵੰਬਰ 2009 ਨੂੰ ਜੰਜੂਆ ਨੂੰ ਉਨ੍ਹਾਂ ਦੇ ਚੰਡੀਗੜ੍ਹ ਸਥਿਤ ਦਫ਼ਤਰ (ਉਦਯੋਗ ਭਵਨ) ਵਿੱਚ 2 ਲੱਖ ਰੁਪਏ ਦੀ ਪਹਿਲੀ ਕਿਸ਼ਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਸੀ। ਜਾਂਚ ਦੌਰਾਨ ਜਦੋਂ ਉਨ੍ਹਾਂ ਦੇ ਹੱਥ ਸੋਡੀਅਮ ਕਾਰਬੋਨੇਟ ਦੇ ਘੋਲ ਵਿੱਚ ਪੁਆਏ ਗਏ ਤਾਂ ਘੋਲ ਦਾ ਰੰਗ ਗੁਲਾਬੀ ਹੋ ਗਿਆ, ਜੋ ਰਿਸ਼ਵਤ ਦੇ ਨੋਟਾਂ ਨੂੰ ਹੱਥ ਲਗਾਉਣ ਦਾ ਪੁਖਤਾ ਸਬੂਤ ਸੀ। ਤਲਾਸ਼ੀ ਦੌਰਾਨ ਰਿਸ਼ਵਤ ਦੀ ਰਕਮ ਜੰਜੂਆ ਦੇ ਮੇਜ਼ ਦੀ ਦਰਾਜ਼ ਵਿੱਚੋਂ ਬਰਾਮਦ ਕੀਤੀ ਗਈ ਸੀ। ਇਸ ਮਾਮਲੇ 'ਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ 15 ਸਤੰਬਰ 2023 ਦੇ ਹੁਕਮਾਂ ਅਤੇ ਪੰਜਾਬ ਸਰਕਾਰ ਦੀ ਤਜਵੀਜ਼ ਤੋਂ ਬਾਅਦ ਕੇਂਦਰ ਸਰਕਾਰ ਨੇ ਹੁਣ ਇਸ ਮਾਮਲੇ ਵਿੱਚ ਮੁਕੱਦਮਾ ਚਲਾਉਣ ਦੀ ਇਜਾਜ਼ਤ ਦਿੱਤੀ ਹੈ। ਕੇਂਦਰੀ ਵਿਜੀਲੈਂਸ ਕਮਿਸ਼ਨ (3ਂ3) ਦੀ ਸਲਾਹ ਅਤੇ ਜਾਂਚ ਰਿਪੋਰਟਾਂ ਦੇ ਗੰਭੀਰ ਅਧਿਐਨ ਤੋਂ ਬਾਅਦ ਇਹ ਫੈਸਲਾ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਵਿਜੇ ਕੁਮਾਰ ਜੰਜੂਆ ਪੰਜਾਬ ਦੇ ਮੁੱਖ ਸਕੱਤਰ ਦੇ ਅਹੁਦੇ ਤੋਂ ਸੇਵਾਮੁਕਤ ਹੋ ਚੁੱਕੇ ਹਨ, ਪਰ ਹੁਣ ਉਨ੍ਹਾਂ ਨੂੰ ਇਸ ਪੁਰਾਣੇ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਅਦਾਲਤੀ ਕਟਹਿਰੇ ਵਿੱਚ ਖੜ੍ਹਨਾ ਪਵੇਗਾ।




## ਪੋਕਸੋ ਐਕਟ ਤਹਿਤ ਅਦਾਲਤ ਦਾ ਵੱਡਾ ਫੈਸਲਾ; ਜਬਰ-ਜ਼ਨਾਹ ਦੇ ਮੁਲਜ਼ਮ ਨੂੰ ਸੁਣਾਈ 20 ਸਾਲ ਦੀ ਕੈਦ

ਅੰਮ੍ਰਿਤਸਰ 25 ਫਰਵਰੀ। ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ (ਫਾਸਟ ਟ?ਰੈਕ ਸਪੈਸ਼ਲ ਕੋਰਟ) ਅੰਮ੍ਰਿਤਸਰ ਦੀ ਅਦਾਲਤ ਨੇ ਮੁਲਜ਼ਮ ਸੌਰਵ ਸ਼ਰਮਾ ਪੁੱਤਰ ਅਸ਼ੋਕ ਸ਼ਰਮਾ ਵਾਸੀ ਗੁਰੂ ਨਾਨਕਪੁਰਾ, ਕੋਟ ਖਾਲਸਾ ਨੂੰ ਐੱਫ.ਆਈ.ਆਰ. ਨੰਬਰ 29/2024, ਥਾਣਾ ਇਸਲਾਮਾਬਾਦ ਅਧੀਨ 376 ਆਈ.ਪੀ.ਸੀ. ਅਤੇ 6 ਪੋਕਸੋ ਐਕਟ ਵਿਚ ਦੋਸ਼ੀ ਠਹਿਰਾਉਂਦੇ ਹੋਏ 20 ਸਾਲ ਦੀ ਕੈਦ ਅਤੇ 40 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਜੱਜਮੈਂਟ ਅਨੁਸਾਰ 18 ਜਨਵਰੀ 2024 ਨੂੰ ਪੀੜਤਾ ਆਪਣੇ ਘਰ ਵਿਚ ਇਕੱਲੀ ਸੀ। ਮੁਲਜ਼ਮ ਉਸ ਦੇ ਗੁਆਂਢ ਵਿਚ ਰਹਿੰਦਾ ਸੀ ਅਤੇ ਉਸ ਦਾ ਘਰ ਆਉਣਾ-ਜਾਣਾ ਸੀ, ਕਿਉਂਕਿ ਉਸ ਦੇ ਪੀੜਤਾ ਨਾਲ ਭਰਾ-ਭੈਣ ਵਰਗੇ ਸਬੰਧ ਸਨ। ਇਕ ਦਿਨ ਮੁਲਜ਼ਮ ਉਸ ਦੇ ਘਰ ਆਇਆ ਅਤੇ ਉਸ ਨੂੰ ਪ੍ਰਸ਼ਾਦ ਦਿੱਤਾ। ਪ੍ਰਸ਼ਾਦ ਖਾਣ ਤੋਂ ਬਾਅਦ ਪੀੜਤਾ ਬੇਹੋਸ਼ ਹੋ ਗਈ। ਜਦੋਂ ਉਸ ਨੂੰ ਹੋਸ਼ ਆਇਆ ਤਾਂ ਉਸ ਨੇ ਆਪਣੇ ਆਪ ਨੂੰ ਬਿਨਾਂ ਕੱਪੜਿਆਂ ਦੇ ਪਾਇਆ ਅਤੇ ਮੁਲਜ਼ਮ ਵੀ ਨਗਨ ਹਾਲਤ ਵਿਚ ਸੀ। ਮੁਲਜ਼ਮ ਨੇ ਪੀੜਤਾ ਦੀਆਂ ਅਸ਼ਲੀਲ ਫੋਟੋਆਂ ਖਿੱਚ ਲਈਆਂ ਅਤੇ ਉਨ੍ਹਾਂ ਨੂੰ ਵਾਇਰਲ ਕਰਨ ਦੀਆਂ ਧਮਕੀਆਂ ਦੇ ਕੇ ਉਸ ਨਾਲ ਕਈ ਵਾਰ ਜਬਰ-ਜ਼ਿਨਾਹ ਕੀਤਾ। ਅਦਾਲਤ ਨੇ ਇਸ ਸਖ਼ਤ ਸਜ਼ਾ ਰਾਹੀਂ ਸਮਾਜ ਨੂੰ ਇਹ ਸੰਦੇਸ਼ ਦਿੱਤਾ ਹੈ ਕਿ ਅਜਿਹੇ ਘਿਨਾਉਣੇ ਅਪਰਾਧ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਤਾਂ ਜੋ ਭਵਿੱਖ ਵਿਚ ਅਜਿਹੀ ਕੋਈ ਘਟਨਾ ਨਾ ਵਾਪਰੇ।

## ਹਾਈਵੇਅ 'ਤੇ ਸਫ਼ਰ ਕਰਨ ਵਾਲਿਆਂ ਲਈ ਅਹਿਮ ਖ਼ਬਰ, ਟੋਲ ਪਲਾਜ਼ਿਆਂ 'ਤੇ ਹੁਣ ਨਹੀਂ ਚੱਲੇਗਾ ਕੈਸ਼ !

ਨੈਸ਼ਨਲ ਡੈਸਕ 25 ਫਰਵਰੀ। ਦੇਸ਼ ਦੇ ਰਾਸ਼ਟਰੀ ਰਾਜਮਾਰਗਾਂ 'ਤੇ ਸਫ਼ਰ ਕਰਨ ਵਾਲਿਆਂ ਲਈ ਇੱਕ ਵੱਡੀ ਅਤੇ ਅਹਿਮ ਖ਼ਬਰ ਹੈ। ਭਾਰਤੀ ਰਾਸ਼ਟਰੀ ਰਾਜਮਾਰਗ ਅਥਾਰਟੀ ਦੇਸ਼ ਵਿੱਚ ਡਿਜੀਟਲ ਟੋਲਿੰਗ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦੀ ਤਿਆਰੀ ਕਰ ਰਹੀ ਹੈ। ਇਸ ਯੋਜਨਾ ਤਹਿਤ 1 ਅਪ੍ਰੈਲ 2026 ਤੋਂ ਰਾਸ਼ਟਰੀ ਰਾਜਮਾਰਗਾਂ ਦੇ ਟੋਲ ਪਲਾਜ਼ਿਆਂ 'ਤੇ ਨਕਦ ਭੁਗਤਾਨ ਪੂਰੀ ਤਰ੍ਹਾਂ ਬੰਦ ਕੀਤਾ ਜਾ ਸਕਦਾ ਹੈ। ਇਸ ਤੋਂ ਬਾਅਦ ਟੋਲ ਦਾ ਭੁਗਤਾਨ ਸਿਰਫ਼ ਵਰਗੇ ਡਿਜੀਟਲ ਮਾਧਿਅਮਾਂ ਰਾਹੀਂ ਹੀ ਹੋਵੇਗਾ। ਜਾਮ ਅਤੇ ਵਿਵਾਦਾਂ ਤੋਂ ਮਿਲੇਗੀ ਨਿਜਾਤ ਦੇ ਇਸ ਕਦਮ ਦਾ ਮੁੱਖ ਉਦੇਸ਼ ਟੋਲ ਸੰਚਾਲਨ ਨੂੰ ਵਧੇਰੇ ਪਾਰਦਰਸ਼ੀ ਅਤੇ ਭਰੋਸੇਮੰਦ ਬਣਾਉਣਾ ਹੈ। ਡਿਜੀਟਲ ਭੁਗਤਾਨ ਵਿਵਸਥਾ ਲਾਗੂ ਹੋਣ ਨਾਲ ਟੋਲ ਪਲਾਜ਼ਿਆਂ 'ਤੇ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਅਤੇ ਇੰਤਜ਼ਾਰ ਦਾ ਸਮਾਂ ਘਟੇਗਾ, ਜਿਸ ਨਾਲ ਯਾਤਰੀਆਂ ਦਾ ਸਫ਼ਰ ਸੁਖਾਲਾ ਹੋ ਜਾਵੇਗਾ। ਅੰਕੜਿਆਂ ਅਨੁਸਾਰ, ਨਕਦ ਲੈਣ-ਦੇਣ ਕਾਰਨ ਅਕਸਰ ਪੀਕ ਸਮੇਂ ਵਿੱਚ ਭੀੜ-ਭੜੱਕਾ ਹੁੰਦਾ ਹੈ ਅਤੇ ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਵਿਵਾਦ ਪੈਦਾ ਹੁੰਦੇ ਹਨ, ਜਿਨ੍ਹਾਂ ਨੂੰ ਹੁਣ ਜੜ੍ਹੋਂ ਖ਼ਤਮ ਕੀਤਾ ਜਾ ਸਕੇਗਾ। 98 ਫੀਸਦੀ ਤੱਕ ਪਹੁੰਚ ਪਿਛਲੇ ਕੁਝ ਸਾਲਾਂ ਵਿੱਚ ਦੇਸ਼ ਵਿੱਚ ਟੋਲ ਵਸੂਲੀ ਦਾ ਤਰੀਕਾ ਪੂਰੀ ਤਰ੍ਹਾਂ ਬਦਲ ਗਿਆ ਹੈ। ਵਰਤਮਾਨ ਵਿੱਚ 98 ਫੀਸਦੀ ਤੋਂ ਵੱਧ ਵਾਹਨਾਂ 'ਤੇ ਲੱਗਾ ਹੋਇਆ ਹੈ, ਜਿਸ ਨਾਲ ਬਿਨਾਂ ਰੁਕੇ ਸਫ਼ਰ ਕਰਨਾ ਸੰਭਵ ਹੋਇਆ ਹੈ। ਇਸ ਦੇ ਨਾਲ ਹੀ ਟੋਲ ਪਲਾਜ਼ਿਆਂ 'ਤੇ ਰਾਹੀਂ ਭੁਗਤਾਨ ਦੀ ਸਹੂਲਤ ਵੀ ਸ਼ੁਰੂ ਕੀਤੀ ਜਾ ਚੁੱਕੀ ਹੈ, ਜਿਸ ਨਾਲ ਗਾਹਕਾਂ ਨੂੰ ਤੁਰੰਤ ਭੁਗਤਾਨ ਦੇ ਵਿਕਲਪ ਮਿਲ ਰਹੇ ਹਨ। ਵਰਤਮਾਨ ਨਿਯਮਾਂ ਵਿੱਚ ਜੁਰਮਾਨੇ ਦਾ ਪ੍ਰਬੰਧ ਮੌਜੂਦਾ ਨਿਯਮਾਂ ਮੁਤਾਬਕ, ਜੇਕਰ ਕੋਈ ਵਾਹਨ ਬਿਨਾਂ ਵੈਧ ਦੇ ਟੋਲ ਲੇਨ ਵਿੱਚ ਦਾਖਲ ਹੁੰਦਾ ਹੈ ਅਤੇ ਨਕਦ ਭੁਗਤਾਨ ਕਰਦਾ ਹੈ, ਤਾਂ ਉਸ ਤੋਂ ਨਿਰਧਾਰਿਤ ਫੀਸ ਦਾ ਦੁੱਗਣਾ (2 ਗੁਣਾ) ਵਸੂਲਿਆ ਜਾਂਦਾ ਹੈ। ਉੱਥੇ ਹੀ, ਰਾਹੀਂ ਭੁਗਤਾਨ ਕਰਨ 'ਤੇ 1.25 ਗੁਣਾ ਫੀਸ ਦੇਣੀ ਪੈਂਦੀ ਹੈ। ਨਵੀਂ ਵਿਵਸਥਾ ਲਾਗੂ ਹੋਣ ਤੋਂ ਬਾਅਦ ਦੇਸ਼ ਭਰ ਦੇ 1,150 ਤੋਂ ਵੱਧ ਟੋਲ ਪਲਾਜ਼ਿਆਂ 'ਤੇ ਨਕਦ ਲੈਣ-ਦੇਣ ਪੂਰੀ ਤਰ੍ਹਾਂ ਇਤਿਹਾਸ ਬਣ ਜਾਵੇਗਾ।

# 'ਆਪ' ਸਰਕਾਰ ਹਰ ਫਰੰਟ 'ਤੇ ਫੇਲ੍ਹ, ਜੇਲ੍ਹਾਂ ਬਣੀਆਂ 'ਸਟੂਡੀਓ' ਤੇ ਪੰਜਾਬ 'ਚ ਮਾਫੀਆ ਦਾ ਰਾਜ: ਤਰੁਣ ਚੁੱਘ

ਕੌਮੀ ਪਤ੍ਰਿਕਾ

ਜਾਲੰਧਰ/ਨਵੀਂ ਦਿੱਲੀ 25 ਫਰਵਰੀ। ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਨੇ ਪੰਜਾਬ ਦੀ ਮੌਜੂਦਾ ਸਥਿਤੀ ਨੂੰ ਲੈ ਕੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਤਿੱਖੇ ਹਮਲੇ ਕੀਤੇ ਹਨ। ਚੁੱਘ ਨੇ ਪੰਜਾਬ ਵਿੱਚ ਵਿਗੜ ਰਹੀ ਕਾਨੂੰਨ ਵਿਵਸਥਾ ਅਤੇ ਜੇਲ੍ਹਾਂ ਦੇ ਪ੍ਰਬੰਧਾਂ 'ਤੇ ਗੰਭੀਰ ਸਵਾਲ ਚੁੱਕਦਿਆਂ ਕਿਹਾ ਕਿ ਸੂਬਾ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਤ ਹੋਈ ਹੈ। ਕਪੂਰਥਲਾ ਜੇਲ੍ਹ ਵਿੱਚ ਨਸ਼ੇ ਦੀ ਸਪਲਾਈ ਹੋਣ ਦੀਆਂ ਖਬਰਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਤਰੁਣ ਚੁੱਘ ਨੇ ਕਿਹਾ ਕਿ ਜਿਹੜੀਆਂ ਜੇਲ੍ਹਾਂ ਅਪਰਾਧ ਰੋਕਣ ਲਈ ਬਣੀਆਂ ਸਨ, ਉਹ ਹੁਣ ਅਪਰਾਧੀਆਂ ਲਈ ਦਫ਼ਤਰ ਅਤੇ ਸਟੂਡੀਓ ਬਣ ਗਈਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਜੇਲ੍ਹਾਂ ਦੇ ਅੰਦਰੋਂ ਕੈਦੀਆਂ ਨੂੰ ਫ਼ੋਨ ਆ ਰਹੇ ਹਨ ਅਤੇ ਉੱਥੇ ਬੈਠ ਕੇ ਇੰਟਰਵਿਊ ਦਿੱਤੇ ਜਾ ਰਹੇ ਹਨ, ਜੋ ਕਿ ਬਹੁਤ ਹੀ ਦੁਖਦ ਅਤੇ ਚਿੰਤਾਜਨਕ ਹੈ। ਸੂਬੇ ਵਿੱਚ ਹੋ ਹੋ ਰਹੇ ਕਤਲਾਂ ਬਾਰੇ ਬੋਲਦਿਆਂ ਭਾਜਪਾ ਆਗੂ ਨੇ ਕਿਹਾ ਕਿ ਸਰਕਾਰ ਮਾਫੀਆ ਦੇ ਹੱਥਾਂ ਵਿੱਚ ਖੇਡ ਰਹੀ ਹੈ। 'ਆਪ' ਦੇ ਆਪਣੇ ਹੀ ਸਰਪੰਚ ਦੇ ਦਿਨ-ਦਿਹਾੜੇ ਹੋਏ ਕਤਲ ਦਾ ਹਵਾਲਾ




ਦਿੰਦਿਆਂ ਉਨ੍ਹਾਂ ਕਿਹਾ ਕਿ ਅੱਜ ਪੂਰਾ ਪੰਜਾਬ ਅਸੁਰੱਖਿਆ ਦੇ ਘੇਰੇ ਵਿੱਚ ਹੈ। ਚੁੱਘ ਅਨੁਸਾਰ ਸੂਬੇ ਵਿੱਚ ਡਰੋਨ ਰਾਹੀਂ ਹਥਿਆਰ ਆ ਰਹੇ ਹਨ ਅਤੇ ਨਸ਼ੇ ਦੀ 'ਹੋਮ ਡਿਲੀਵਰੀ' ਹੋ ਰਹੀ ਹੈ, ਜਿਸ ਕਾਰਨ ਸਰਕਾਰ ਦੇ ਸਾਰੇ ਦਾਅਵੇ ਫੋਕੇ ਸਾਬਤ ਹੋ ਰਹੇ ਹਨ। ਕਾਂਗਰਸ ਦੀ ਰੈਲੀ 'ਤੇ ਟਿੱਪਣੀ ਕਰਦਿਆਂ ਚੁੱਘ ਨੇ ਕਿਹਾ ਕਿ ਇਹ ਰੈਲੀ 'ਬੈਕਫਾਇਰ' ਹੋ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਦੇ ਸਮੇਂ ਮਨਰੇਗਾ ਭ੍ਰਿਸ਼ਟਾਚਾਰ ਅਤੇ ਲੁੱਟ ਦਾ ਅੱਡਾ ਬਣ ਗਈ ਸੀ, ਜਦਕਿ ਮੋਦੀ ਸਰਕਾਰ ਨੇ ਪਿੰਡਾਂ ਦੇ ਵਿਕਾਸ ਲਈ ਕੰਮ ਕੀਤਾ ਹੈ ਅਤੇ ਰੁਜ਼ਗਾਰ ਦੇ ਦਿਨ ਵਧਾ ਕੇ 185 ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਮੁਕਾਬਲੇ ਅੱਜ ਖੇਤੀਬਾੜੀ ਵਿਭਾਗ ਦਾ ਬਜਟ ਵੀ ਕਾਫੀ ਜ਼ਿਆਦਾ ਹੈ। ਨਵਜੋਤ ਕੌਰ ਸਿੱਧੂ ਦੇ ਬਿਆਨਾਂ ਅਤੇ ਕਾਂਗਰਸ ਦੀ ਅੰਦਰੂਨੀ ਖਿੱਚੋਤਾਣ 'ਤੇ ਚੁੱਘ ਨੇ ਕਿਹਾ ਕਿ ਕਾਂਗਰਸੀ ਆਗੂ ਇੱਕ-ਦੂਜੇ 'ਤੇ ਹੀ ਜ਼ਮੀਨਾਂ ਖਰੀਦਣ ਦੇ ਦੋਸ਼ ਲਗਾ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਵਿੱਚ ਦਲਿਤਾਂ ਦਾ ਅਪਮਾਨ ਹੋ ਰਿਹਾ ਹੈ ਅਤੇ ਇਹ ਉਨ੍ਹਾਂ ਦਾ ਅੰਦਰੂਨੀ ਮਾਮਲਾ ਹੈ ਕਿ ਉਨ੍ਹਾਂ ਵਿੱਚੋਂ ਕੌਣ ਸਹੀ ਹੈ ਅਤੇ ਕੌਣ ਗਲਤ।

# ਮਨੀਪੁਰ 'ਚ ਸੁਰੱਖਿਆ ਬਲਾਂ ਨੇ 20 ਏਕੜ ਅਫੀਮ ਦੀ ਖੇਤੀ ਕੀਤੀ ਨਸ਼ਟ, ਹਥਿਆਰ ਤੇ ਵਿਸਫੋਟਕ ਬਰਾਮਦ

ਏਜੰਸੀਆਂ

ਨੈਸ਼ਨਲ ਡੈਸਕ 25 ਫਰਵਰੀ। ਮਨੀਪੁਰ ਪੁਲਸ ਅਤੇ ਸੁਰੱਖਿਆ ਬਲਾਂ ਨੇ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਚਲਾਈ ਗਈ ਇੱਕ ਵੱਡੀ ਮੁਹਿੰਮ ਦੌਰਾਨ ਗੈਰ-ਕਾਨੂੰਨੀ ਅਫੀਮ (ਪੋਸਤ) ਦੀ ਖੇਤੀ ਨੂੰ ਨਸ਼ਟ ਕਰਨ ਅਤੇ ਅੱਤਵਾਦੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਇਸ ਕਾਰਵਾਈ ਦੌਰਾਨ ਭਾਰੀ ਮਾਤਰਾ ਵਿੱਚ ਘਾਤਕ ਹਥਿਆਰ, ਗੋਲਾ-ਬਾਰੂਦ ਅਤੇ ਵਿਸਫੋਟਕ ਬਰਾਮਦ ਕੀਤੇ ਗਏ ਹਨ। ਜਾਣਕਾਰੀ ਅਨੁਸਾਰ ਵਣ ਵਿਭਾਗ ਅਤੇ ਸੁਰੱਖਿਆ ਬਲਾਂ ਨੇ ਚੂਰਾਚਾਂਦਪੁਰ ਜ਼ਿਲ੍ਹੇ ਦੇ ਹਾਪੀ ਮੋਲਨ ਅਤੇ ਚਾਲਜਾਂਗ ਪਹਾੜੀ ਇਲਾਕਿਆਂ ਵਿੱਚ ਸਾਂਝਾ ਆਪ੍ਰੇਸ਼ਨ ਚਲਾਇਆ। ਇਸ ਦੌਰਾਨ ਲਗਭਗ 20 ਏਕੜ ਰਕਬੇ ਵਿੱਚ ਫੈਲੀ ਅਫੀਮ ਦੀ ਖੇਤੀ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਦਿੱਤਾ ਗਿਆ ਅਤੇ ਮੌਕੇ 'ਤੇ ਬਣੀ ਇੱਕ ਅਸਥਾਈ ਝੌਂਪੜੀ ਨੂੰ ਵੀ ਢਾਹ ਦਿੱਤਾ ਗਿਆ। ਮਣੀਪੁਰ ਸੈਂਟਰਲ ਜੇਲ੍ਹ, ਸਾਜੀਵਾ ਵਿੱਚ ਤਾਇਨਾਤ ਇੱਕ ਵਾਰਡਨ, ਸਈਦ ਸ਼ਾਹ ਨੂੰ ਕੈਦੀਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਮੋਬਾਈਲ ਫ਼ੋਨ ਮੁਹੱਈਆ ਕਰਵਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਅਨੁਸਾਰ ਉਹ ਉਨ੍ਹਾਂ ਕੈਦੀਆਂ ਦੀ ਮਦਦ ਕਰ ਰਿਹਾ ਸੀ ਜਿਨ੍ਹਾਂ 'ਤੇ ਗੈਰ-ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਦੇ ਤਹਿਤ ਮਾਮਲੇ ਦਰਜ ਹਨ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਜੇਲ੍ਹ ਦੇ ਅੰਦਰੋਂ ਮੁਲਜ਼ਮ ਵਾਰਡਨ ਦੇ ਯੂ.ਪੀ.ਆਈ. ਖਾਤੇ ਰਾਹੀਂ ਵਿੱਤੀ ਲੈਣ-ਦੇਣ ਵੀ ਕੀਤਾ ਜਾ ਰਿਹਾ ਸੀ। ਵੱਖ-ਵੱਖ ਅਭਿਆਨਾਂ ਦੌਰਾਨ ਇੰਫਾਲ ਪੱਛਮੀ ਅਤੇ ਥੌਬਲ ਜ਼ਿਲ੍ਹਿਆਂ ਤੋਂ ਪਾਬੰਦੀਸ਼ੁਦਾ ਜਥੇਬੰਦੀਆਂ ਦੇ ਤਿੰਨ ਸਰਗਰਮ ਕੈਡਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਤਲਾਸ਼ੀ ਮੁਹਿੰਮ ਦੌਰਾਨ ਸੁਰੱਖਿਆ ਬਲਾਂ ਨੇ ਇੱਕ ਏ.ਕੇ.-47 ਰਾਈਫਲ ਮੈਗਜ਼ੀਨ, ਦੋ .303 ਰਾਈਫਲਾਂ, ਤਿੰਨ ਹੈਂਡ ਗ੍ਰਨੇਡ, ਪੰਜ ਆਈ.ਈ.ਡੀ. (954), ਇੱਕ ਟਿਊਬ ਲਾਂਚਰ ਅਤੇ ਕਈ ਜਿੰਦਾ ਕਾਰਤੂਸ ਬਰਾਮਦ ਕੀਤੇ ਹਨ। ਮੋਰੇਹ ਇਲਾਕੇ ਵਿੱਚੋਂ ਦੋ ਚੀਨੀ ਹੈਂਡ ਗ੍ਰਨੇਡ ਵੀ ਬਰਾਮਦ ਹੋਏ, ਜਿਨ੍ਹਾਂ ਨੂੰ ਬਾਅਦ ਵਿੱਚ ਨਸ਼ਟ ਕਰ ਦਿੱਤਾ ਗਿਆ। ਜਾਣਕਾਰੀ ਦਿੰਦਿਆ ਦੱਸਿਆ ਕਿ ਜਿਰੀਬਾਮ ਜ਼ਿਲ੍ਹੇ ਵਿੱਚ ਸੁਰੱਖਿਆ ਬਲਾਂ ਨੇ ਗੈਰ-ਕਾਨੂੰਨੀ ਲੱਕੜ ਨਾਲ ਲੱਦਿਆ ਇੱਕ ਟਰੱਕ ਰੋਕਿਆ। ਟਰੱਕ ਵਿੱਚੋਂ 120 ਫੈਂਟਾ ਬੀਮ ਲੱਕੜ ਬਰਾਮਦ ਕੀਤੀ ਗਈ। ਪੁਲਿਸ ਨੇ ਇਸ ਮਾਮਲੇ ਵਿੱਚ ਰਾਜਸਥਾਨ ਦੇ ਰਹਿਣ ਵਾਲੇ ਡਰਾਈਵਰ ਪ੍ਰੇਮਚੰਦ ਅਤੇ ਵਾਹਨ ਮਾਲਕ ਨਾਰਾਇਣ ਲਾਲ ਬਜਿਆ ਨੂੰ ਗ੍ਰਿਫ਼ਤਾਰ ਕਰਕੇ ਵਣ ਵਿਭਾਗ ਦੇ ਹਵਾਲੇ ਕਰ ਦਿੱਤਾ ਹੈ।



## ਭਾਰਤੀਆਂ ਲਈ ਇਸ ਦੇਸ਼ ਨੇ ਸਾਰੀਆਂ ਵੀਜ਼ਾ ਸੇਵਾਵਾਂ ਕੀਤੀਆਂ ਬਹਾਲ

ਨਵੀਂ ਦਿੱਲੀ/ਢਾਕਾ 25 ਫਰਵਰੀ। ਭਾਰਤ ਤੇ ਬੰਗਲਾਦੇਸ਼ ਦੇ ਰਿਸ਼ਤਿਆਂ ਵਿੱਚ ਆਈ ਕੁੜੱਤਣ ਨੂੰ ਦੂਰ ਕਰਨ ਵੱਲ ਇੱਕ ਵੱਡਾ ਕਦਮ ਚੁੱਕਦਿਆਂ, ਦਿੱਲੀ ਸਥਿਤ ਬੰਗਲਾਦੇਸ਼ ਹਾਈ ਕਮਿਸ਼ਨ ਨੇ ਭਾਰਤੀ ਨਾਗਰਿਕਾਂ ਲਈ ਸਾਰੀਆਂ ਵੀਜ਼ਾ ਸੇਵਾਵਾਂ ਅਧਿਕਾਰਤ ਤੌਰ 'ਤੇ ਮੁੜ ਸ਼ੁਰੂ ਕਰ ਦਿੱਤੀਆਂ ਹਨ। ਇਹ ਅਹਿਮ ਫੈਸਲਾ ਤਾਰਿਕ ਰਹਿਮਾਨ ਦੇ ਬੰਗਲਾਦੇਸ਼ ਦੇ ਨਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣ ਦੇ ਮਹਿਜ਼ ਤਿੰਨ ਦਿਨਾਂ ਬਾਅਦ ਲਿਆ ਗਿਆ ਹੈ, ਜੋ ਨਵੀਂ ਦਿੱਲੀ ਪ੍ਰਤੀ ਢਾਕਾ ਦੀ ਵਿਦੇਸ਼ ਨੀਤੀ 'ਚ ਇੱਕ ਵੱਡੀ ਤਬਦੀਲੀ ਦਾ ਸੰਕੇਤ ਹੈ। ਜ਼ਿਕਰਯੋਗ ਹੈ ਕਿ ਦਸੰਬਰ 2025 'ਚ ਭਾਰਤ ਵਿਰੋਧੀ ਵਿਦਿਆਰਥੀ ਆਗੂ ਸ਼ਰੀਫ਼ ਉਸਮਾਨ ਹਾਦੀ ਦੀ ਹੱਤਿਆ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਭਾਰੀ ਗਿਰਾਵਟ ਆਈ ਸੀ। ਇਸ ਘਟਨਾ ਤੋਂ ਬਾਅਦ ਬੰਗਲਾਦੇਸ਼ ਵਿੱਚ ਹੋਏ ਵਿਰੋਧ ਪ੍ਰਦਰਸ਼ਨਾਂ ਦੌਰਾਨ ਚਟਗਾਂਵ ਵਿੱਚ ਭਾਰਤੀ ਸਹਾਇਕ ਹਾਈ ਕਮਿਸ਼ਨ 'ਤੇ ਪੱਥਰਬਾਜ਼ੀ ਕੀਤੀ ਗਈ ਸੀ, ਜਿਸ ਕਾਰਨ 21 ਦਸੰਬਰ ਤੋਂ ਵੀਜ਼ਾ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਗਈਆਂ ਸਨ। ਲਗਭਗ ਦੋ ਮਹੀਨਿਆਂ ਦੀ ਰੋਕ ਤੋਂ ਬਾਅਦ, ਹੁਣ ਟੂਰਿਸਟ ਵੀਜ਼ਾ ਸਮੇਤ ਸਾਰੀਆਂ ਸ਼੍ਰੇਣੀਆਂ ਨੂੰ ਪੂਰੀ ਤਰ੍ਹਾਂ ਚਾਲੂ ਕਰ ਦਿੱਤਾ ਗਿਆ ਹੈ। ਬੰਗਲਾਦੇਸ਼ ਦੇ ਇਸ ਫੈਸਲੇ ਤੋਂ ਬਾਅਦ ਭਾਰਤ ਨੇ ਵੀ ਅਜਿਹਾ ਹੀ ਕਦਮ ਚੁੱਕਿਆ ਹੈ। ਸਿਲਹਟ ਵਿੱਚ ਭਾਰਤ ਦੇ ਸੀਨੀਅਰ ਕੌਂਸਲਰ ਅਧਿਕਾਰੀ ਅਨਿਰੁੱਧ ਦਾਸ ਨੇ ਪੁਸ਼ਟੀ ਕੀਤੀ ਹੈ ਕਿ ਨਵੀਂ ਦਿੱਲੀ ਵੀ ਬੰਗਲਾਦੇਸ਼ੀ ਨਾਗਰਿਕਾਂ ਲਈ ਸਾਰੀਆਂ ਵੀਜ਼ਾ ਸ਼੍ਰੇਣੀਆਂ ਨੂੰ ਬਹਾਲ ਕਰਨ ਲਈ ਕੰਮ ਕਰ ਰਹੀ ਹੈ। ਫਿਲਹਾਲ ਭਾਰਤ ਵੱਲੋਂ ਮੈਡੀਕਲ ਅਤੇ ਡਬਲ-ਐਂਟਰੀ ਵੀਜ਼ਾ ਨੂੰ ਪਹਿਲ ਦਿੱਤੀ ਜਾ ਰਹੀ ਹੈ, ਪਰ ਜਲਦੀ ਹੀ ਆਮ ਵੀਜ਼ਾ ਸੇਵਾਵਾਂ ਵੀ ਪੂਰੀ ਤਰ੍ਹਾਂ ਸ਼ੁਰੂ ਹੋ ਜਾਣਗੀਆਂ। ਦੋਵਾਂ ਦੇਸ਼ਾਂ ਵਿਚਾਲੇ ਦੁਬਾਰਾ ਬਣ ਰਹੀ ਸਾਂਝ ਦੀ ਪੁਸ਼ਟੀ ਇਸ ਗੱਲ ਤੋਂ ਵੀ ਹੁੰਦੀ ਹੈ ਕਿ ਭਾਰਤੀ ਲੋਕ ਸਭਾ ਸਪੀਕਰ ਓਮ ਬਿਰਲਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨੁਮਾਇੰਦੇ ਵਜੋਂ ਤਾਰਿਕ ਰਹਿਮਾਨ ਦੇ ਸਹੁੰ ਚੁੱਕ ਸਮਾਗਮ ਵਿੱਚ ਸ਼ਿਰਕਤ ਕੀਤੀ ਸੀ। ਉਨ੍ਹਾਂ ਨੇ ਪੀ.ਐਮ. ਮੋਦੀ ਵੱਲੋਂ ਤਾਰਿਕ ਰਹਿਮਾਨ ਨੂੰ ਭਾਰਤ ਆਉਣ ਦਾ ਰਸਮੀ ਸੱਦਾ ਵੀ ਦਿੱਤਾ ਹੈ। ਮਾਹਿਰਾਂ ਅਨੁਸਾਰ, ਇਹ ਪਿਛਲੀ ਮੁਹੰਮਦ ਯੂਨਸ ਸਰਕਾਰ ਦੀਆਂ ਨੀਤੀਆਂ ਤੋਂ ਇੱਕ ਵੱਡਾ ਬਦਲਾਅ ਹੈ, ਜਿਨ੍ਹਾਂ ਨੇ ਭਾਰਤ ਦੀ ਬਜਾਏ ਚੀਨ ਨੂੰ ਪਹਿਲ ਦਿੱਤੀ ਸੀ। ਹੁਣ ਤਾਰਿਕ ਰਹਿਮਾਨ ਦੀ ਅਗਵਾਈ ਵਿੱਚ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ ਭਾਰਤ ਨਾਲ ਰਿਸ਼ਤੇ ਸਥਿਰ ਕਰਨ ਨੂੰ ਆਪਣੀ ਮੁੱਖ ਤਰਜੀਹ ਬਣਾ ਰਹੀ ਹੈ।

## ਸਾਵਧਾਨ ! ਤੇਜ਼ੀ ਨਾਲ ਫੈਲ ਰਿਹਾ ਹੈ ਚਿਕਨਪੌਕਸ, ਐਡਵਾਇਜ਼ਰੀ ਜਾਰੀ

ਤਿਰੁਵਨੰਤਪੁਰਮ 25 ਫਰਵਰੀ। ਕੇਰਲ ਦੇ ਵੱਖ-ਵੱਖ ਹਿੱਸਿਆਂ 'ਚ ਚੇਚਕ (ਚਿਕਨਪੌਕਸ) ਦੇ ਮਾਮਲਿਆਂ ' ਲਗਾਤਾਰ ਵਾਧੇ ਨੂੰ ਦੇਖਦੇ ਹੋਏ ਸਿਹਤ ਵਿਭਾਗ ਨੇ ਜਨਤਕ ਸਲਾਹ ਜਾਰੀ ਕੀਤੀ ਹੈ, ਜਿਸ 'ਚ ਲੋਕਾਂ ਨੂੰ ਵਧੇਰੇ ਚੌਕਸ ਰਹਿਣ ਅਤੇ ਬਚਾਅ ਦੇ ਸਖ਼ਤ ਉਪਾਅ ਅਪਣਾਉਣ ਦੀ ਅਪੀਲ ਕੀਤੀ ਗਈ ਹੈ। ਸਿਹਤ ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਮੌਸਮ 'ਚ ਤਬਦੀਲੀ ਅਤੇ ਲੋਕਾਂ ਦੇ ਇਕ-ਦੂਜੇ ਦੇ ਸੰਪਰਕ 'ਚ ਆਉਣ ਨਾਲ ਇਨਫੈਕਸ਼ਨ ਫੈਲਣ 'ਚ ਮਦਦ ਮਿਲ ਰਹੀ ਹੈ। ਵੈਰਿਕੇਲਾ-ਜ਼ੋਸਟਰ ਵਾਇਰਸ ਕਾਰਨ ਹੋਣ ਵਾਲਾ ਚਿਕਨਪੌਕਸ, ਸੰਕਰਮਿਤ ਵਿਅਕਤੀਆਂ ਨਾਲ ਸਿੱਧੇ ਸੰਪਰਕ 'ਚ ਆਉਣ ਜਾਂ ਚਮੜੀ 'ਤੇ ਬਣੇ ਛਾਲਿਆਂ ਦੇ ਤਰਲ ਪਦਾਰਥ ਦੇ ਸੰਪਰਕ 'ਚ ਆਉਣ ਨਾਲ ਤੇਜ਼ੀ ਨਾਲ ਫੈਲਦਾ ਹੈ। ਇਹ ਬੀਮਾਰੀ ਆਮ ਤੌਰ 'ਤੇ ਬੱਚਿਆਂ 'ਚ ਹਲਕੀ ਹੁੰਦੀ ਹੈ ਪਰ ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਗਰਭਵਤੀ ਔਰਤਾਂ, ਨਵਜੰਮੇ ਬੱਚਿਆਂ, ਬਜ਼ੁਰਗਾਂ ਅਤੇ ਕਮਜ਼ੋਰ ਇਮਿਊਨ ਸਿਸਟਮ ਵਾਲੇ ਲੋਕਾਂ 'ਚ ਇਹ ਗੰਭੀਰ ਸਥਿਤੀ ਪੈਦਾ ਕਰ ਸਕਦੀ ਹੈ। ਡਾਕਟਰਾਂ ਨੇ ਦੱਸਿਆ ਕਿ ਬੀਮਾਰੀ ਦੀ ਸ਼ੁਰੂਆਤ ਆਮ ਤੌਰ 'ਤੇ ਬੁਖ਼ਾਰ, ਥਕਾਵਟ, ਸਿਰਦਰਦ ਅਤੇ ਸਰੀਰ ਦਰਦ ਨਾਲ ਹੁੰਦੀ ਹੈ, ਜਿਸ ਤੋਂ ਬਾਅਦ ਖਾਰਸ਼ ਵਾਲੇ ਦਾਣੇ ਨਿਕਲਣ ਲੱਗਦੇ ਹਨ, ਜੋ ਬਾਅਦ 'ਚ ਤਰਲ ਪਦਾਰਥ ਨਾਲ ਭਰੇ ਛਾਲਿਆਂ 'ਚ ਬਦਲ ਜਾਂਦੇ ਹਨ। ਮਰੀਜ਼ ਦਾਣੇ ਦਿੱਸਣ ਤੋਂ ਇਕ ਤੋਂ 2 ਦਿਨ ਪਹਿਲਾਂ ਤੋਂ ਲੈਕੇ ਸਾਰੇ ਛਾਲਿਆਂ ਦੇ ਸੁੱਕਣ ਅਤੇ ਪਪੜੀ ਬਣਨ ਤੱਕ ਸੰਕਰਮਿਤ ਰਹਿੰਦੇ ਹਨ, ਇਸ ਲਈ ਸੰਕਰਮਣ ਨੂੰ ਫੈਲਣ ਤੋਂ ਰੋਕਣ ਲਈ ਸ਼ੁਰੂਆਤੀ ਆਈਸੋਲੇਸ਼ਨ ਬਹੁਤ ਮਹੱਤਵਪੂਰਨ ਹੈ। ਸਿਹਤ ਅਧਿਕਾਰੀਆਂ ਨੇ ਲੱਛਣ ਦਿੱਸਣ ਵਾਲੇ ਵਿਅਕਤੀਆਂ ਨੂੰ ਸਕੂਲ ਅਤੇ ਕੰਮ ਵਾਲੀਆਂ ਥਾਵਾਂ ਸਮੇਤ ਭੀੜ ਵਾਲੀਆਂ ਥਾਵਾਂ 'ਤੇ ਜਾਣ ਤੋਂ ਬਚਣ ਅਤੇ ਖ਼ੁਦ ਦਵਾਈ ਲੈਣ ਦੀ ਬਜਾਏ ਤੁਰੰਤ ਡਾਕਟਰ ਤੋਂ ਸਲਾਹ ਲੈਣੀ ਚਾਹੀਦੀ ਹੈ। ਨਿੱਜੀ ਸਫ਼ਾਈ ਬਣਾਏ ਰੱਖਣਾ, ਖੰਘ ਅਤੇ ਛਿੱਕਦੇ ਸਮੇਂ ਮੂੰਹ ਢੱਕਣਾ ਅਤੇ ਨਿੱਜੀ ਵਸਤੂਆਂ ਸਾਂਝੀਆਂ ਕਰਨ ਤੋਂ ਬਚਣਾ ਵੀ ਮੁੱਖ ਰੋਕਥਾਮ ਉਪਾਅ ਹਨ। ਚਿਕਨਪੌਕਸ ਦਾ ਟੀਕਾ ਹਾਲਾਂਕਿ ਉਪਲੱਬਧ ਹੈ ਪਰ ਇਹ ਸੂਬੇ ਦੇ ਨਿਯਮਿਤ ਟੀਕਾਕਰਨ ਦਾ ਹਿੱਸਾ ਨਹੀਂ ਹੈ। ਇਸ ਦੇ ਬਾਵਜੂਦ ਮੈਡੀਕਲ ਮਾਹਿਰਾਂ ਨੇ ਉਨ੍ਹਾਂ ਲੋਕਾਂ ਲਈ ਟੀਕਾਕਰਨ ਦੀ ਸਿਫ਼ਾਰਿਸ਼ ਕੀਤੀ ਹੈ, ਜਿਨ੍ਹਾਂ ਨੂੰ ਪਹਿਲਾਂ ਇਹ ਬੀਮਾਰੀ ਨਹੀਂ ਹੋਈ ਹੈ, ਵਿਸ਼ੇਸ਼ ਰੂਪ ਨਾਲ ਹੋਸਟਲ ਜਾਂ ਹੋਰ ਸੰਘਣੀ ਆਬਾਦੀ ਵਾਲੀਆਂ ਥਾਵਾਂ 'ਤੇ ਰਹਿਣ ਵਾਲੇ ਲੋਕਾਂ ਲਈ। ਅਧਿਕਾਰੀਆਂ ਨੇ ਜ਼ੋਰ ਦਿੱਤਾ ਕਿ ਜਿਵੇਂ-ਜਿਵੇਂ ਰਾਜ ਸਥਿਤੀ ਦੀ ਨਿਗਰਾਨੀ ਕਰ ਰਿਹਾ ਹੈ, ਇਨਫੈਕਸ਼ਨ ਨੂੰ ਰੋਕਣ ਤੋਂ ਬਚਣ ਲਈ ਸਮੇਂ 'ਤੇ ਪਛਾਣ ਅਤੇ ਜਨਤਾ ਦਾ ਸਹਿਯੋਗ ਜ਼ਰੂਰੀ ਹੈ।

# ਮਿਰਜ਼ਾਪੁਰ 'ਚ ਪਹਾੜ-ਜੰਗਲ ਕੱਟ ਗੈਰ-ਕਾਨੂੰਨੀ ਪਲਾਟ ਤੇ ਫਾਰਮ ਹਾਊਸ ਵੇਚ ਰਿਹਾ ਹੈ ਭੂ-ਮਾਫੀਆ : ਵਿਨੀਤ ਜੋਸ਼ੀ

ਕੌਮੀ ਪਤ੍ਰਿਕਾ

ਚੰਡੀਗੜ੍ਹ 25 ਫਰਵਰੀ। ਖਰੜ ਵਿਧਾਨ ਸਭਾ ਹਲਕੇ ਦੇ ਅਧੀਨ ਮਾਜਰੀ ਬਲਾਕ ਦੇ ਪਿੰਡ ਮਿਰਜ਼ਾਪੁਰ ਵਿੱਚ ਭੂ-ਮਾਫੀਆ ਪਿੰਡ ਦੇ ਪਹਾੜ ਅਤੇ ਜੰਗਲ ਨੂੰ ਸਮਤਲ ਕਰਕੇ, ਪਲਾਟ ਅਤੇ



ਫਾਰਮ ਹਾਊਸ ਕੱਟ ਕੇ, ਗੈਰਕਾਨੂੰਨੀ ਤਰੀਕੇ ਨਾਲ ਵੇਚ ਰਿਹਾ ਹੈ। ਇਹ ਕਹਿਣਾ ਪੰਜਾਬ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਵਿਨੀਤ ਜੋਸ਼ੀ ਦਾ ਹੈ, ਜਿਨ੍ਹਾਂ ਨੇ ਪਿੰਡ ਵਾਸੀਆਂ ਦੇ ਬੁਲਾਉਣ 'ਤੇ ਮਾਜਰੀ ਮੰਡਲ ਪ੍ਰਧਾਨ ਮੋਹਿਤ ਗੌਤਮ ਦੇ ਨਾਲ ਮੌਕੇ ਦਾ ਨਿਰੀਖਣ ਕਰਕੇ ਤਬਾਹ ਕੀਤੇ ਗਏ ਜੰਗਲ ਅਤੇ ਪਹਾੜ ਵੇਖੇ। ਉਨ੍ਹਾਂ ਕਿਹਾ ਕਿ ਭੂ-ਮਾਫੀਆ ਇੰਨਾ ਦਬੰਗ ਹੈ ਕਿ ਪਹਾੜਾਂ ਨਾਲ ਛੇੜਛਾੜ 'ਤੇ ਪਾਬੰਦੀ ਹੋਣ ਦੇ ਬਾਵਜੂਦ ਉਹਨਾਂ ਨੂੰ ਕੱਟ ਕੇ ਬਰਸਾਤੀ ਨਾਲ੍ਹੇ/ਚੋਅ ਵਿੱਚ ਮਿੱਟੀ ਭਰ ਕੇ ਗੈਰਕਾਨੂੰਨੀ ਤੌਰ 'ਤੇ ਵੇਚੇ ਜਾ ਰਹੇ ਫਾਰਮ ਹਾਊਸਾਂ ਅਤੇ ਪਲਾਟਾਂ ਲਈ ਰਸਤੇ ਤਿਆਰ ਕਰ ਰਿਹਾ ਹੈ। ਇਸ ਕਾਰਵਾਈ ਦੌਰਾਨ ਕੁਦਰਤੀ ਚੋਅ ਦਾ ਰਾਹ ਬਦਲਿਆ ਜਾ ਰਿਹਾ ਹੈ ਅਤੇ ਗੱਡੀਆਂ ਦੀ ਆਵਾਜਾਈ ਲਈ ਕੁਦਰਤ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਗਮਾਡਾ, ਮਾਈਨਿੰਗ, ਫਾਰੈਸਟ, ਜੰਗਲੀ ਜੀਵ ਸੁਰੱਖਿਆ, ਮਾਲ ਮਹਿਕਮਾ, ਪੰਚਾਇਤ ਅਤੇ ਪਿੰਡ ਵਿਕਾਸ, ਪੁਲਸ ਆਦਿ ਸਾਰੇ ਸਰਕਾਰੀ ਵਿਭਾਗਾਂ ਦੀ ਪਰਵਾਹ ਬਿਨਾਂ ਪਹਾੜਾਂ ਅਤੇ ਉਬੜ-ਖਾਬੜ ਜ਼ਮੀਨ ਨੂੰ ਸਮਤਲ ਕਰ ਕੇ ਫਾਰਮ ਹਾਊਸ ਅਤੇ ਪਲਾਟ ਵੇਚੇ ਜਾ ਰਹੇ ਹਨ। ਜੰਗਲੀ ਘਾਹ-ਫੂਸ, ਸਰਕੰਡੇ ਅਤੇ ਦਰੱਖਤ ਕੱਟ ਕੇ ਲੋਹੇ ਦੀ ਜਾਲੀ ਲਗਾ ਕੇ ਜ਼ਮੀਨ ਵੇਚਣ ਲਈ ਤਿਆਰ ਕੀਤੀ ਜਾ ਰਹੀ ਹੈ, ਜਦਕਿ ਸਰਕਾਰੀ ਅਧਿਕਾਰੀ ਚੁੱਪ ਹਨ। ਜੋਸ਼ੀ ਨੇ ਦੱਸਿਆ ਕਿ ਜਿਸ ਜ਼ਮੀਨ ਦੀ ਵਿਕਰੀ ਕੀਤੀ ਜਾ ਰਹੀ ਹੈ, ਉਹ "ਮੁਸ਼ਤਰਕਾ-ਮਾਲਕਾਨ"ਹੈ, ਅਰਥਾਤ ਅਜਿਹੀ ਜ਼ਮੀਨ ਜੋ ਕਈ ਮਾਲਕਾਂ/ਹਿੱਸੇਦਾਰਾਂ ਦੀ ਸਾਂਝੀ ਮਿਲਕੀਅਤ ਹੁੰਦੀ ਹੈ। ਇਸ ਜ਼ਮੀਨ ਦੇ ਲਗਭਗ 500 ਹਿੱਸੇਦਾਰ ਹਨ ਅਤੇ ਅਜੇ ਤੱਕ ਇਸ ਦਾ ਵਿਧੀਸੰਮਤ ਤਕਸੀਮ (ਵੰਡ) ਨਹੀਂ ਹੋਈ। ਸਰਕਾਰੀ ਰਿਕਾਰਡ ਵਿੱਚ ਇਹ ਸਪਸ਼ਟ ਨਹੀਂ ਕਿ ਕਿਸ ਹਿੱਸੇਦਾਰ ਦਾ ਹਿੱਸਾ ਕਿੱਥੇ ਹੈ। ਉਨ੍ਹਾਂ ਕਿਹਾ ਕਿ ਪਟਵਾਰੀ, ਕਾਨੂੰਨਗੋ, ਤਹਿਸੀਲਦਾਰ ਅਤੇ ਐੱਸਡੀਐੱਮ ਦੀ ਹਾਜ਼ਰੀ ਵਿੱਚ ਮਾਲ ਵਿਭਾਗ ਵੱਲੋਂ ਜ਼ਮੀਨ ਦੀ ਤਕਸੀਮ ਕਰ ਕੇ ਹਰ ਹਿੱਸੇਦਾਰ ਦੇ ਹਿੱਸੇ ਦੀ ਪਹਿਚਾਣ ਕੀਤੀ ਜਾਂਦੀ ਹੈ, ਜੋ ਅਜੇ ਤੱਕ ਨਹੀਂ ਹੋਈ। ਅਜਿਹੇ ਵਿੱਚ ਸਵਾਲ ਉੱਠਦਾ ਹੈ ਕਿ ਬਿਨਾਂ ਕਾਨੂੰਨੀ ਤਕਸੀਮ ਦੇ ਸਿਰਫ਼ ਕਿਸੇ ਇਕ ਹਿੱਸੇਦਾਰ ਤੋਂ ਕਥਿਤ ਖਰੀਦ ਦੇ ਆਧਾਰ 'ਤੇ ਭੂ-ਮਾਫੀਆ ਜ਼ਮੀਨ 'ਤੇ ਕਬਜ਼ਾ ਕਿਵੇਂ ਕਰ ਸਕਦਾ ਹੈ? ਪਿੰਡ ਮਿਰਜ਼ਾਪੁਰ ਦੇ ਵਾਸੀਆਂ ਨੇ ਇਲਾਕੇ ਦੇ ਐੱਸ.ਐੱਚ.ਓ., ਡੀਐੱਸਪੀ, ਐੱਸਐੱਸਪੀ ਆਦਿ ਨੂੰ ਇਸ ਫ?ਰੌਡ/ਧੋਖਾਧੜੀ ਬਾਰੇ ਸ਼ਿਕਾਇਤ ਦਿੱਤੀ, ਪਰ ਪੰਜਾਬ ਪੁਲਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਜੋਸ਼ੀ ਨੇ ਕਿਹਾ ਕਿ ਡੀਸੀ ਮੋਹਾਲੀ, ਐੱਸਡੀਐੱਮ ਖਰੜ, ਤਹਿਸੀਲਦਾਰ ਮਾਜਰੀ, ਕਾਨੂੰਨਗੋ ਮਾਜਰੀ ਅਤੇ ਪਿੰਡ ਮਿਰਜ਼ਾਪੁਰ ਦੇ ਪਟਵਾਰੀ ਦੀ ਇਸ ਮਾਮਲੇ 'ਤੇ ਚੁੱਪੀ ਸਾਫ਼ ਦਰਸਾਉਂਦੀ ਹੈ ਕਿ ਸਰਕਾਰੀ ਅਧਿਕਾਰੀਆਂ ਤੇ ਪੰਜਾਬ ਪੁਲਸ ਦੀ ਭੂ-ਮਾਫੀਆ ਨਾਲ ਸਾਂਠ-ਗਾਂਠ ਹੈ। ਜੇ ਅਜਿਹਾ ਨਹੀਂ ਹੈ ਤਾਂ ਸਿਵਲ ਪ੍ਰਸ਼ਾਸਨ ਤੁਰੰਤ ਕਾਰਵਾਈ ਕਰੇ ਅਤੇ ਪਿੰਡ ਵਾਸੀਆਂ ਵੱਲੋਂ 20 ਮਈ 2025 ਨੂੰ ਕੀਤੀ ਗਈ ਸ਼ਿਕਾਇਤ 'ਤੇ ਕਾਰਵਾਈ ਕਰਦੇ ਹੋਏ ਭੂ-ਮਾਫੀਆ ਨੂੰ ਗ੍ਰਿਫ਼ਤਾਰ ਕੀਤਾ ਜਾਵੇ।

## ਲਿਵ-ਇਨ-ਰਿਲੇਸ਼ਨਸ਼ਿਪ 'ਚ ਰਹਿ ਰਹੀ ਮਹਿਲਾ ਨੇ ਕੀਤੀ ਖ਼ੁਦਕੁਸ਼ੀ !

ਗੁਰੂਹਰਸਹਾਏ 25 ਫਰਵਰੀ। ਥਾਣਾ ਲੱਖੋਕੇ ਬਹਿਰਾਮ ਦੀ ਪੁਲਸ ਨੇ ਲਿਵ-ਇਨ-ਰਿਲੇਸ਼ਨਸ਼ਿਪ 'ਚ ਰਹਿ ਰਹੀ ਮਹਿਲਾ ਵੱਲੋਂ ਪ੍ਰੇਸ਼ਾਨ ਹੋ ਕੇ ਫਾਹਾ ਲਗਾ ਕੇ ਖ਼ੁਦਕੁਸ਼ੀ ਕਰ ਲਈ। ਇਸ ਮਾਮਲੇ 'ਚ ਮ੍ਰਿਤਕਾ ਦੇ ਪਿਤਾ ਦੇ ਬਿਆਨਾਂ 'ਤੇ ਇਕ ਨੌਜਵਾਨ ਅਤੇ ਉਸ ਦੀ ਮਾਂ ਦੇ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ।ਜ਼ਿਕਰਯੋਗ ਹੈ ਕਿ ਪੁਲਸ ਨੂੰ ਦਿੱਤੇ ਬਿਆਨ 'ਚ ਮ੍ਰਿਤਕ ਮਹਿਲਾ ਦੇ ਪਿਤਾ ਨੇ ਉਸ ਨੂੰ ਬੱਚਾ ਨਾ ਹੋਣ ਕਾਰਨ ਮੁਲਜ਼ਮਾਂ ਵੱਲੋਂ ਪ੍ਰੇਸ਼ਾਨ ਕੀਤੇ ਜਾਣ ਦਾ ਦੋਸ਼ ਲਾਇਆ ਹੈ। ?ਥਾਣਾ ਲੱਖੋਕੇ ਬਹਿਰਾਮ ਦੇ ਇੰਸਪੈਕਟਰ ਤਰਸੇਮ ਸ਼ਰਮਾ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨ 'ਚ ਸ਼ਿਕਾਇਤਕਰਤਾ ਪੱਪੂ ਪੁੱਤਰ ਬਿੱਲੂ ਸਿੰਘ ਵਾਸੀ ਚੱਕ ਰਾਧੇ ਵਾਲਾ ਥਾਣਾ ਬਹਾਵਵਾਲਾ ਨੇ ਦੱਸਿਆ ਕਿ ਉਸ ਦੀ ਬੇਟੀ ਜਸਪ੍ਰੀਤ ਕੌਰ (29) ਦਾ ਵਿਆਹ ਗੁਰਪਿਆਰ ਸਿੰਘ ਨਾਲ ਹੋਇਆ ਸੀ ਅਤੇ ਉਸ ਦੇ ਦੋ ਬੱਚੇ ਸਨ। ਸ਼ਿਕਾਇਤ ਕਰਤਾ ਨੇ ਦੱਸਿਆ ਕਿ ਉਸ ਦੀ ਬੇਟੀ ਜਸਪ੍ਰੀਤ ਕੌਰ ਆਪਣੀ ਮਰਜ਼ੀ ਨਾਲ ਸਿਮਰਜੀਤ ਸਿੰਘ ਪੁੱਤਰ ਹਰਜੀਤ ਸਿੰਘ ਵਾਸੀ ਕਾਲੋਨੀ ਪਿੰਡ ਅਲਫੂਕੇ ਦੇ ਨਾਲ ਲਿਵ-ਇਨ ਰਿਲੇਸ਼ਨਸ਼ਿਪ 'ਚ ਕਰੀਬ 3 ਮਹੀਨਿਆਂ ਤੋਂ ਰਹਿ ਰਹੀ ਸੀ ਅਤੇ ਜਸਪ੍ਰੀਤ ਕੌਰ ਨੂੰ ਬੱਚਾ ਨਾ ਹੋਣ ਕਾਰਨ ਸਿਮਰਜੀਤ ਸਿੰਘ ਅਤੇ ਦਰਸ਼ਨਾ ਕੌਰ ਉਸ ਨੂੰ ਪ੍ਰੇਸ਼ਾਨ ਕਰਦੇ ਸਨ। ਪੀੜਤ ਨੇ ਦੱਸਿਆ ਕਿ ਦੋਸ਼ੀਆਂ ਵੱਲੋਂ ਪ੍ਰੇਸ਼ਾਨ ਕੀਤੇ ਜਾਣ ਕਾਰਨ ਬੀਤੇ ਦਿਨ ਉਸ ਦੀ ਬੇਟੀ ਜਸਪ੍ਰੀਤ ਕੌਰ ਨੇ ਸਵੇਰੇ 4 ਵਜੇ ਫਾਹਾ ਲਗਾ ਕੇ ਖ਼ੁਦਕੁਸ਼ੀ ਕਰ ਲਈ ਸੀ। ਮਾਮਲੇ ਦੀ ਜਾਂਚ ਕਰ ਰਹੇ ਤਰਸੇਮ ਸ਼ਰਮਾ ਨੇ ਦੱਸਿਆ ਕਿ ਪੁਲਸ ਨੇ ਉਕਤ ਮਾਮਲੇ 'ਚ ਸਿਮਰਜੀਤ ਅਤੇ ਦਰਸ਼ਨਾ ਕੌਰ 'ਤੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।